ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 26 | 28 June to 04 July 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਅਮਰੀਕਾ ਤੇ ਭਾਰਤ ਦੀ ਪਾਕਿਸਤਾਨ ਨੂੰ ਚਿਤਾਵਨੀ

## *ਅਤਿਵਾਦੀਆਂ ਨੂੰ ਮਦਦ ਤੇ ਪਨਾਹ ਬੰਦ ਕੀਤੀ ਜਾਵੇ*

### ਟਰੰਪ ਤੇ ਮੋਦੀ ਦੀ ਵ੍ਹਾਈਟ ਹਾਊਸ ਮਿਲਣੀ 'ਚ ਅਹਿਮ ਵਿਚਾਰਾਂ ਤੇ ਫੈਸਲੇ



**ਵਾਸ਼ਿੰਗਟਨ ਡੀ. ਸੀ./ਬਿਊਰੋ ਬਿਊਜ਼:** ਭਾਰਤ ਅਤੇ ਅਮਰੀਕਾ ਅਤੇ ਭਾਰਤ ਨੇ ਸਾਂਝੇ ਤੌਰ ਉੱਤੇ ਪਾਕਿਸਤਾਨ ਨੂੰ ਸਖ਼ਤ ਚਿਤਾਵਨੀ ਦਿੰਦਿਆ ਕਿਹਾ ਹੈ ਕਿ ਉਹ ਅਪਣੀ ਧਰਤੀ ਤੋਂ ਅਤਿਵਾਦੀਆਂ ਨੂੰ ਉਤਸ਼ਾਹ ਤੇ ਪਨਾਹ ਦੇਣ ਬੰਦ ਕਰੇ। ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਮਰੀਕਾ ਫੇਰੀ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਗੱਲਬਾਤ ਦੌਰਾਨ ਦੋਵਾਂ ਮੁਲਕਾਂ ਨੇ ਇਸਲਾਮਿਕ ਸਟੇਟ, ਜੈਸ਼-ਏ-ਮੁਹੰਮਦ, ਲਸ਼ਕਰ-ਏ-ਤਾਇਬਾ ਅਤੇ ਡੀ-ਕੰਪਨੀ ਵਰਗੇ ਅੱਤਵਾਦੀ ਸੰਗਠਨਾਂ ਖ਼ਿਲਾਫ਼ ਸਹਿਯੋਗ ਹੋਰ ਮਜ਼ਬੂਤ ਕਰਨ ਦੀ ਵਚਨਬੱਧਤਾ ਪ੍ਰਗਟ ਕੀਤੀ ਅਤੇ ਪਾਕਿਸਤਾਨ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਹੋਰ ਦੇਸ਼ਾਂ ਖ਼ਿਲਾਫ਼ ਅੱਤਵਾਦੀ ਹਮਲਿਆਂ 'ਚ ਉਸ ਦੀ ਜ਼ਮੀਨ ਦੀ ਵਰਤੋਂ ਨਾ ਹੋਵੇ ਗ਼ ਇਸ ਤੋਂ ਇਲਾਵਾ ਦੋਹਾਂ ਆਗੂਆਂ ਨੇ ਆਰਥਿਕ ਸਹਿਯੋਗ ਵਧਾਉਣ 'ਤੇ ਜ਼ੋਰ ਦਿੱਤਾ। ਪ੍ਰਧਾਨ ਮੰਤਰੀ ਅਤੇ ਅਮਰੀਕੀ ਰਾਸ਼ਟਰਪਤੀ ਵਿਚਾਲੇ ਆਪਣੀ ਪਹਿਲੀ ਮੀਟਿੰਗ ਦੌਰਾਨ

ਬਾਕੀ ਸਫ਼ਾ 33 'ਤੇ

### ਟਰੰਪ ਦੀ ਪਹਿਲੀ ਕਾਨੂੰਨੀ ਜਿੱਤ

**ਵਾਸ਼ਿੰਗਟਨ//ਬਿਊਰੋ ਨਿਊਜ਼:** ਅਮਰੀਕੀ ਸੁਪਰੀਮ ਕੋਰਟ ਨੇ ਛੇ ਮੁਸਲਿਮ ਬਹੁ-ਗਿਣਤੀ ਮੁਲਕਾਂ ਦੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਡੋਨਲਡ ਟਰੰਪ ਦੇ ਯਾਤਰਾ ਪਾਬੰਦੀ ਵਾਲੇ ਵਿਵਾਦਤ ਫੈਸਲੇ ਨੂੰ ਅੰਸ਼ਕ ਤੌਰ 'ਤੇ ਬਹਾਲ ਕਰ ਦਿੱਤਾ। ਨਿਆਂ ਵਿਭਾਗ ਨੇ ਫੈਸਲਾ ਸੁਣਾਇਆ ਕਿ ਇਹ ਯਾਤਰਾ ਪਾਬੰਦੀ ਉਨ੍ਹਾਂ

ਬਾਕੀ ਸਫ਼ਾ 33 'ਤੇ

# 'ਦ ਬਲੈਕ ਪ੍ਰਿੰਸ' ਦੇਖ ਕੇ ਗੁਰਿੰਦਰ ਚੱਢਾ ਵੀ ਹੈਰਾਨ ਰਹਿ ਗਈ

## *ਇਤਿਹਾਸਕ ਫ਼ਿਲਮ ਨੇ ਸਿੱਖਾਂ ਦਾ ਸਿਰ ਉੱਚਾ ਕੀਤਾ : ਗੁਰਿੰਦਰ ਚੱਢਾ*

**ਲੰਡਨ/ਬਿਊਰੋ ਨਿਊਜ਼:** ਕਈ ਦੇਸ਼ਾਂ ਵਿਚ ਸਫ਼ਲ ਪ੍ਰੀਮੀਅਰ ਤੋਂ ਬਾਅਦ 'ਦ ਬਲੈਕ ਪ੍ਰਿੰਸ' ਨੇ ਇੰਗਲੈਂਡ ਦੇ ਪ੍ਰੀਮੀਅਰ ਵਿਚ ਵੀ ਸੋਖੱਟੀ ਹੈ। ਖਾਸ ਗੱਲ ਉਦੋਂ ਵਾਪਰੀ ਜਦੋਂ ਦੁਨੀਆਂ ਦੀ ਮਸ਼ਹੂਰ ਡਾਇਰੈਕਟਰ ਗੁਰਿੰਦਰ ਚੱਢਾ ਨੇ ਫ਼ਿਲਮ ਦੇਖਣ ਤੋਂ ਬਾਅਦ ਮੰਨਿਆ ਕਿ ਉਹ ਵੀ ਪਿਛਲੇ 10 ਸਾਲਾਂ ਤੋਂ ਇਹ ਫ਼ਿਲਮ ਬਣਾਉਣ ਦਾ ਯਤਨ ਕਰ ਰਹੀ ਸੀ ਪਰ ਕਹਾਣੀ ਦੁਖਦਾਈ ਹੋਣ ਕਰਕੇ ਉਹ ਇਸ ਨੂੰ ਬਣਾਉਣ ਦੀ ਹਿੰਮਤ ਨਹੀਂ ਕਰ ਸਕੀ। ਪਰ ਹਾਲੀਵੁੱਡ ਵਲੋਂ ਇਸ ਨੂੰ ਬਹੁਤ ਹੀ ਬਾਖ਼ੂਬੀ ਨਾਲ ਚਿਤਰਿਆ ਗਿਆ ਹੈ ਅਤੇ ਉਸ ਨੇ ਸਤਿੰਦਰ ਸਰਤਾਜ ਦੀ ਐਕਟਿੰਗ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਵੇਂ ਲੱਗਦਾ ਹੈ ਜਿਵੇਂ ਸਤਿੰਦਰ ਸਰਤਾਜ ਨੇ ਮਹਾਰਾਜਾ ਦਲੀਪ ਸਿੰਘ ਦੀ ਰੂਹ ਨੂੰ ਫੜ ਕੇ ਆਪਣੇ ਦਿਲ ਵਿਚ ਵਸਾ ਲਿਆ ਹੋਵੇ। ਉਹਨਾਂ ਨੇ ਕਿਹਾ ਕਿ ਇਸ ਫ਼ਿਲਮ ਨੇ ਸਿੱਖਾਂ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ।

ਇਸੇ ਤਰ੍ਹਾਂ ਬਰਮਿੰਘਮ ਪ੍ਰੀਮੀਅਰ ਵਿਚ ਉਚੇਚੇ ਤੌਰ 'ਤੇ ਪਹੁੰਚੇ ਟਿੱਕਾ ਸ਼ਤਰਜੀਤ ਸਿੰਘ, ਜੋ ਕਿ ਕਪੂਰਥਲਾ ਖਾਨਦਾਨ ਅਤੇ ਭਾਈ ਜੱਸਾ ਸਿੰਘ ਆਹਲੂਵਾਲੀਆ ਦੇ ਵਾਰਿਸ ਹਨ, ਨੇ ਕਿਹਾ ਕਿ ਉਹ ਫ਼ਿਲਮ ਨੂੰ ਦੇਖਦੇ ਹੋਏ



ਬਰਮਿੰਘਮ 'ਚ ਦ ਬਲੈਕ ਪ੍ਰਿੰਸ ਫਿਲਮ ਦੇ ਵਿਸ਼ੇਸ਼ ਸ਼ੋਅ ਮੌਕੇ ਉੱਘੀ ਫਿਲਮ ਨਿਰਦੇਸ਼ਕਾ ਗੁਰਿੰਦਰ ਚੱਢਾ ਤੇ ਸਤਿੰਦਰ ਸਰਤਾਜ

ਕਈ ਵਾਰ ਜ਼ਜਬਾਤੀ ਹੋਏ ਹਨ ਅਤੇ ਉਹਨਾਂ ਕਿਹਾ ਕਿ ਮੈਨੂੰ ਸਿੱਖ ਹੋਣ 'ਤੇ ਮਾਣ ਹੈ। ਇਸ ਫ਼ਿਲਮ ਨੇ ਮਹਾਰਾਜਾ ਦਲੀਪ ਸਿੰਘ ਦੇ ਉਹ ਪੱਖ ਸਾਹਮਣੇ ਲਿਆਂਦੇ ਹਨ ਜਿਹਨਾਂ ਬਾਰੇ ਸਾਨੂੰ ਕਿਸੇ ਨੂੰ ਵੀ ਪਤਾ ਨਹੀਂ ਸੀ। ਭਾਰਤੀ ਕ੍ਰਿਕਟ ਦੇ ਸੁਪਰ ਸਟਾਰ ਹਰਭਜਨ ਸਿੰਘ ਵੀ ਉਚੇਚੇ ਤੌਰ 'ਤੇ ਲੰਡਨ ਪ੍ਰੀਮੀਅਰ ਵਿਚ ਆਏ ਅਤੇ ਉਹਨਾਂ ਨੇ ਵੀ ਕਿਹਾ

ਬਾਕੀ ਸਫ਼ਾ 3 'ਤੇ

# ਟਰੰਪ-ਮੋਦੀ ਮਿਲਣੀ ਮੌਕੇ ਵਾਈਟ ਹਾਊਸ ਦੇ ਬਾਹਰ ਪੰਥਕ ਜੱਥੇਬੰਦੀਆਂ ਅਤੇ ਕਸ਼ਮੀਰੀਆਂ ਵਲੋਂ ਰੋਸ ਮੁਜ਼ਾਹਰਾ

## *ਮੁਜ਼ਾਹਰਾਕਾਰੀਆਂ ਵਲੋਂ ਖਾਲਿਸਤਾਨ ਪੱਖੀ ਨਾਅਰੇਬਾਜੀ*




**ਨਿਊਯਾਰਕ/ਰਾਜ ਗੋਗਨਾ:** ਪੰਥਕ ਜਥੇਬੰਦੀਆਂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਥ ਵਿੰਗ ਅਮਰੀਕ, ਸਿੱਖਸ ਫਾਰ ਜਸਟਿਸ ਅਤੇ ਕਸ਼ਮੀਰ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲਿਆਂ ਵਲੋਂ ਅਮਰੀਕਨ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਰਮਿਆਨ ਮੀਟਿੰਗ ਦੌਰਾਨ ਵਾਈਟ ਹਾਊਸ ਦੇ ਬਾਹਰ ਜਬਰਦਸਤ ਨਾਅਰੇਬਾਜੀ ਕੀਤੀ ਗਈ ਤੇ ਖਾਲਿਸਤਾਨ ਪੱਖੀ ਨਾਅਰੇ ਲਾਏ ਗਏ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਥ ਵਿੰਗ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਵਾਈਟ ਹਾਊਸ ਦੇ ਅੰਦਰ ਜਦੋਂ ਭਾਰਤ ਅਤੇ ਅਮਰੀਕਾ ਦਰਮਿਆਨ ਹਥਿਆਰਾਂ ਦੇ ਵਪਾਰ ਸਮਝੌਤੇ ਦੀ ਗੱਲਬਾਤ ਹੋ ਰਹੀ ਸੀ । ਇਨਾਂ ਵਪਾਰਕ ਸਮਝੌਤਿਆਂ ਦੇ ਵਿਰੋਧ ਵਿੱਚ ਪੰਥਕ ਜਥੇਬੰਦੀਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ, ਯੂਥ ਅਕਾਲੀ ਦਲ ਅੰਮ੍ਰਿਤਸਰ ਈਸਟ ਕੋਸਟ ਕੋਅਰਡੀਨੇਸ਼ਨ ਕਮੇਟੀ, ਸਿੱਖ ਯੂਥ ਆਫ ਅਮਰੀਕਾ, ਦੁਆਬਾ ਸਿੱਖ ਐਸੋਸੀਏਸ਼ਨ, ਸਿੱਖ ਫਾਰ ਜਸਟਿਸ, ਗੁਰਦੁਆਰਾ ਸਿੱਖ ਕਲਚਰ ਸੁਸਾਇਟੀ ਰਿਚਮੰਡ ਹਿੱਲ ਅਤੇ ਸਮੂਹ ਗੁਰੂਦੁਆਰਾ ਟਰਾਈ ਸਟੇਟ ਦੀਆਂ ਪ੍ਰਬੰਧਕ

ਬਾਕੀ ਸਫ਼ਾ 33 'ਤੇ

# ਵਿਦੇਸ਼ਾਂ ਵਿੱਚ ਖਾਲਿਸਤਾਨ ਦੀ ਆਵਾਜ਼ ਬੁਲੰਦ ਕਰਨ ਵਾਲੇ ਡਾ. ਗੁਰਮੀਤ ਸਿੰਘ ਔਲਖ ਨਹੀਂ ਰਹੇ

**ਵਾਸ਼ਿੰਗਟਨ ਡੀ ਸੀ/ਬਿਊਰੋ ਨਿਊਜ਼:** ਵਿਦੇਸ਼ਾਂ ਵਿੱਚ ਖਾਲਿਸਤਾਨ ਦੀ ਆਵਾਜ਼ ਬੁਲੰਦ ਕਰਨ ਵਾਲੇ ਅਤੇ ਵਰਲਡ ਸਿੱਖ ਆਰਗੇਨਾਈਜੇਸ਼ਨ (WSO) ਦੇ ਬਾਨੀ ਪ੍ਰਧਾਨ ਡਾ. ਗੁਰਮੀਤ ਸਿੰਘ ਔਲਖ ਨਹੀਂ ਰਹੇ।



ਉਹ ਉੱਘੇ ਵਿਗਿਆਨੀ ਵੀ ਸਨ ।79 ਵਰ੍ਹਿਆਂ ਦੇ ਡਾ. ਔਲਖ ਪਿਛਲੇ ਕੁਝ ਸਾਲਾਂ ਤੋਂ ਬੀਮਾਰ ਚਲੇ ਆ ਰਹੇ ਸਨ ਅਤੇ ਬੁੱਧਵਾਰ ਨੂੰ ਇੱਥੇ ਅਕਾਲ ਚਲਾਣਾ ਕਰ ਗਏ। ਸੰਨ 1969 ਤੋਂ ਅਮਰੀਕਾ ਵਿੱਚ ਰਹਿ ਰਹੇ ਡਾ.ਔਲਖ ਅਪਰੇਸ਼ਨ ਬਲਿਊ ਸਟਾਰ ਬਾਅਦ ਖਾੜਕੂ ਸੰਘਰਸ਼ ਦੇ ਹੱਕ ਵਿੱਚ ਮੈਦਾਨ ਵਿੱਚ ਕੁੱਦੇ ਅਤੇ ਮਰਦੇ ਦਮ ਤੱਕ ਸਿੱਖਾਂ ਲਈ ਅਜ਼ਾਦ ਰਾਜ ਖਾਲਿਸਤਾਨ ਦੇ ਹਮਾਇਤੀ ਰਹੇ। ਉਨ੍ਹਾਂ ਨੇ ਸਿੱਖਾਂ ਉੱਤੇ ਹਕੂਮਤੀ ਜੁਲਮਾਂ ਦਾ ਮਾਮਲਾ ਕੌਮਾਂਤਰੀ ਪੱਧਰ ਉੱਤੇ ਉਠਾਇਆ। ਉਹ ਕੌਸਲ ਆਫ ਖਾਲਿਸਤਾਨ ਦੇ ਪ੍ਰਧਾਨ ਹੋਣ ਦੇ ਨਾਲ ਨਾਲ ਖਾਲਿਸਤਾਨ ਦੇ ਪਹਿਲੇ ਰਾਸ਼ਟਰਪਤੀ ਵਜੋਂ ਵੀ ਜਾਣੇ ਜਾਂਦੇ ਸਨ। ਬਾਅਦ 'ਚ ਉਨ੍ਹਾਂ ਨੇ ਇੰਟਰਨੈਸ਼ਨਲ ਸਿੱਖ ਆਰਗੇਨਾਈਜੇਸ਼ਨ (ISO) ਕਾਇਮ ਕੀਤੀ।

ਭਾਰਤ ਦੀ ਵੰਡ ਤੋਂ ਪਹਿਲਾਂ ਲਾਇਲਪੁਰ (ਜੋ ਹੁਣ ਪਾਕਿਸਤਾਨ ਵਿੱਚ ਫੈਸਲਾਬਾਦ ਵਜੋਂ ਜਾਣਿਆ ਜਾਂਦਾ ਹੈ) ਵਿੱਚ ਜਨਮੇ ਡਾ .ਔਲਖ ਨੇ ਅਪਣੇ ਪਿੰਡ ਸ਼ਾਹਬਾਜ਼ਪੁਰ (ਜਿਲ੍ਹਾ ਅੰਮ੍ਰਿਤਸਰ) 'ਚ ਰਹਿੰਦਿਆਂ

ਬਾਕੀ ਸਫ਼ਾ 33 'ਤੇ

For Advertisements in Quomantry Amritsar Times Please Call :
Jai Singh
510-677-2777
















THE BLACK PRINCE
THE TRUE STORY OF MAHARAJA DULEEP SINGH
In Theaters July 21st
ENGLISH | PUNJABI | HINDI

# ਇਟਲੀ 'ਚ ਅੰਮ੍ਰਿਤਧਾਰੀ ਸਿੱਖਾਂ ਨੂੰ ਵਿਸ਼ੇਸ਼ ਕਿਰਪਾਨ ਪਹਿਨਣ ਦੀ ਇਜਾਜ਼ਤ



ਅਕਾਲ ਤਖ਼ਤ ਦੇ ਜਥੇਦਾਰ ਗੁਰਬਚਨ ਸਿੰਘ ਨੂੰ ਕਿਰਪਾਨ ਦਾ ਮਾਡਲ ਭੇਟ ਕਰਦੇ ਪਤਵੰਤੇ ਸੱਜਣ।

**ਅੰਮ੍ਰਿਤਸਰ/ਬਿਊਰੋ ਨਿਊਜ਼:** ਇਟਲੀ ਸਰਕਾਰ ਨੇ ਉਥੇ ਰਹਿੰਦੇ ਅੰਮ੍ਰਿਤਧਾਰੀ ਸਿੱਖਾਂ ਨੂੰ ਕਕਾਰ ਵਜੋਂ ਵਿਸ਼ੇਸ਼ ਕਿਸਮ ਦੀ ਕਿਰਪਾਨ ਪਹਿਨਣ ਦੀ ਪ੍ਰਵਾਨਗੀ ਦਿੱਤੀ ਹੈ। ਇਸ ਨਾਲ ਇਤਾਲਵੀ ਸਿੱਖਾਂ ਦੀ ਕਿਰਪਾਨ ਪਹਿਨਣ ਸਬੰਧੀ ਸਮੱਸਿਆ ਹੱਲ ਹੋ ਗਈ ਹੈ।ਅੱਜ ਇਸ ਸਬੰਧ ਵਿਚ ਸਿੱਖ ਆਗੂ ਸੁਖਦੇਵ ਸਿੰਘ ਕੰਗ ਅਤੇ ਕੁਝ ਹੋਰ ਇਤਾਲਵੀ ਨਾਗਰਿਕਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰਕੇ ਇਟਲੀ ਸਰਕਾਰ ਵੱਲੋਂ ਪ੍ਰਵਾਨ ਕੀਤੀਆਂ ਇਨ੍ਹਾਂ ਕਿਰਪਾਨਾਂ ਦੇ ਮਾਡਲ ਉਨ੍ਹਾਂ ਨੂੰ ਭੇਟ ਕੀਤੇ ਹਨ।

ਇਟਲੀ ਵਾਸੀ ਸੁਖਦੇਵ ਸਿੰਘ ਕੰਗ, ਜੋ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਰਹਿਣ ਵਾਲੇ ਹਨ, ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਇਟਲੀ ਵਿੱਚ ਅੰਮ੍ਰਿਤਧਾਰੀ ਸਿੱਖਾਂ ਨੂੰ ਆਪਣੇ ਕਕਾਰ ਵਜੋਂ ਕਿਰਪਾਨ ਪਹਿਨਣ ਦੀ ਮੁਸ਼ਕਲ ਪੇਸ਼ ਆ ਰਹੀ ਸੀ। ਸਿੱਖ ਭਾਈਚਾਰੇ ਵੱਲੋਂ ਇਟਲੀ ਸਰਕਾਰ, ਉਥੋਂ ਦੀ ਪੁਲੀਸ ਅਤੇ ਸੁਰੱਖਿਆ ਵਿਭਾਗ ਨੂੰ ਇਸ ਸਬੰਧੀ ਜਾਣੂੰ ਕਰਾਇਆ ਗਿਆ ਸੀ। ਲੰਮੀ ਜੱਦੋ ਜਹਿਦ ਮਗਰੋਂ ਇਟਲੀ ਦੇ ਰੱਖਿਆ ਵਿਭਾਗ ਨੇ ਨਵੀਂ ਕਿਰਪਾਨ ਨੂੰ ਧਾਰਨ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਕਿਰਪਾਨ ਨੂੰ ਉਥੋਂ ਦੀ ਕਿਰਪਾਨ ਲੀਗਲ ਵਰਲਡ ਵਾਈਡ ਕੰਪਨੀ ਵੱਲੋਂ ਤਿਆਰ ਕੀਤਾ ਗਿਆ ਹੈ। ਇਹ ਕਿਰਪਾਨ ਵੱਖ ਵੱਖ ਆਕਾਰਾਂ ਵਿੱਚ ਤਿਆਰ ਕੀਤੀ ਗਈ ਹੈ। ਇਹ ਭਾਵੇਂ ਲੋਹੇ ਦੀ ਹੈ, ਪਰ ਨੁਕਸਾਨਦੇਹ ਨਹੀਂ ਹੈ। ਇਸ ਦਾ ਬਲੇਡ ਤਿੱਖਾ ਨਹੀਂ ਹੈ ਅਤੇ ਇਹ ਜਾਨਲੇਵਾ ਵੀ ਨਹੀਂ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਪ੍ਰਵਾਨਗੀ ਮਗਰੋਂ ਇਸ ਕਿਰਪਾਨ ਨੂੰ ਗੁਰਦੁਆਰਿਆਂ ਵਿੱਚ ਸਿੱਖਾਂ ਨੂੰ ਵੰਡਿਆ ਗਿਆ ਹੈ। ਛੋਟੇ ਅਕਾਰ ਦੀ ਕਿਰਪਾਨ ਬੱਚੇ ਸਕੂਲ ਵਿਚ ਵੀ ਪਹਿਨ ਸਕਦੇ ਹਨ। ਇਸੇ ਤਰ੍ਹਾਂ ਗੁਰਦੁਆਰੇ ਜਾਣ ਸਮੇਂ ਕੁਝ ਵੱਡੇ ਅਕਾਰ ਦੀ ਕਿਰਪਾਨ ਤਿਆਰ ਕੀਤੀ ਗਈ ਹੈ। ਇਸ ਨੂੰ ਪਹਿਨਣ ਵਾਲੇ ਨੂੰ ਇਕ ਪ੍ਰਵਾਨਗੀ ਕਾਰਡ ਵੀ ਦਿੱਤਾ ਗਿਆ ਹੈ।

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਸ ਮਾਮਲੇ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਵਿਚਾਰਿਆ ਜਾਵੇਗਾ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨਾਲ ਵਿਚਾਰ ਵਟਾਂਦਰਾ ਕਰਕੇ ਇਸ ਸਬੰਧੀ ਅਗਲਾ ਫੈਸਲਾ ਕਰਨਗੇ।

# ਬਰਮਿੰਘਮ 'ਚ 'ਦ ਬਲੈਕ ਪ੍ਰਿੰਸ' ਫਿਲਮ ਦੇ ਵਿਸ਼ੇਸ਼ ਸ਼ੋਅ ਨੂੰ ਉੱਘੀਆਂ ਸ਼ਖ਼ਸ਼ੀਅਤਾਂ ਤੇ ਲੋਕਾਂ ਦਾ ਭਰਵਾਂ ਹੁੰਗਾਰਾ



ਸਤਿੰਦਰ ਸਰਤਾਜ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਵਾਰਸ ਟਿੱਕਾ ਸ਼ਤਰੂਜੀਤ ਸਿੰਘ ਨਾਲ ਸਿਨੇਮਾ ਹਾਲ ਵਿੱਚ ਦਾਖ਼ਲ ਹੁੰਦੇ ਹੋਏ।



ਸਤਿੰਦਰ ਸਰਤਾਜ ਫਿਲਮ ਦੇ ਦੂਜੇ ਕਲਾਕਾਰਾਂ ਸੋਫੀ ਸਟੀਵਨਜ਼ ਤੇ ਲੀਅਨੇ ਜੋਇਸੀ ਨਾਲ ਜਿਨ੍ਹਾਂ ਨੇ ਕਰਮਵਾਰ ਮਹਾਰਾਜਾ ਦਲੀਪ ਸਿੰਘ ਦੀ ਪਹਿਲੀ ਤੇ ਦੂਜੀ ਪਤਨੀ ਦੀ ਭੂਮਿਕਾ ਨਿਭਾਈ। ਲਈਡਨ ਨੇ ਸਰ ਓਬਰਨੇ ਦਾ ਕਿਰਦਾਰ ਨਿਭਾਇਆ।



ਸਤਿੰਦਰ ਸਰਤਾਜ ਫੈਸਟੀਵਲ ਦੇ ਡਾਇਰੈਕਟਰ ਅਤੇ ਬੀਬੀਸੀ ਦੇ ਨਿਊਜ਼ ਐਂਕਰ ਨਾਲ

## 'ਦ ਬਲੈਕ ਪ੍ਰਿੰਸ' ਦੇਖ ਕੇ ਚੱਢਾ ਵੀ ਹੈਰਾਨ ਰਹਿ ਗਈ

*ਸਫ਼ਾ ਇਕ ਦੀ ਬਾਕੀ*

ਕਿ ਫ਼ਿਲਮ ਨੇ ਸਾਡੇ ਪੰਜਾਬ ਦੇ ਇਤਿਹਾਸ ਦੀ ਭਰਪੂਰ ਜਾਣਕਾਰੀ ਦਿੱਤੀ ਹੈ ਅਤੇ ਸਤਿੰਦਰ ਸਰਤਾਜ ਨੂੰ ਵਧਾਈ ਦਿੰਦੇ ਹੋਏ ਉਹਨਾਂ ਵਲੋਂ ਨਿਭਾਈ ਭੂਮਿਕਾ ਦੀ ਵੀ ਸ਼ਲਾਘਾ ਕੀਤੀ। ਲੰਡਨ ਇੰਡੀਅਨ ਫ਼ਿਲਮ ਫੈਸਟੀਵਲ ਦੇ ਕਨਵੀਨਰ ਰਜਿੰਦਰ ਸਾਹਨੀ ਨੇ ਫ਼ਿਲਮ ਦੇ ਡਾਇਰੈਕਟਰ ਕਵੀ ਰਾਜ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਫ਼ਿਲਮ ਨੇ ਇਕ ਨਵੇਕਲੀ ਜਗ੍ਹਾ ਬਣਾ ਲਈ ਹੈ ਅਤੇ ਭਵਿੱਖ ਵਿਚ ਇਹ ਕੁਝ ਯਾਦ ਰੱਖਣ ਵਾਲੀਆਂ ਫ਼ਿਲਮਾਂ ਦਾ ਹਿੱਸਾ ਰਹੇਗੀ।

'ਦ ਬਲੈਕ ਪ੍ਰਿੰਸ' ਦੁਨੀਆਂ ਭਰ ਵਿਚ 21 ਜੁਲਾਈ ਨੂੰ ਰੀਲੀਜ਼ ਹੋ ਰਹੀ ਹੈ ਅਤੇ ਇਹ ਤਿੰਨ ਭਾਸ਼ਾਵਾਂ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਵਿਚ ਰਲੀਜ਼ ਕੀਤੀ ਜਾਵੇਗੀ।

CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM

## ਇੰਸਪੈਕਟਰ ਇੰਦਰਜੀਤ ਦੀ ਪੁੱਛ ਗਿੱਛ ਦੇ ਖ਼ੁਲਾਸਿਆਂ ਨਾਲ ਸਰਕਾਰ ਕਸੂਤੀ ਫਸੀ

### ਪੁਲੀਸ ਦੋ ਸੀਨੀਅਰ ਅਧਿਕਾਰੀ ਵੀ ਅੜਿਕੇ ਆਉਣ ਲੱਗੇ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਦੇ ਕੁਝ ਸੀਨੀਅਰ ਪੁਲੀਸ ਅਧਿਕਾਰੀਆਂ ਦੀ ਬਰਤਰਫ਼ ਇੰਸਪੈਕਟਰ ਇੰਦਰਜੀਤ ਸਿੰਘ ਦੇ ਮਾਮਲੇ ਵਿੱਚ ਸ਼ਮੂਲੀਅਤ ਨੇ ਕੈਪਟਨ ਸਰਕਾਰ ਨੂੰ ਬੇਹੱਦ ਕਸੂਤਾ ਫਸਾ ਦਿੱਤਾ ਹੈ। ਇੱਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਸਪੈਸ਼ਲ ਟਾਸਕ ਫੋਰਸ (ਐਸਟੀਐਫ) ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਵੱਲੋਂ ਅਕਸਰ ਵਿਵਾਦਾਂ 'ਚ ਘਿਰੇ ਰਹਿਣ ਵਾਲੇ ਪੁਲੀਸ ਦੇ ਇੱਕ ਆਈਜੀ, ਇੱਕ ਡੀਆਈਜੀ ਤੇ ਹੋਰਨਾਂ ਅਫ਼ਸਰਾਂ ਸਮੇਤ ਅੱਧੀ ਦਰਜਨ ਤੋਂ ਵੱਧ ਪੁਲੀਸ ਅਧਿਕਾਰੀਆਂ ਵੱਲੋਂ ਇੰਦਰਜੀਤ ਸਿੰਘ ਦੀ ਪੁਸ਼ਤਪਨਾਹੀ ਕਰਨ ਦੇ ਤੱਥ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਾਹਮਣੇ ਰੱਖ ਦਿੱਤੇ ਹਨ। ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ (ਗ੍ਰਹਿ) ਨਿਰਮਲਜੀਤ ਸਿੰਘ ਕਲਸੀ ਅਤੇ ਮੁੱਖ ਮੰਤਰੀ ਦਫ਼ਤਰ ਦੇ ਕੁਝ ਅਧਿਕਾਰੀ ਵੀ ਸ਼ਾਮਲ ਸਨ। ਐਸਟੀਐਫ ਵੱਲੋਂ ਇੰਦਰਜੀਤ ਸਿੰਘ ਦੀ ਤਫ਼ਤੀਸ਼ ਦੇ ਅਧਾਰ 'ਤੇ ਕੀਤੇ ਖ਼ੁਲਾਸਿਆਂ ਕਾਰਨ ਪੁਲੀਸ 'ਚ ਘਬਰਾਹਟ ਫੈਲੀ ਹੋਈ ਹੈ। ਸ਼ੱਕੀ ਕਿਰਦਾਰ ਵਾਲੇ ਪੁਲੀਸ ਅਫ਼ਸਰਾਂ ਵੱਲੋਂ ਆਪਣੀ ਚਮੜੀ ਬਚਾਉਣ ਲਈ ਭੱਜ-ਨੱਠ ਕੀਤੀ ਜਾਣ ਲੱਗੀ ਹੈ। ਐਸਟੀਐਫ ਦੇ ਅਧਿਕਾਰੀਆਂ ਵੱਲੋਂ ਭਾਵੇਂ ਮੋਗਾ ਦੇ ਐਸਐਸਪੀ ਰਾਜਜੀਤ ਸਿੰਘ ਹੁੰਦਲ ਤੋਂ ਪੁੱਛ-ਗਿੱਛ ਕੀਤੀ ਜਾ ਚੁੱਕੀ ਹੈ ਪਰ ਹੋਰਨਾਂ ਅਧਿਕਾਰੀਆਂ ਵਿਰੁਧ ਕਾਰਵਾਈ ਲਈ ਮੁੱਖ ਮੰਤਰੀ ਦੇ ਇਸ਼ਾਰੇ ਦੀ ਉਡੀਕ ਕੀਤੀ ਜਾ ਰਹੀ ਹੈ।

ਸੂਤਰਾਂ ਮੁਤਾਬਕ ਦੋ ਸੀਨੀਅਰ ਪੁਲੀਸ ਅਧਿਕਾਰੀਆਂ ਵੱਲੋਂ ਇੰਦਰਜੀਤ ਸਿੰਘ ਅਤੇ ਉਸ ਦੇ ਸਾਥੀ ਪੁਲੀਸ ਅਧਿਕਾਰੀਆਂ ਨੂੰ ਬਚਾਉਣ ਲਈ ਮੁੱਖ ਮੰਤਰੀ ਤੱਕ ਲਗਾਤਾਰ ਪਹੁੰਚ ਕੀਤੀ ਜਾ ਰਹੀ ਹੈ। ਇਨ੍ਹਾਂ ਪੁਲੀਸ ਅਧਿਕਾਰੀਆਂ ਨੇ ਕੈਪਟਨ ਅਮਰਿੰਦਰ ਸਿੰਘ ਅੱਗੇ ਦੁਹਾਈ' ਪਾਈ ਹੈ ਕਿ ਇੰਦਰਜੀਤ ਸਿੰਘ ਦੇ ਮਾਮਲੇ ਵਿੱਚ ਜੇਕਰ ਪੁਲੀਸ ਅਫ਼ਸਰਾਂ ਦੇ ਕਥਿਤ ਕਾਰਿਆਂ ਨੂੰ ਬੇਪਰਦ ਕੀਤਾ ਗਿਆ ਤਾਂ ਸਾਰੀ ਪੁਲੀਸ ਵਿੱਚ ਨਿਰਾਸ਼ਾ ਫੈਲ ਜਾਵੇਗੀ।

ਸੂਤਰਾਂ ਅਨੁਸਾਰ ਪੁਲੀਸ ਅਧਿਕਾਰੀਆਂ ਦੇ ਕੇਸ ਦੀ ਪੈਰਵੀ ਕਰਨ ਵਾਲੇ ਅਧਿਕਾਰੀਆਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਦੀ ਝਾੜ-ਝੰਬ ਵੀ ਕੀਤੀ ਹੈ। ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਇੰਦਰਜੀਤ ਦੇ ਸਾਥੀਆਂ ਦੀ ਹਮਾਇਤ 'ਚ ਉਤਰੇ ਦੋ ਸੀਨੀਅਰ ਪੁਲੀਸ ਅਧਿਕਾਰੀਆਂ ਨੂੰ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਹੈ ਕਿ ਐਸਟੀਐਫ ਅਧਿਕਾਰੀਆਂ ਵੱਲੋਂ ਠੀਕ ਦਿਸ਼ਾ ਵਿੱਚ ਕਾਰਵਾਈ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਨੇ ਐਸਟੀਐਫ ਦੇ ਅਧਿਕਾਰੀਆਂ ਨੂੰ ਪੁਲੀਸ ਅਫ਼ਸਰਾਂ ਦੀ ਸ਼ਮੂਲੀਅਤ ਦੇ ਤੱਥ ਇਕੱਤਰ ਕਰਨ ਲਈ ਤਾਂ ਆਖ ਦਿੱਤਾ ਹੈ ਪਰ ਕਾਰਵਾਈ ਦਾ ਅਧਿਕਾਰ ਆਪਣੇ ਕੋਲ ਰਾਖਵਾਂ ਰੱਖਿਆ ਹੋਇਆ ਹੈ। ਪੁਲੀਸ ਸੂਤਰਾਂ ਦਾ ਦੱਸਣਾ ਹੈ ਕਿ ਐਸਟੀਐਫ ਦੀਆਂ ਗਤੀਵਿਧੀਆਂ ਕਾਰਨ ਕਈ ਸੀਨੀਅਰ ਪੁਲੀਸ ਅਧਿਕਾਰੀਆਂ 'ਚ ਬੇਚੈਨੀ ਪਾਈ ਜਾ ਰਹੀ ਹੈ। ਪੁਲੀਸ ਅਧਿਕਾਰੀਆਂ ਵੱਲੋਂ ਐਸਟੀਐਫ ਦੀਆਂ ਗਤੀਵਿਧੀਆਂ 'ਚ ਰੁਕਾਵਟ ਖੜ੍ਹੀ ਕਰਨ ਦੇ ਯਤਨ ਵੀ ਕੀਤੇ ਜਾ ਰਹੇ ਹਨ। ਸੀਨੀਅਰ ਪ੍ਰਸ਼ਾਸਕੀ ਅਧਿਕਾਰੀਆਂ ਨੇ ਪੁਲੀਸ ਅਧਿਕਾਰੀਆਂ ਦਰਮਿਆਨ ਚੱਲ ਰਹੀ ਇਸ ਖਹਿਬਾਜ਼ੀ ਦਾ ਸਾਰਾ ਮਾਮਲਾ ਮੁੱਖ ਮੰਤਰੀ ਦੇ ਧਿਆਨ 'ਚ ਲਿਆ ਦਿੱਤਾ ਹੈ। ਸੂਤਰਾਂ ਅਨੁਸਾਰ ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਤੇ ਐਸਟੀਐਫ ਨਾਲ ਜੁੜੇ ਪੁਲੀਸ ਅਫ਼ਸਰਾਂ ਵੱਲੋਂ ਮੁੱਖ ਮੰਤਰੀ ਨਾਲ ਮੀਟਿੰਗ ਕੀਤੀ ਜਾਵੇਗੀ ਅਤੇ ਦਿਸ਼ਾ ਨਿਰਦੇਸ਼ ਲਏ ਜਾ ਸਕਦੇ ਹਨ।

## 'ਪ੍ਰਸ਼ਾਸਨ ਵਲੋਂ ਤੰਬਾਕੂ ਤੇ ਇਸ ਤੋਂ ਬਣੀਆਂ ਚੀਜ਼ਾਂ ਉਤੇ ਰੋਕਾਂ ਲਾਉਣਾ ਛੋਟੇ ਕਾਰੋਬਾਰਾਂ ਲਈ ਘਾਤਕ ਹੋਵੇਗਾ'

### ਏ.ਪੀ.ਸੀ.ਏ.ਵਲੋਂ ਸਰਕਾਰ ਨੂੰ ਇਸ ਬਾਰੇ ਮੁੜ ਗੌਰ ਕਰਨ ਦੀ ਗੁਹਾਰ

**ਸੈਨ ਫਰਾਂਸਿਸਕੋ/ਬਿਊਰੋ ਨਿਊਜ਼:**
ਅਮਰੀਕਨ ਪੈਟਰੋਲੀਅਮ ਐਂਡ ਕਨਵੀਨੀਐਂਸ ਸਟੋਰ ਐਸੋਸੀਏਸ਼ਨ (ਏ.ਪੀ.ਸੀ.ਏ.) ਨੇ ਸਰਕਾਰੀ ਪ੍ਰਸ਼ਾਸਨ ਵਲੋਂ ਤੰਬਾਕੂ ਤੇ ਇਸ ਤੋਂ ਬਣੀਆਂ ਚੀਜ਼ਾਂ ਉਤੇ ਰੋਕ ਲਾਉਣ ਦੇ ਯਤਨਾਂ 'ਤੇ ਫਿਕਰ ਜ਼ਾਹਰ ਕਰਦਿਆਂ ਇਨ੍ਹਾਂ ਯਤਨਾਂ ਨੂੰ ਛੋਟੇ ਕਾਰੋਬਾਰਾਂ ਲਈ ਘਾਤਕ ਦੱਸਿਆ ਹੈ । ਜਥੇਬੰਦੀ ਦਾ ਕਹਿਣਾ ਹੈ ਕਿ ਇਨ੍ਹਾਂ ਬੰਦਸ਼ਾਂ ਨਾਲ ਕੁਝ ਵੀ ਸੰਵਰਨ ਦੀ ਸੰਭਾਵਨਾ ਬਹੁਤ ਘੱਟ ਹੈ।

ਛੋਟੇ ਕਾਰੋਬਾਰੀਆਂ ਦੀ ਇਸ ਜਥੇਬੰਦੀ ਦੇ ਐਗਜ਼ੈਕਟਿਵ ਬੋਰਡ ਮੈਂਬਰ ਸੰਜੀਵ ਪਟੇਲ ਨੇ ਕਿਹਾ ਹੈ ਕਿ ਸਿਲੀਕਾਨ ਵੈਲੀ ਕਾਰੋਬਾਰੀਆਂ, ਵਿਅਕਤੀਆਂ ਅਤੇ ਬਦਕਿਸਮਤੀ ਨਾਲ ਸਰਕਾਰ ਲਈ ਨਵੇਂ ਤੋਂ ਨਵੇਂ ਖਿਆਲ ਬਣਾਉਣ ਦੀ ਜਨਮ ਭੂਮੀ ਹੈ। ਹੁਣ ਸਾਡੇ ਆਲੇ ਦੁਆਲੇ ਹਰ ਥਾਂ ਤੰਬਾਕੂ ਉਤੇ ਪਾਬੰਦੀ ਲਾਉਣ ਦੀ ਗੱਲ ਕੀਤੀ ਜਾ ਰਹੀ ਹੈ। ਸ੍ਰੀ ਪਟੇਲ ਨੇ ਆਖਿਆ ਕਿ ਤੰਬਾਕੂ ਵਿਰੋਧੀ ਧਿਰਾਂ ਆਪਣਾ ਏਜੰਡਾ ਠੋਸਣ ਲਈ ਅਤੇ ਸਾਡੇ ਛੋਟੇ ਕਾਰੋਬਾਰੀਆਂ ਦੇ ਉਦਮ ਨੂੰ ਨੁਕਸਾਨ ਪਹੁੰਚਾਉਣ ਵਾਸਤੇ ਸਾਡੀ ਏਕਤਾ ਦਾ ਨਾਜਾਇਜ਼ ਫਾਇਦਾ ਉਠਾਉਣ ਲਈ ਯਤਨਸ਼ੀਲ ਹਨ। ਜ਼ਿਕਰਯੋਗ ਹੈ ਕਿ ਏ.ਪੀ.ਸੀ.ਏ. ਅਜਿਹੀਆਂ ਹੋਰ ਵਪਾਰਕ ਜਥੇਬੰਦੀਆਂ ਨਾਲ ਰਾਬਤਾ ਬਣਾ ਕੇ ਉਨ੍ਹਾਂ ਆਰਡੀਨੈਂਸਾਂ ਵਿਰੁਧ ਆਵਾਜ਼ ਉਠਾਉਂਦੀ ਆ ਰਹੀ ਹੈ ਜਿਹੜੇ ਛੋਟੇ ਕਾਰੋਬਾਰ ਲਈ ਘਾਤਕ ਸਾਬਿਤ ਹੋ ਸਕਦੇ ਹਨ। ਜਥੇਬੰਦੀ ਦੇ ਚੇਅਰਮੈਨ ਮਨਰਾਜ ਨੱਤ ਦਾ ਕਹਿਣਾ ਹੈ ਕਿ ਜੇ ਇਹ ਆਰਡੀਨੈਂਸ ਪਾਸ ਹੋ ਜਾਂਦੇ ਹਨ ਤਾਂ ਸਾਡੇ ਮੈਂਬਰ ਕਾਰੋਬਾਰੀਆਂ ਲਈ ਬਹੁਤ ਹੀ ਘਾਤਕ ਸਾਬਤ ਹੋਣਗੇ। ਇਕ ਅੰਦਾਜ਼ੇ ਮੁਤਾਬਕ ਕਾਰੋਬਾਰੀਆਂ ਨੂੰ ਸ਼ੁੱਧ ਮੁਨਾਫੇ ਵਿਚ 30 ਤੋਂ 50 ਹਜ਼ਾਰ ਡਾਲਰ ਤੱਕ ਦਾ ਨੁਕਸਾਨ ਹੋ ਸਕਦਾ ਹੈ। ਇਸ ਨੁਕਸਾਨ ਨਾਲ ਸਾਡੇ ਕਾਰੋਬਾਰਾਂ ਦੀ ਕੀਮਤ ਵੀ ਬਹੁਤ ਥੱਲੇ ਆ ਜਾਵੇਗੀ।

ਸ੍ਰੀ ਨੱਤ ਨੇ ਦੱਸਿਆ ਕਿ ਕੋਂਟਰਾ ਕੋਸਟਾ ਕਾਉਂਟੀ, ਸੈਨ ਫਰਾਂਸਿਸਕੋ ਕਾਉਂਟੀ, ਓਕਲੈਂਡ ਸਿਟੀ ਅਤੇ ਸੈਨ ਲੀਐਂਡਰੋ ਸਿਟੀ ਨੇ ਅਜਿਹੇ ਆਰਡੀਨੈਂਸ ਤਜਵੀਜ਼ ਕੀਤੇ ਹਨ ਜਿਨ੍ਹਾਂ ਅਨੁਸਾਰ ਫਲੇਵਰਡ ਤੰਬਾਕੂ ਅਤੇ 10 ਸਿਗਾਰਾਂ ਦੇ ਪੈਕ ਉਤੇ ਪਾਬੰਦੀ ਲਾਉਣਾ, ਸਕੂਲ ਦੇ ਬਹੁਤ ਨੇੜੇ ਦੇ ਸਟੋਰ ਦੇ ਮੌਜੂਦਾ ਲਾਈਸੈਂਸ ਨੂੰ ਤਬਦੀਲ ਨਾ ਕੀਤੇ ਜਾਣਾ, ਕਾਉਂਟੀ ਵਲੋਂ ਲਾਈਸੈਂਸ ਰੱਦ ਕਰਨ ਤੋਂ ਪਹਿਲਾਂ ਮੌਜੂਦਾ ਰੀਟੇਲਰਾਂ ਨੂੰ 10 ਸਾਲ ਤੱਕ ਕਾਰੋਬਾਰ ਚਲਾਉਣ ਦੀ ਇਜਾਜ਼ਤ ਦੇਣਾ ਅਤੇ ਇਨ੍ਹਾਂ ਯਤਨਾਂ ਦੀ ਉਲੰਘਣਾ 'ਤੇ ਵੱਡੇ ਜੁਰਮਾਨੇ ਕੀਤੇ ਜਾਣਾ ਸ਼ਾਮਲ ਹੈ।

ਉਨ੍ਹਾਂ ਕਿਹਾ ਕਿ ਏ.ਪੀ.ਸੀ.ਏ. ਦੇ ਯਤਨਾਂ ਸਦਕਾ ਜੁਰਮਾਨੇ ਅਤੇ ਸਜ਼ਾ ਦੇ ਆਰਡੀਨੈਂਸ ਤੋਂ ਕੁਝ ਹੱਦ ਤੱਕ ਰਾਹਤ ਦਿਵਾਈ ਜਾ ਸਕੇਗੀ। ਜਥੇਬੰਦੀ ਦੇ ਮੈਂਬਰਾਂ ਨੇ ਬਹੁਤ ਸਾਰੇ ਸੁਪਰਵਾਈਜ਼ਰਾਂ ਅਤੇ ਕੌਂਸਲ ਮੈਂਬਰਾਂ ਨੂੰ ਮਿਲ ਕੇ ਆਪਣੇ ਫਿਕਰ ਜ਼ਾਹਰ ਕੀਤੇ ਹਨ। ਸਾਡੇ ਮੈਂਬਰਾਂ ਨੇ ਇਨ੍ਹਾਂ ਆਰਡੀਨੈਂਸਾਂ ਦੇ ਪੈਣ ਵਾਲੇ ਘਾਤਕ ਅਸਰ ਬਾਰੇ ਜਾਣੂੰ ਕਰਵਾਇਆ ਹੈ। ਏ.ਪੀ.ਸੀ.ਏ. ਦੇ ਮੈਂਬਰ ਪੌਲ ਹੇਅਰ ਦਾ ਕਹਿਣਾ ਹੈ ਕਿ ਇਹ ਸਾਬਤ ਹੋ ਚੁਕਾ ਹੈ ਕਿ ਰੀਟੇਲਰ ਕਾਰੋਬਾਰੀਆਂ ਵਲੋਂ ਕਾਨੂੰਨਾਂ ਦੀ ਪੈਰਵੀ 95× ਤੱਕ ਕੀਤੀ ਜਾ ਰਹੀ ਹੈ। ਕੀਤੀ ਗਈ ਪੜਤਾਲ ਤੋਂ ਇਹ ਸਾਬਤ ਹੋ ਚੁਕਾ ਹੈ ਕਿ ਨੌਜਵਾਨ ਪੀੜ੍ਹੀ ਨੂੰ ਤੰਬਾਕੂ ਵਸਤਾਂ ਰੀਟੇਲਰਾਂ ਤੋਂ ਨਹੀਂ, ਸਗੋਂ ਹੋਰ ਸੋਸ਼ਲ ਵਸੀਲਿਆਂ ਤੋਂ ਮਿਲਦੀਆਂ ਹਨ। ਇਨ੍ਹਾਂ ਆਰਡੀਨੈਂਸਾਂ ਦਾ ਇਸ ਸਭ ਨੂੰ ਰੋਕਣ ਲਈ ਕੋਈ ਲਾਭ ਨਹੀਂ ਹੁੰਦਾ। ਏ.ਪੀ.ਸੀ.ਏ. ਕੁਝ ਵਿਧਾਨਕਾਰਾਂ ਨੂੰ ਇਹ ਦੱਸਣ ਵਿਚ ਸਫਲ ਰਹੀ ਹੈ ਕਿ ਟੀਨ ਏਜਰਾਂ ਨੂੰ ਤੰਬਾਕੂਨੋਸ਼ੀ ਤੋਂ ਰੋਕਣ ਲਈ ਹੋਰ ਅਜਿਹੇ ਉਪਰਾਲੇ ਕੀਤੇ ਜਾਣ ਦੀ ਲੋੜ ਹੈ ਜਿਨ੍ਹਾਂ ਦਾ ਕੋਈ ਲਾਭ ਵੀ ਹੋ ਸਕੇ। ਜ਼ਿਕਰਯੋਗ ਹੈ ਕਿ ਏ.ਪੀ.ਸੀ.ਏ. ਗੈਸ ਸਟੇਸ਼ਨ, ਲਿੱਕਰ ਸਟੋਰ ਅਤੇ ਕਨਵੀਨੀਐਂਸ ਸਟੋਰ ਮਾਲਕਾਂ ਦੀ ਇਕ ਨਾਨ ਪ੍ਰਾਫਿਟ ਜਥੇਬੰਦੀ ਹੈ ਅਤੇ ਇਸ ਦੇ 800 ਤੋਂ ਵੱਧ ਮੈਂਬਰ ਹਨ। ਜਥੇਬੰਦੀ ਆਪਣੇ ਮੈਂਬਰਾਂ ਨੂੰ ਆਪਣਾ ਕਾਰੋਬਾਰ ਵਧਾਉਣ ਲਈ ਸਿੱਖਿਅਤ ਕਰਨ ਦੇ ਉਪਰਾਲੇ ਵੀ ਕਰਦੀ ਹੈ। ਹੋਰ ਜਾਣਕਾਰੀ ਵਾਸਤੇ ਏ.ਪੀ.ਸੀ.ਏ. ਦੇ ਐਗਜ਼ੈਕਟਿਵ ਡਾਇਰੈਕਟਰ ਕੇਵਲ ਕ੍ਰਿਸ਼ਨ ਨਾਲ ਫੋਨ 408-385-2020 ਜਾਂ ਈਮੇਲ: admin@apca.us ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਸਮਾਜ ਸੇਵੀ ਪੰਮਾ ਸੈਦੋਕੇ ਨੂੰ ਸਦਮਾ

### *ਮਾਤਾ ਸੁਰਜੀਤ ਕੌਰ ਧਾਲੀਵਾਲ ਦਾ ਅਕਾਲ ਚਲਾਣਾ*

**ਫਰਿਜਨੋ/(ਨੀਟਾ ਮਾਛੀਕੇ/ਕੁਲਵੰਤ ਧਾਲੀਆ):** ਫਰਿਜਨੋ ਨਿਵਾਸੀ ਉੱਘੇ ਸਮਾਜ ਸੇਵੀ ਪੰਮਾ ਸੈਦੋਕੇ ਨੂੰ ਪਿਛਲੇ ਦਿਨੀਂ ਉਸ ਵਕਤ ਭਾਰੀ ਸਦਮਾਂ ਪਹੁੰਚਿਆ ਜਦੋਂ ਉਹਨਾਂ ਦੇ ਮਾਤਾ ਸੁਰਜੀਤ ਕੌਰ ਧਾਲੀਵਾਲ (80 ਸਾਲ) ਉਹਨਾਂ ਦੇ ਜੱਦੀ ਪਿੰਡ ਸੈਦੋਕੇ ਜਿਲ੍ਹਾ ਮੋਗਾ ਵਿੱਚ ਅਚਾਨਕ



ਅਕਾਲ ਚਲਾਣਾ ਕਰ ਗਏ ਸਨ। ਮਾਤਾ ਜੀ ਨਮਿਤ ਰੱਖੇ ਸਹਿਜ ਪਾਠ ਦਾ ਭੋਗ 2 ਜੁਲਾਈ ਐਤਵਾਰ ਨੂੰ ਪਿੰਡ ਸੈਦੋਕੇ ਵਿਖੇ ਪਾਇਆ ਜਾਵੇਗਾ। ਤਕਰੀਬਨ ਪੰਜ ਸਾਲ ਪਹਿਲਾਂ ਪੰਮੇ ਦੇ ਸਤਿਕਾਰਯੋਗ ਪਿਤਾ ਸ. ਕਰਤਾਰ ਸਿੰਘ ਧਾਲੀਵਾਲ ਵੀ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ ਸਨ। ਪੰਮੇ ਨੇ ਭਰੇ ਮਨ ਨਾਲ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮਾਂ-ਬਾਪ ਦੀ ਪ੍ਰੇਰਨਾ ਸਦਕਾ ਉਹਨਾਂ ਤਕਰੀਬਨ 200 ਦੇ ਕਰੀਬ ਗਰੀਬ ਕੁੜੀਆਂ ਦੇ ਵਿਆਹ ਆਪਣੇ ਹੱਥੀ ਪੰਜਾਬ ਅੰਦਰ ਕੀਤੇ ਤੇ ਤਕਰੀਬਨ 25-30 ਲੋੜਵੰਦ ਕੁੜੀਆਂ ਦੇ ਹੱਥ ਪੀਲੇ ਫਰਿਜਨੋ ਵਿਖੇ ਆਪਣੇ ਘਰੇ ਰੱਖ ਕੇ ਕੀਤੇ। ਉਹਨਾਂ ਕਿਹਾ ਕਿ ਜੋ ਵੀ ਮੇਰਾ ਨਾਮ ਭਾਈਚਾਰੇ ਵਿੱਚ ਹੈ ਇਹਦੇ ਪਿੱਛੇ ਮੇਰੇ ਮਾਂ ਬਾਪ ਦਾ ਬਹੁਤ ਵੱਡਾ ਹੱਥ ਹੈ।

ਪੰਮਾ ਸੈਦੋਕੇ ਨੇ ਇਸ ਦੁਖ ਦੀ ਘੜੀ ਵਿੱਚ ਸਾਥ ਦੇਣ ਵਾਲੇ ਸਮੂਹ ਸੱਜਣਾਂ ਜਗਰੂਪ ਸਿੰਘ ਸੈਦੋਕੇ, ਡਾ. ਕੇਵਲ ਕ੍ਰਿਸ਼ਨ ਗਰਨ, ਸਰਪੰਚ ਰਣਧੀਰ ਸਿੰਘ, ਪ੍ਰੋ. ਜਗਜੀਤ ਸਿੰਘ ਪੰਨੂੰ, ਭਰਪੂਰ ਸਿੰਘ ਸਾਹੋਕੇ, ਜਸਵੀਰ ਜੱਸੀ, ਸੁੱਚਾ ਸਿੰਘ ਲਾਲੀ, ਜਤਿੰਦਰ ਸਿੰਘ ਤੇ ਹੋਰਨਾਂ ਦਾ ਧੰਨਵਾਦ ਕੀਤਾ। ਦੁਖ ਸਾਝਾ ਕਰਨ ਲਈ ਸੰਪਰਕ- ਪੰਮਾ ਸੈਦੋਕੇ (559) 217-2521

## ਸਿਆਟਲ ਵਿਚ ਸਿੱਖ ਚੇਤਨਾ ਕਾਨਫਰੰਸ 15 ਅਤੇ 16 ਜੁਲਾਈ ਨੂੰ

**ਸਿਆਟਲ/ਗੁਰਚਰਨ ਸਿੰਘ ਢਿਲੋਂ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਬਉੱਚਤਾ, ਸਤਿਕਾਰ, ਖਾਲਸਾਈ ਵਿਲੱਖਣਤਾ ਅਤੇ ਗੁਰੂ ਸਾਹਿਬ ਦੀ ਸ਼ਾਨ ਨੂੰ ਸਮਰਪਿਤ ਦੋ ਦਿਨਾਂ ਸਿੱਖ ਚੇਤਨਾ ਕਾਨਫਰੰਸ 15 ਅਤੇ 16 ਜੁਲਾਈ ਨੂੰ ਗੁਰਦੁਆਰਾ ਸੱਚਾ ਮਾਰਗ ਐਬਰਨ, ਸਿਆਟਲ ਵਿਖੇ ਕਰਾਉਣ ਦਾ ਫੈਸਲਾ ਕੀਤਾ ਗਿਆ। ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਹਰਸਿੰਦਰ ਸਿੰਘ ਸੰਧੂ ਨੇ ਦਸਿਆ ਕਿ ਇਹ ਕਾਨਫਰੰਸ ਸਹਿਯੋਗੀ ਜਥੇਬੰਦੀਆਂ ਦੀ ਸਰਪ੍ਰਸਤੀ ਹੇਠ ਹੋਵੇਗੀ ਜਿਥੇ ਬੁਲਾਰੇ ਗੁਰਮਤਿ ਸਬੰਧੀ ਵਿਚਾਰ ਸਾਂਝੇ ਕਰਨਗੇ। ਇਸ ਮੌਕੇ ਸਿੱਖ ਕੌਮ ਦੇ ਨਾਮਵਰ ਬੁਲਾਰੇ ਗੁਰਦਰਸ਼ਨ ਸਿੰਘ ਢਿਲੋਂ, ਪਾਲ ਪੁਰੇਵਾਲ, ਸ਼ਿਵਤੇਗ ਸਿੰਘ, ਬੀਬੀ ਜਸਬੀਰ ਕੌਰ, ਹਰਜਿੰਦਰ ਸਿੰਘ ਸਭਰਾ, ਸਰਬਜੀਤ ਸਿੰਘ ਸੈਕਰਾਮੈਂਟੋ, ਗੁਰਦੇਵ ਸਿੰਘ ਸੰਧਾਵਾਲੀਆ, ਤਰਲੋਚਨ ਸਿੰਘ ਦੁਪਾਲਪੁਰ, ਪਰਦੀਪ ਸਿੰਘ ਯੂ.ਕੇ., ਇੰਦਰਜੀਤ ਸਿੰਘ ਅਤੇ ਡਾ. ਜਸਮੀਤ ਸਿੰਘ ਉਲੰਪੀਆ ਉਚੇਚੇ ਤੌਰ 'ਤੇ ਪਹੁੰਚ ਕੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਹਰਸ਼ਿੰਦਰ ਸਿੰਘ ਸੰਧੂ, ਗੁਲਜ਼ਾਰ ਸਿੰਘ ਚਾਟੀਵਿੰਡ ਤੇ ਦਲਬਾਗ ਸਿੰਘ ਝਬਾਲ ਨੇ ਦਸਿਆ ਕਿ 15 ਜੁਲਾਈ ਨੂੰ ਕੈਂਟ ਕਾਨਫਰੰਸ ਤੇ ਈਵੈਂਟ ਸੈਂਟਰ ਕੈਂਟ ਸਵੇਰੇ 9:00 ਵਜੇ ਤੋਂ ਸ਼ਾਮ 6:00 ਵਜੇ ਤੱਕ ਅਤੇ 16 ਜੁਲਾਈ ਨੂੰ ਗੁਰਦੁਆਰਾ ਸੱਚਾ ਮਾਰਗ ਐਬਰਨ ਵਿਖੇ ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ ਤੱਕ ਹੋਵੇਗੀ ਜਿੱਥੇ ਦੇਸ਼ ਵਿਦੇਸ਼ ਤੋਂ ਬੁਲਾਰੇ ਦੀਆਂ ਸੰਗਤਾਂ ਦੇ ਰੂ-ਬ-ਰੂ ਹੋਣਗੇ।



**ਹਰਸ਼ਿੰਦਰ ਸਿੰਘ ਸੰਧੂ, ਗੁਲਜ਼ਾਰ ਸਿੰਘ, ਦਲਬਾਗ ਸਿੰਘ ਅਤੇ ਕਮੇਟੀ ਮੈਂਬਰ ਪ੍ਰੋਗਰਾਮ ਸਬੰਧੀ ਵਿਚਾਰ ਵਟਾਂਦਾਰਾ ਕਰਨ ਤੋਂ ਬਾਅਦ।**

## ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦਾ ਖੇਡ ਤੇ ਸਭਿਆਚਾਰਕ ਮੇਲਾ 2 ਜੁਲਾਈ ਨੂੰ

**ਸ਼ਿਕਾਗੋ/ਬਿਊਰੋ ਨਿਊਜ਼:**
ਸਥਾਨਕ ਖੇਡ ਤੇ ਸਭਿਆਚਾਰਕ ਸੰਸਥਾ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਦਾ ਖੇਡ ਅਤੇ ਸਭਿਆਚਾਰਕ ਮੇਲਾ ਆਉਂਦੀ 2 ਜੁਲਾਈ, ਐਤਵਾਰ ਨੂੰ ਇਥੇ ਬੱਸੀਵੁਡਜ਼ ਫਾਰੈਸਟ ਪ੍ਰਿਜ਼ਰਵ, ਐਲਕ ਗਰੂਵ ਵਿਲੇਜ ਵਿਖੇ ਸਵੇਰੇ 11:00 ਤੋਂ ਸ਼ਾਮ 6:00 ਵਜੇ ਤੱਕ ਹੋਵੇਗਾ। ਟੂਰਨਾਮੈਂਟ ਦੌਰਾਨ ਚੋਟੀ ਦੇ ਕਬੱਡੀ ਖਿਡਾਰੀ ਆਪਣੀ ਖੇਡ ਦਾ ਪ੍ਰਦਰਸ਼ਨ ਕਰਨਗੇ।





ਕਲੱਬ ਪ੍ਰਧਾਨ ਸ. ਅਮਰੀਕ ਸਿੰਘ ਸ਼ਿਕਾਗੋ ਅਤੇ ਚੇਅਰਮੈਨ ਸ. ਬਲਦੇਵ ਸਿੰਘ ਸੱਲ੍ਹਾਂ ਵਲੋਂ ਜਾਰੀ ਬਿਆਨ ਅਨੁਸਾਰ ਟੂਰਨਾਮੈਂਟ ਦੌਰਾਨ ਵਾਲੀਬਾਲ ਦੇ ਮੈਚ ਵੀ ਹੋਣਗੇ। ਵਾਲੀਬਾਲ ਟੂਰਨਾਮੈਂਟ ਸਵਰਗੀ ਹਰਭਜਨ ਸਿੰਘ ਗਾਖਲ, ਹਰਜਾਪ ਸਿੰਘ ਸੰਘਾ ਤੇ ਮੇਜਰ ਸਿੰਘ ਮੌਜੀ ਨੂੰ ਸਮਰਪਿਤ ਹੋਵੇਗਾ। ਇਸ ਤੋਂ ਇਲਾਵਾ ਬੀਬੀਆਂ ਤੇ ਬਜ਼ੁਰਗਾਂ ਦੇ ਰੱਸਾਕਸ਼ੀ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਮੇਲੇ ਲਈ ਪਾਰਕਿੰਗ ਮੁਫਤ ਹੋਵੇਗੀ। ਮੇਲੀਆਂ ਲਈ ਮੁਫਤ ਰੋਟੀ-ਪਾਣੀ ਤੇ ਠੰਡੇ-ਬੱਤੇ ਅਤੇ ਬੀਬੀਆਂ ਲਈ ਫਰੀ ਮਹਿੰਦੀ ਦਾ ਵੀ ਉਚੇਚਾ ਪ੍ਰਬੰਧ ਹੋਵੇਗਾ।

ਕਬੱਡੀ ਦਾ ਪਹਿਲਾ ਇਨਾਮ ਸੂਬੇਦਾਰ ਬਾਪੂ ਕਰਤਾਰ ਸਿੰਘ ਦੀ ਯਾਦ ਵਿਚ ਮਿਲਵਾਕੀ ਤੋਂ ਬਿਜਨਸਮੈਨ ਸ. ਦਰਸ਼ਨ ਸਿੰਘ ਧਾਲੀਵਾਲ ਵਲੋਂ ਦਿੱਤਾ ਜਾਵੇਗਾ। ਦੂਜੇ ਇਨਾਮ ਦੇ ਸਪਾਂਸਰ ਸ. ਹੈਰੀ ਘੁਮਾਣ ਤੇ ਸ. ਅਮਰਵੀਰ ਘੁਮਾਣ (ਇੰਡਿਆਨਾ) ਹੋਣਗੇ। ਮੇਲੇ ਦੇ ਮੁੱਖ ਮਹਿਮਾਨ ਰਾਜ ਗਾਇਕ ਹੰਸ ਰਾਜ ਹੰਸ ਹੋਣਗੇ ਜਦਕਿ ਗੈਸਟ ਆਫ ਆਨਰ ਸ਼ਿਕਾਗੋ ਵਿਚ ਭਾਰਤੀ ਕੌਂਸਲ ਜਨਰਲ ਸ੍ਰੀਮਤੀ ਨੀਤਾ ਭੂਸ਼ਨ, ਸਮਾਜ ਸੇਵੀ ਸ. ਐਸ ਪੀ ਸਿੰਘ ਓਬਰਾਏ, ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਅਤੇ ਸ. ਮਨਜੀਤ ਸਿੰਘ ਰਾਜਪੁਰ ਭਾਈਆਂ ਹੋਣਗੇ। ਕਬੱਡੀ ਮੈਚਾਂ ਉਪਰੰਤ ਚੋਟੀ ਦੇ ਗਾਇਕ ਰੁਪਿੰਦਰ ਹਾਂਡਾ, ਸ਼ੈਰੀ ਮਾਨ ਅਤੇ ਜੈਸਮੀਨ ਸੈਂਡਲਸ ਤਿੰਨ ਘੰਟੇ ਸਭਿਆਚਾਰਕ ਗਾਇਕੀ ਦਾ ਰੰਗਾ ਰੰਗ ਅਖਾੜਾ ਲਾਉਣਗੇ। ਕਲੱਬ ਨੇ ਸਭਨਾਂ ਨੂੰ ਮੇਲੇ ਲਈ ਸੱਦਾ ਦਿੰਦਿਆਂ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ ਹੈ।

## ਚੰਡੀਗੜ੍ਹ ਤੋਂ ਸਿੰਗਾਪੁਰ ਤੇ ਬੈਂਕਾਕ ਲਈ ਉਡਾਣ ਅਗਸਤ 'ਚ

**ਚੰਡੀਗੜ੍ਹ/ਬਿਊਰੋ ਨਿਊਜ਼:** ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਤੋਂ ਸਿੰਗਾਪੁਰ ਅਤੇ ਬੈਕਾਂਕ ਵਾਸਤੇ ਹਵਾਈ ਉਡਾਣਾਂ ਸ਼ੁਰੂ ਕਰਨ ਲਈ ਰਾਹ ਪੱਧਰਾ ਹੋ ਗਿਆ ਹੈ ਪਰ ਅਮਰੀਕਾ ਅਤੇ ਯੂਰਪ ਲਈ ਇਥੋਂ ਜਹਾਜ਼ ਉਡਣੇ ਅਜੇ ਦੂਰ ਦਾ ਸੁਪਨਾ ਹਨ। ਕੇਂਦਰ ਸਰਕਾਰ ਦੀ ਸ਼ਹਿਰੀ ਹਵਾਬਾਜ਼ੀ, ਡਿਫੈਂਸ ਅਤੇ ਗ੍ਰਹਿ ਮੰਤਰਾਲੇ 'ਤੇ ਆਧਾਰਤ ਗਿਆਰਾਂ ਮੈਂਬਰੀ ਟੀਮ ਨੇ ਦੋ ਦਿਨ ਪਹਿਲਾਂ ਹਵਾਈ ਅੱਡੇ ਦਾ ਦੌਰਾ ਕਰਕੇ ਸਿੰਗਾਪੁਰ ਅਤੇ ਬੈਂਕਾਕ ਲਈ ਅਗਸਤ ਮਹੀਨੇ ਦੇ ਅੰਤ ਤੋਂ ਉਡਾਣਾਂ ਸ਼ੁਰੂ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਇਹ ਦੋਵੇਂ ਉਡਾਣਾਂ ਮਾਰਚ ਵਿੱਚ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਸੀ ਪਰ ਲਟਕ ਕੇ ਰਹਿ ਗਈਆਂ ਸਨ। ਇਸ ਤੋਂ ਪਹਿਲਾਂ ਦੁਬਈ ਅਤੇ ਸ਼ਾਰਜਾਹ ਵਾਸਤੇ ਦੋ ਕੌਮਾਂਤਰੀ ਹਵਾਈ ਉਡਾਣਾਂ ਸ਼ੁਰੂ ਕੀਤੀਆਂ ਗਈਆਂ ਸਨ। ਦੁਬਈ ਲਈ ਜਹਾਜ਼ ਨੇ ਪਹਿਲੀ ਉਡਾਣ 26 ਸਤੰਬਰ ਨੂੰ ਅਤੇ ਸ਼ਾਰਜਾਹ ਲਈ 15 ਸਤੰਬਰ ਨੂੰ ਭਰੀ ਸੀ। ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਤੋਂ ਹਰ ਰੋਜ਼ 36 ਜਹਾਜ਼ ਉਡਦੇ ਹਨ ਅਤੇ ਜੁਲਾਈ ਵਿੱਚ ਹੈਦਰਾਬਾਦ ਅਤੇ ਪੁਣੇ ਲਈ ਦੋ ਨਵੀਆਂ ਉਡਾਣਾਂ ਸ਼ੁਰੂ ਹੋ ਰਹੀਆਂ ਹਨ। ਇਸ ਨਾਲ ਉਡਾਣਾਂ ਦੀ ਗਿਣਤੀ 40 ਹੋ ਜਾਵੇਗੀ। ਦੋਵੇਂ ਜਹਾਜ਼ ਹਫ਼ਤੇ ਵਿੱਚ ਤਿੰਨ ਤਿੰਨ ਦਿਨ ਲਈ ਸਿੰਗਾਪੁਰ ਅਤੇ ਬੈਂਕਾਂਕ ਲਈ ਉਡਾਣਾਂ ਭਰਿਆ ਕਰਨਗੇ।



ਇਸ ਤੋਂ ਪਹਿਲਾਂ ਦੁਬਈ ਨੂੰ ਰੋਜ਼ਾਨਾ ਅਤੇ ਸ਼ਾਰਜਾਹ ਨੂੰ ਹਫਤੇ ਵਿੱਚ ਤਿੰਨ ਦਿਨ ਜਹਾਜ਼ ਉਡਾਣ ਭਰ ਰਿਹਾ ਹੈ। ਕੇਂਦਰ ਸਰਕਾਰ ਦੀ ਗਿਆਰਾਂ ਮੈਂਬਰੀ ਟੀਮ ਨੇ ਹਵਾਈ ਕੰਪਨੀਆਂ ਸਮੇਤ ਪੰਜਾਬ ਪੁਲੀਸ ਦੇ ਉਚ ਅਫਸਰਾਂ ਨਾਲ ਵੀ ਮੀਟਿੰਗ ਕੀਤੀ ਹੈ। ਇਸ ਤੋਂ ਹੋਰ ਕੌਮਾਂਤਰੀ ਹਵਾਈ ਉਡਾਣਾਂ ਸ਼ੁਰੂ ਕਰਨ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਲਗਾਤਾਰ ਦਬਾਅ ਬਣਿਆ ਹੋਇਆ ਹੈ। ਹਾਈ ਕੋਰਟ ਨੇ ਇੰਡੀਗੋ ਕੰਪਨੀ ਨੂੰ ਜੁਲਾਈ ਦੇ ਸ਼ੁਰੂ ਵਿੱਚ ਤਲਬ ਕਰ ਲਿਆ ਹੈ।

# ‘ਦਾ ਬਲੈਕ ਪ੍ਰਿੰਸ’ ਫਿਲਮ ਦਾ ਸਿੱਖਾਂ ਨੂੰ ਸੁਨੇਹਾ



ਸਿੱਖ ਰਾਜ ਦੇ ਆਖਰੀ ਮਹਾਰਾਜਾ, ਦਲੀਪ ਸਿੰਘ ਦੇ ਜੀਵਨ ਸੰਘਰਸ਼ ਤੇ ਬਣੀ ਹਾਲੀਵੁੱਡ ਫਿਲਮ, ਦਾ ਬਲੈਕ ਪ੍ਰਿੰਸ’ ਅੱਜਕੱਲ੍ਹ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਅਮਰੀਕੀ ਮਹਾਂਦੀਪ ਤੋਂ ਬਾਅਦ ਹੁਣ ਯੂਰਪ ਵਿੱਚ ਵੀ ਇਸ ਫਿਲਮ ਨੇ ਆਪਣੀ ਕਲਾਤਮਿਕਤਾ ਕਾਰਨ ਚਰਚਾ ਛੇੜ ਦਿੱਤੀ ਹੈ। ਪਿਛਲੇ ਦਿਨੀ ਇੰਗਲੈਂਡ ਦੇ ਸੰਘਣੀ ਸਿੱਖ ਵਸੋਂ ਵਾਲੇ ਸ਼ਹਿਰ ਬਰਮਿੰਘਮ ਦੇ ਸਿਨੇਮਾ ਘਰ ਵਿੱਚ ਇਸ ਫਿਲਮ ਦਾ ਪ੍ਰੀਮੀਅਰ ਸ਼ੋਅ ਰੱਖਿਆ ਗਿਆ ਸੀ ਜਿਸ ਨੂੰ ਦੇਖਣ ਲਈ ਜਿੰਦਗੀ ਦੇ ਹਰ ਵਰਗ ਦੇ ਲੋਕ ਹੁੰਮ-ਹੁੰਮਾ ਕੇ ਪਹੁੰਚੇ। ਸਿੱਖਾਂ ਨੇ ਤਾਂ ਖੈਰ ਪਹੁੰਚਣਾਂ ਹੀ ਸੀ ਪਰ ਬਰਤਾਨਵੀ ਇਤਿਹਾਸ ਅਤੇ ਸਿੱਖ ਇਤਿਹਾਸ ਵਿੱਚ ਡੂੰਘੀ ਦਿਲਚਸਪੀ ਰੱਖਣ ਵਾਲੇ ਅੰਗਰੇਜ਼ ਵੀ ਇਸ ਫਿਲਮ ਦੇ ਪ੍ਰੀਮੀਅਰ ਨੂੰ ਦੇਖਣ ਲਈ ਪਹੁੰਚੇ।

ਫਿਲਮ ਦੇ ਪ੍ਰੀਮੀਅਰ ਤੋਂ ਬਾਅਦ ਲੋਕਾਂ ਦੇ ਜੋ ਪ੍ਰਤੀਕਰਮ ਸਾਹਮਣੇ ਆਏ ਹਨ ਉਹ ਫਿਲਮ ਦੀ ਸਫਲ ਪੇਸ਼ਕਾਰੀ ਦੀ ਕਹਾਣੀ ਆਪ ਕਹਿ ਰਹੇ ਸਨ। ਕੇਸਾਂ ਤੋਂ ਰਹਿਤ, ਸਿੱਖ ਪਰਿਵਾਰ ਵਿੱਚ ਜਨਮੇ ਇੱਕ ਨੌਜਵਾਨ ਦਾ ਕਹਿਣਾਂ ਸੀ ਕਿ ਇਸ ਫਿਲਮ ਨੇ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਕਿ ਅਸੀਂ ਕਿੰਨੇ ਮਹਾਨ ਸਿੱਖ ਵਿਰਸੇ ਦੇ ਮਾਲਕ ਹਾਂ ਕਿ ਦੁਨੀਆਂ ਦੇ ਸਭ ਤੋਂ ਖਤਰਨਾਕ ਸਮਝੇ ਜਾਂਦੇ ਇਲਾਕੇ ਉਤੇ ਕਦੇ ਖਾਲਸਾਈ ਨਿਸ਼ਾਨ ਝੂਲਦੇ ਹੁੰਦੇ ਸਨ।

ਇੱਕ ਅੰਗਰੇਜ਼ ਜੋੜੇ ਨੇ ਤਾਂ ਫਿਲਮ ਤੋਂ ਬਾਅਦ ਭਾਵੁਕ ਹੁੰਦੇ ਹੋਏ ਆਖਿਆ ਕਿ ਅਸੀਂ ਇਤਿਹਾਸ ਦੇ ਉਸ ਭਿਆਨਕ ਦੌਰ ਦੀ ਅਸਲੀਅਤ ਨੂੰ ਅੱਜ ਸਮਝ ਸਕੇ ਹਾਂ, ਕਿਉਂਕਿ ਅੱਜ ਤੱਕ ਸਾਨੂੰ ਇਤਿਹਾਸ ਦਾ ਉਹ ਪਾਸਾ ਹੀ ਪੜ੍ਹਾਇਆ ਅਤੇ ਦਿਖਾਇਆ ਜਾਂਦਾ ਸੀ ਜਿਸ ਵਿੱਚ ਅੰਗਰੇਜ਼ ਸਰਕਾਰ ਦਾ ਮਨੁੱਖਤਾਵਾਦੀ ਚਿਹਰਾ ਪੇਸ਼ ਹੁੰਦਾ ਸੀ। ਪਰ ਫਿਲਮ ਦੇਖ ਕੇ ਪਤਾ ਲੱਗਾ ਕਿ ਉਹ ਬਾਲਕ ਜਿਸਨੂੰ ਅਸੀਂ ਹੁਣ ਤੱਕ ਅੰਗਰੇਜ਼ਾਂ ਦਾ ਸਤਿਕਾਰਤ ਮਹਿਮਾਨ ਹੀ ਸਮਝਦੇ ਰਹੇ, ਕਿਸ ਕਿਸਮ ਦੇ ਦੋਹਰੇ ਚਕਰਵਿਊ ਨਾਲ ਜੂਝਦਾ ਹੋਇਆ ਅੰਤ ਤੱਕ ਆਪਣੇ ਗੁਆਚੇ ਹੋਏ ਸਿੱਖ ਰਾਜ ਨੂੰ ਹਾਸਲ ਕਰਨ ਲਈ ਜੀਅ ਤੋੜ ਕੋਸ਼ਿਸ਼ ਕਰਦਾ ਰਿਹਾ। ਉਨ੍ਹਾਂ ਦੱਸਿਆ ਕਿ ਹੁਣ ਤੱਕ ਸਾਨੂੰ ਸਿਰਫ ਇਹ ਹੀ ਪਤਾ ਸੀ ਕਿ ਮਹਾਰਾਜਾ ਦਲੀਪ ਸਿੰਘ ਨੂੰ ਬਹੁਤ ਸਤਿਕਾਰ ਸਹਿਤ ਪੰਜਾਬ ਤੋਂ ਇੱਕ ਸ਼ਾਹੀ ਮਹਿਮਾਨ ਦੇ ਤੌਰ ਤੇ ਲਿਆਂਦਾ ਗਿਆ ਸੀ ਅਤੇ ਉਸਨੂੰ ਸ਼ਾਹੀ ਪਰਵਰਿਸ਼ ਵਿੱਚ ਰੱਖਿਆ ਗਿਆ ਸੀ ਜਿੱਥੇ ਉਹ ਆਪਣੀ ਮਾਸੂਮ ਜਿੰਦਗੀ ਭੋਗ ਕੇ ਪੂਰਾ ਹੋ ਗਿਆ। ਪਰ ਇਸ ਫਿਲਮ ਨੇ ਸਾਡੀਆਂ ਉਹ ਅੱਖਾਂ ਖੋਲ੍ਹ ਦਿੱਤੀਆਂ ਹਨ ਜੋ ਇਤਿਹਾਸ ਦੀਆਂ ਕਿਤਾਬਾਂ ਨੇ ਬੰਦ ਕਰ ਦਿੱਤੀਆਂ ਸਨ। ਉਨ੍ਹਾਂ ਨੇ ਆਪਣੇ ਸੀਨੇ ਵਿੱਚ ਚੀਸ ਮਹਿਸੂਸ ਕਰਕੇ ਦੱਸਿਆ ਕਿ ਇੱਕ ਮਾਸੂਮ ਬਾਲਕ ਨੂੰ ਕਿਵੇਂ ਜਬਰੀਂ ਆਪਣੀ ਪਿਆਰੀ ਮਾਂ ਤੋਂ ਵੱਖ ਕਰਕੇ ਇਸ ਸ਼ਾਹੀ ਜੇਲ੍ਹ ਵਰਗੀ ਜਿੰਦਗੀ ਵਿੱਚ ਰੱਖਿਆ ਗਿਆ ਅਤੇ ਕਿਵੇਂ ਉਹ ਬਾਲਕ ਸਾਰੀ ਉਮਰ ਆਪਣੀ ਮਾਂ ਅਤੇ ਆਪਣੇ ਲੋਕਾਂ ਨੂੰ ਮਿਲਣ ਲਈ ਤੜਫਦਾ ਰਿਹਾ ਇਹ ਜਾਣਕਾਰੀ ਇਸ ਫਿਲਮ ਨੇ ਹੀ ਦਿੱਤੀ ਹੈ।



ਅਵਤਾਰ ਸਿੰਘ ਯੂ.ਕੇ.
*ਸੀਨੀਅਰ ਪੱਤਰਕਾਰ*

ਇੱਕ ਹੋਰ ਅੰਗਰੇਜ਼ ਨੇ ਆਖਿਆ ਕਿ ਫਿਲਮ ਨੇ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਨੂੰ ਘੇਰਾ ਪਾ ਕੇ ਚੱਲ ਰਹੇ ਦੋ ਤੂਫਾਨਾਂ ਦੀ ਗੱਲ ਛੇੜੀ ਹੈ। ਇੱਕ ਤੂਫਾਨ ਉਸਦੀ ਨਿੱਜੀ ਜਿੰਦਗੀ ਉੱਤੇ ਚੜ੍ਹ ਰਿਹਾ ਸੀ ਜਿਸ ਵਿੱਚ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਉਸਦੇ ਭਰਾਵਾਂ ਅਤੇ ਰਿਸ਼ਤੇਦਾਰਾਂ ਦਾ ਬੇਕਿਰਕ ਕਤਲੇਆਮ ਹੋਇਆ ਅਤੇ ਦੂਜਾ ਤੂਫਾਨ ਉਸਦੀ ਜਿੰਦਗੀ ਦਾ ਰਾਜਸੀ ਤੂਫਾਨ ਸੀ ਜਿਸਨੇ ਉਸ ਧਰਤੀ ਦਾ ਮੁਹਾਂਦਰਾ ਹੀ ਬਦਲ ਕੇ ਰੱਖ ਦਿੱਤਾ ਜਿੱਥੇ ਕਦੇ ਖਾਲਸਾਈ ਨਿਸ਼ਾਨ ਝੂਲਦੇ ਹੁੰਦੇ ਸਨ। ਨਿਰਸੰਦੇਹ ਦਾ ਬਲੈਕ ਪ੍ਰਿੰਸ’ ਨੇ ਸਿੱਖ ਇਤਿਹਾਸ ਦੇ ਉਸ ਵੱਡੇ ਦਰਦਨਾਕ ਕਾਂਡ ਦੀ ਗੱਲ ਸਪਸ਼ਟ ਰੂਪ ਵਿੱਚ ਛੇੜਣ ਦਾ ਯਤਨ ਕੀਤਾ ਹੈ ਜਿਸ ਵਿੱਚ ਅੰਗਰੇਜ਼ ਸਾਮਰਾਜ ਦੇ ਉਸ ਭਿਆਨਕ ਚਿਹਰੇ ਨੂੰ ਕਲਾਤਮਕ ਢੰਗ ਨਾਲ ਬੇਪਰਦ ਕਰਨ ਦਾ ਯਤਨ ਕੀਤਾ ਗਿਆ ਹੈ।

ਸਾਡਾ ਮਾਸੂਮ ਮਹਾਰਾਜਾ ਕਿਵੇਂ ਆਪਣੀ ਨਿੱਜੀ ਜਿੰਦਗੀ ਅਤੇ ਰਾਜਸੀ ਜਿੰਦਗੀ ਦੇ ਝੱਖੜਾਂ ਨਾਲ ਜੂਝਦਾ ਹੋਇਆ, ਆਪਣੀ ਮਾਂ ਦੇ ਵਿਛੋੜੇ ਵਿੱਚ ਕਿਵੇਂ ਮਾਂ ਅਤੇ ਸਿੱਖ ਰਾਜ ਨੂੰ ਹਾਸਲ ਕਰਨ ਲਈ ਵੱਡੇ ਭੇੜੀਆਂ ਨਾਲ ਲੜਦਾ ਰਿਹਾ, ਇਹ ਫਿਲਮ ਦਾ ਕਲਾਤਮਕ ਹਾਸਲ ਹੈ।

ਹੁਣ ਤੱਕ ਪੜ੍ਹਾਏ ਜਾਂਦੇ ਇੱਕ ਪਾਸੜ ਇਤਿਹਾਸ ਨੂੰ ਕੁਝ ਹੱਦ ਤੱਕ ਇਸ ਫਿਲਮ ਨੇ ਬੇਪਰਦ ਕਰਨ ਦਾ ਯਤਨ ਕੀਤਾ ਹੈ। ਇੱਕ ਬੇਗਾਨੇ ਮੁਲਕ, ਆਬੋ-ਹਵਾ ਅਤੇ ਬੇਗਾਨੇ ਲੋਕਾਂ ਵਿੱਚ ਰਹਿ ਕੇ ਕਿਵੇਂ ਸਾਡੇ ਮਾਸੂਮ ਮਹਾਰਾਜੇ ਨੇ ਸਿੱਖ ਰਾਜ ਨੂੰ ਮੁੜ ਹਾਸਲ ਕਰ ਲੈਣ ਦੇ ਯਤਨ ਕੀਤੇ ਇਹ ਕਹਾਣੀ ਕਿਸੇ ਇੱਕ ਫਿਲਮ ਜਾਂ ਇੱਕ ਅੱਧੀ ਕਿਤਾਬ ਦੀ ਮੁਥਾਜ ਨਹੀ ਹੈ। ਇਸ ਵਿਸ਼ੇ ਤੇ ਸੈਂਕੜੇ ਫਿਲਮਾਂ ਅਤੇ ਹਜਾਰਾਂ ਕਿਤਾਬਾਂ ਆਉਣੀਆਂ ਚਾਹੀਦੀਆਂ ਹਨ।

ਇਨ੍ਹਾਂ ਦਸਤਾਵੇਜ਼ਾਂ ਵਿੱਚ ਉਨ੍ਹਾਂ ਲੋਕਾਂ ਦੀ, ਸੱਭਿਅਤਾ’ ਅਤੇ ਸੱਭਿਅਕ’ ਵਤੀਰਾ ਵੀ ਬੇਪਰਦ ਹੋਣਾਂ ਚਾਹੀਦਾ ਹੈ ਜਿਨ੍ਹਾਂ ਨੇ ਛੋਟੇ ਛੋਟੇ ਮਸੂਮ ਬਾਲਕਾਂ ਨੂੰ ਮਰਵਾਉਣ ਲਈ ਲੋਕਾਂ ਨੂੰ ਉਤੇਜਿਤ ਕੀਤਾ ਅਤੇ ਜਿਨ੍ਹਾਂ ਨੇ ਸਾਡੀ ਸਤਿਕਾਰਯੋਗ ਮਹਾਰਾਣੀ ਨੂੰ ਸ਼ਰੇਆਮ ਦਰਬਾਰ ਵਿੱਚੋਂ ਵਾਲਾਂ ਤੋਂ ਫੜਕੇ ਅਤੇ ਘੜੀਸਕੇ ਗ੍ਰਿਫਤਾਰ ਕੀਤਾ।

ਜਿਨ੍ਹਾਂ ਸਿੱਖਾਂ ਨੇ ਇਸ ਫਿਲਮ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਉਨ੍ਹਾਂ ਸਾਰਿਆਂ ਦੇ ਵਿਚਾਰਾਂ ਵਿੱਚੋਂ ਸਿੱਧੇ ਜਾਂ ਅਸਿੱਧੇ ਤੌਰ ਤੇ ਆਪਣੇ ਗੁਆਚੇ ਹੋਏ ਸਿੱਖ ਰਾਜ ਨੂੰ ਮੁੜ ਹਾਸਲ ਕਰ ਲੈਣ ਦੀ ਰੀਝ ਕਿਤੇ ਨਾ ਕਿਤੇ ਸਮਝੀ ਜਾ ਸਕਦੀ ਹੈ।

ਅਸੀਂ ਸਮਝਦੇ ਹਾਂ ਕਿ ਇਹੋ ਹੀ ਇਸ ਫਿਲਮ ਦਾ ਅਸਲ ਹਾਸਲ ਹੈ ਕਿ ਇਸਨੇ ਸਿੱਖਾਂ ਵਿੱਚ ਆਪਣੇ ਰਾਜ ਨੂੰ ਹਾਸਲ ਕਰ ਲੈਣ ਦੀ ਰੀਝ ਮੁੜ ਤੋਂ ਪੈਦਾ ਕਰ ਦਿੱਤੀ ਹੈ। ਇਹੋ ਹੀ ਦਾ ਬਲੈਕ ਪ੍ਰਿੰਸ’ ਦਾ ਅਸਲ ਸੰਦੇਸ਼ ਹੈ। ਸਿੱਖਾਂ ਨੂੰ ਇਹ ਸੰਦੇਸ਼ ਸਦਾ ਯਾਦ ਰੱਖਣਾਂ ਚਾਹੀਦਾ ਹੈ।










# ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਬਹੁਤ ਹੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ

**ਲਾਸ ਏਂਜਲਸ/ਬਿਊਰੋ ਨਿਊਜ਼:** ਲੈਂਕਸਰਸ਼ਿਮ ਗੁਰੂਘਰ ਵਿਖੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ 18 ਜੂਨ ਨੂੰ ਬਹੁਤ ਭਾਵਨਾਤਮਿਕ ਤਰੀਕੇ ਨਾਲ ਮਨਾਇਆ ਗਿਆ। ਇਸ ਮੌਕੇ ਗੁਰੂ ਘਰ ਦੇ ਪ੍ਰਸਿੱਧ ਰਾਗੀ ਅਤੇ ਕਥਾ ਵਾਚਕਾਂ ਨੇ ਗੁਰੂ ਚਰਨਾਂ ਵਿਚ ਆਪਣੀ ਹਾਜ਼ਰੀ ਲਗਵਾਈ। ਪ੍ਰੋਗਰਾਮ ਦੀ ਆਰੰਭਤਾ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਹੋਈ. ਉਪਰੰਤ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਦੀ ਸੇਵਾ ਹੋਈ ਉਪਰੰਤ ਭਾਈ ਗੁਰਮੀਤ ਸਿੰਘ ਮੀਤ ਰੁਦਰਪੁਰ ਵਾਲਿਆਂ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਤੋਂ ਬਾਅਦ ਬਾਬਾ ਸੁਰਜੀਤ ਸਿੰਘ ਜੀ ਨੇ ਕਥਾ ਵਿਚਾਰਾਂ ਰਾਹੀਂ ਬਹੁਤ ਹੀ ਭਾਵਨਾਤਮਿਕ ਤੌਰ ਤੇ ਜੁੜ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਥਾ ਸੰਗਤਾਂ ਨੂੰ ਸੁਣਾਈ। ਉਪਰੰਤ ਹਜ਼ੂਰੀ ਰਾਗੀ ਭਾਈ ਜਤਿੰਦਰ ਸਿੰਘ ਜੋਤ ਜੀ ਨੇ ਆਪਣੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਦਾ ਮਨ ਮੋਹ ਲਿਆ। ਮਿਥੇ





ਪ੍ਰੋਗਰਾਮ ਅਨੁਸਾਰ ਸੰਤ ਬਾਬਾ ਸਰੂਪ ਸਿੰਘ ਜੀ ਨੇ ਦੀਵਾਨ ਸਜਾਏ ਅਤੇ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਦਰਸਾਏ ਜੀਵਨ ਤੇ ਚਲਣ ਦੀ ਸੇਦ ਦਿੱਤੀ ਅਤੇ ਉਨ੍ਹਾਂ ਨੇ ਇਸ ਹਫ਼ਤਾਵਾਰੀ ਪ੍ਰੋਗਰਾਮ ਦਾ ਭੋਗ ਪਾਇਆ। ਜ਼ਿਕਰਯੋਗ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਸਮਾਗਮ ਦੇ ਸਬੰਧ ਵਿਚ ਬੀਬੀਆਂ ਵੱਲੋਂ 21 ਦਿਨ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਗਏ ਅਤੇ ਭੋਗ ਪਾਇਆ ਗਿਆ। ਇਸ ਸਮਾਗਮ ਵਿਚ ਸਟੇਜ ਦੀ ਸੇਵਾ ਮੌਜੂਦਾ ਪ੍ਰਧਾਨ ਗੁਰਚਰਨ ਸਿੰਘ ਬੈਂਸ ਜੀ ਨੇ ਨਿਭਾਈ ਅਤੇ ਉਨ੍ਹਾਂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਸਮਾਗਮ ਦੀ ਸਾਰੀ ਸੇਵਾ ਗੁਰਦਿਆਲ ਸਿੰਘ ਜੀ ਰੰਧਾਵਾ ਅਤੇ ਨਿਤਨੇਮ ਸੰਗਤ ਅਤੇ ਲਖਵਿੰਦਰ ਸਿੰਘ ਜੀ ਵੱਲੋਂ ਕੀਤੀ ਗਈ। ਅੰਤ ਵਿਚ ਸੰਤ ਸਰੂਪ ਸਿੰਘ ਜੀ ਨੇ ਗੁਰੂ ਘਰ ਦੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ।

# ਸਾਕਾ ਨੀਲਾ ਤਾਰਾ ਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ ਸਬੰਧੀ ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿਖੇ ਵਿਸ਼ੇਸ਼ ਸ਼ਹੀਦੀ ਸਮਾਗਮ

### *ਸਮਾਜ ਸੇਵਕ ਮਨਪ੍ਰੀਤ ਸਿੰਘ ਬਦੇਸ਼ਾ ਵਲੋਂ ਅਖੰਡ ਪਾਠ ਸਾਹਿਬ ਦੀ ਸੇਵਾ*

**ਮਿਲਪੀਟਸ/ਬਿਊਰੋ ਨਿਊਜ਼,** ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿਖੇ ਸਾਕਾ ਨੀਲਾ ਤਾਰਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਤ ਸਮਾਗਮ ਕਰਵਾਏ ਗਏ। ਮਿਲਪੀਟਸ ਅਤੇ ਨਾਲ ਲਗਦੇ ਸ਼ਹਿਰਾਂ ਵਿੱਚੋਂ ਸਮੂਹ ਸੰਗਤਾਂ ਨੇ ਬੜੀ ਸ਼ਰਧਾ ਤੇ ਭਾਵਨਾ ਨਾਲ ਇਨ੍ਹਾਂ ਸਮਾਗਮਾਂ ਵਿੱਚ ਹਾਜ਼ਰੀ ਲਗਵਾਈ। ਗੁਰੂ ਘਰ ਦੇ ਸੇਵਾਦਾਰ ਅਤੇ ਸਮਾਜ ਸੇਵਕ ਮਨਪ੍ਰੀਤ ਸਿੰਘ ਬਦੇਸ਼ਾ ਵਲੋਂ ਸਮੂਹ ਮਨੁੱਖਤਾ ਦੇ ਭਲੇ ਲਈ ਅਰੰਭੇ ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਕੀਰਤਨ ਦਰਬਾਰ ਦੀ ਅਰੰਭਤਾ ਹੋਈ। ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਸੁਖਦੇਵ ਸਿੰਘ ਅਤੇ ਡਾ. ਰਵਿੰਦਰ ਸਿੰਘ ਜੀ





ਵਲੋਂ ਗੁਰਬਾਣੀ ਦੇ ਰਸਭਿੰਨੇ ਕੀਰਤਨ ਦੁਆਰਾ ਹਾਜ਼ਰ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਦਾ ਯਤਨ ਕੀਤਾ ਗਿਆ। ਉਪਰੰਤ ਵਿਸ਼ੇਸ਼ ਸੱਦੇ ਤੇ ਆਏ ਨੌਜਵਾਨ ਕਵੀਸ਼ਰੀ ਜੱਥੇ ਭਾਈ ਭਗੀਰਥ ਸਿੰਘ ਅਤੇ ਭਾਈ ਹਰਜੋਤ ਸਿੰਘ ਜੀ ਸਿਆਟਲ ਵਾਲਿਆਂ ਵਲੋਂ ਸੰਗਤਾਂ ਨੂੰ ਜੋਸ਼ੀਲੀਆਂ ਵਾਰਾਂ ਸੁਣਾ ਕੇ ਅਪਣੇ ਇਤਿਹਾਸ ਅਤੇ ਅਮੀਰ ਵਿਰਸੇ ਨਾਲ ਜੋੜਿਆ ਗਿਆ। ਜ਼ਿਕਰਯੋਗ ਹੈ ਕਿ ਇਹ ਦੋਵੇਂ ਨੌਜਵਾਨ ਵੀਰ ਅਮਰੀਕਾ ਦੇ ਜੰਮਪਲ ਹੁੰਦੇ ਹੋਇਆਂ ਠੇਠ ਪੰਜਾਬੀ ਉੱਤੇ ਗੂੜ੍ਹੀ ਪਕੜ ਰੱਖਦੇ ਹਨ ਅਤੇ ਅਮਰੀਕਾ ਵਿਖੇ ਵੱਖ-ਵੱਖ ਸਮੇਂ 'ਤੇ ਕੱਢੇ ਜਾਂਦੇ ਨਗਰ ਕੀਰਤਨ ਸਮਾਗਮਾਂ ਵਿੱਚ ਸ਼ਿਰਕਤ ਕਰਦੇ ਹਨ। ਸੰਗਤਾਂ ਦੀ ਵਿਸ਼ੇਸ਼ ਚਾਹਤ ਤੇ ਇਨ੍ਹਾਂ ਵਲੋਂ ਹਰ ਸਮਾਗਮ ਵਿੱਚ ਗਾਈ ਜਾਂਦੀ ਇਹ ਵਾਰ "ਬਸ ਇਸੇ ਕਰਕੇ ਤੇਰੇ ਨਾਲ ਸਾਡੀ ਬਣਦੀ ਨਈ ਸਰਕਾਰੇ ਨੀ" ਪੇਸ਼ ਕੀਤੀ ਗਈ। ਇਸ ਉਪਰੰਤ ਉੱਚੇਚੇ ਤੌਰ 'ਤੇ ਪਹੁੰਚੇ ਕਵੀ ਸਾਹਿਬਾਨਾਂ ਵਲੋਂ ਇਸ ਵਿਸ਼ੇਸ਼ ਦਿਨ ਨੂੰ ਸਮਰਪਿਤ ਕਵੀ ਦਰਬਾਰ ਸਜਾਏ ਗਏ। ਸਮਾਪਤੀ ਉਪਰੰਤ ਗੁਰੂ ਘਰ ਦੇ ਸੇਵਾਦਾਰ ਭਾਈ ਜਸਵੰਤ ਸਿੰਘ ਹੋਠੀ ਵਲੋਂ ਸਮੁੱਚੀ ਸਿੱਖ ਕੌਮ ਨੂੰ ਇੱਕ ਹੋ ਕੇ ਪੂਰੀ ਮਾਨਵਤਾ ਲਈ ਸੇਵਾ ਕਰਨ ਦੀ ਬੇਨਤੀ ਕੀਤੀ ਅਤੇ ਆਉਣ ਵਾਲੇ ਸਮੇ ਵਿੱਚ ਗੁਰੂ ਘਰ ਵਲੋਂ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਬਾਰੇ ਦੱਸਿਆ। ਸਟੇਜ ਸਕੱਤਰ ਦੀ ਭੂਮਿਕਾ ਜਗਜੀਤ ਸਿੰਘ ਕੰਗ ਵਲੋਂ ਬਾਖੂਬੀ ਨਿਭਾਈ ਗਈ। ਅੰਤ ਵਿੱਚ ਗੁਰੂ ਘਰ ਵਿਖੇ ਪਹੁੰਚੇ ਸਮੂਹ ਰਾਗੀ ਅਤੇ ਢਾਡੀ ਸਾਹਿਬਾਨਾਂ ਅਤੇ ਸੁਖਪ੍ਰੀਤ ਸਿੰਘ ਬਦੇਸ਼ਾ (ਜੋਬਨ) ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਵਿਸ਼ਵ ਪੰਜਾਬੀ ਕਾਨਫਰੰਸ ਨਵੀਆਂ ਉਮੀਦਾਂ ਤੇ ਸੰਭਾਵਨਾਵਾਂ ਨਾਲ ਸਮਾਪਤ

**ਬਰੈਂਪਟਨ/ਸਤਿਬੀਰ ਸਿੰਘ**

ਵਿਸ਼ਵ ਪੰਜਾਬੀ ਕਾਨਫਰੰਸ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਭਵਿੱਖ ਬਾਰੇ ਸਾਰਥਿਕ ਸੰਭਾਵਨਾਵਾਂ ਨਾਲ ਅੱਜ ਸਮਾਪਤ ਹੋ ਗਈ। ਕਾਨਫਰੰਸ ਦੇ ਆਖਰੀ ਸੈਸ਼ਨ ਦੀ ਪ੍ਰਧਾਨਗੀ ਡਾ. ਦੀਪਕ ਮਨਮੋਹਨ, ਗਿਆਨ ਸਿੰਘ ਕਾਂਗ, ਐਡਵੋਕੇਟ ਅਜਾਇਬ ਸਿੰਘ ਚੱਠਾ, ਡਾ. ਦਲਜੀਤ ਸਿੰਘ, ਕੰਵਲਜੀਤ ਕੌਰ ਬੈਂਸ ਤੇ ਹਲੀਮਾ ਸਾਦੀਆ ਨੇ ਕੀਤੀ। ਡਾ. ਦੀਪਕ ਨੇ ਕਿਹਾ ਕਿ ਪੰਜਾਬ ਦੇ ਪੁਨਰਗਠਨ ਬਾਅਦ ਕਈ ਸਰਕਾਰਾਂ ਆਈਆਂ ਪਰ ਪੰਜਾਬੀ ਭਾਸ਼ਾ ਤੇ ਸਭਿਆਚਾਰ ਬਾਰੇ ਨੀਤੀ ਨਹੀਂ ਬਣ ਸਕੀ। ਹੁਣ ਸੱਭਿਆਚਾਰ ਮੰਤਰੀ ਨਵਜੋਤ ਸਿੰਘ ਸਿੱਧੂ ਨੇ 50 ਵਿਦਵਾਨਾਂ, ਕਲਾਕਾਰਾਂ ਤੇ ਲੇਖਕਾਂ ਦੀ ਕਮੇਟੀ ਬਣਾਈ ਹੈ, ਜਿਸ ਦੀਆਂ ਚਾਰ ਮੀਟਿੰਗਾਂ ਹੋ ਚੁੱਕੀਆਂ ਹਨ। ਸ੍ਰੀ ਸਿੱਧੂ ਦਾ ਧੰਨਵਾਦ ਨੀਤੀ ਬਣਨ ਬਾਅਦ ਹੀ ਕੀਤਾ ਜਾਵੇਗਾ। ਕਾਨਫਰੰਸ 'ਚ ਸਰਬਸੰਮਤੀ ਨਾਲ 12 ਮਤੇ ਪਾਸ ਕੀਤੇ ਗਏ, ਜਿਨ੍ਹਾਂ 'ਚ ਮੰਗ ਕੀਤੀ ਕਿ ਪੰਜਾਬੀ ਨੂੰ ਪੰਜਾਬ ਦੀ ਪ੍ਰਸ਼ਾਸਨਿਕ ਭਾਸ਼ਾ ਬਣਾਇਆ ਜਾਵੇ। ਅਦਾਲਤਾਂ, ਮੈਡੀਕਲ ਤੋਂ ਇਲਾਵਾ ਹੋਰ ਖੇਤਰਾਂ 'ਚ ਪੰਜਾਬੀ 'ਚ ਕੰਮ ਹੋਵੇ। ਚੰਡੀਗੜ੍ਹ ਨੂੰ ਪੰਜਾਬੀ ਭਾਸ਼ਾ ਐਕਟ ਅਧੀਨ ਲਿਆਂਦਾ ਜਾਵੇ। ਨੈਤਿਕ ਸਿੱਖਿਆ ਨੂੰ ਸਕੂਲੀ ਪਾਠਕ੍ਰਮ ਦਾ ਹਿੱਸਾ ਬਣਾਇਆ ਜਾਵੇ। ਸੰਸਾਰ ਭਰ 'ਚ ਵਸੇ ਪੰਜਾਬੀਆਂ ਦੀ ਭਾਰਤ ਸਰਕਾਰ ਸੁਰੱਖਿਆ ਯਕੀਨੀ ਬਣਾਵੇ। ਬਲਵਿੰਦਰ ਸਿੰਘ ਚੱਠਾ, ਡਾ. ਲਖਵਿੰਦਰ ਕੌਰ ਤੇ ਸਵੈਰਾਜ ਸੰਧੂ ਨੇ ਕਿਹਾ ਪੰਜਾਬੀ ਭਾਸ਼ਾ ਨੂੰ ਧਰਮਾਂ ਦੀ ਵਲਗਣ ਤੋਂ ਉਪਰ ਰੱਖਿਆ ਜਾਵੇ।



**ਕਾਨਫਰੰਸ ਦੇ ਸਮਾਪਤੀ ਸੈਸ਼ਨ ਦੀ ਪ੍ਰਧਾਨਗੀ ਕਰਦੇ ਹੋਏ ਡਾ. ਦੀਪਕ ਮਨਮੋਹਨ, ਅਜਾਇਬ ਸਿੰਘ ਚੱਠਾ ਤੇ ਹਲੀਮਾ ਸਾਦੀਆ।**

# 100 ਦਿਨਾਂ 'ਚ ਕੁਝ ਵੀ ਨਹੀਂ ਬਦਲਿਆ : ਭਾਜਪਾ ਆਗੂ

**ਜਲੰਧਰ/ਬਿਊਰੋ ਨਿਊਜ਼:** ਭਾਰਤੀ ਜਨਤਾ ਪਾਰਟੀ ਪੰਜਾਬ ਦਾ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਦੀ ਸਰਕਾਰ ਦੇ 100 ਦਿਨਾਂ 'ਚ ਕੁਝ ਵੀ ਨਹੀਂ ਬਦਲਿਆ ਅਤੇ ਪੰਜਾਬ ਸਰਕਾਰ ਸਿਰਫ਼ ਬਦਲਾਖੋਰੀ ਅਤੇ ਬਦਲੀਆਂ 'ਚ ਉਲਝ ਕੇ ਰਹਿ ਗਈ ਹੈ। ਭਾਜਪਾ ਕੈਪਟਨ ਸਰਕਾਰ ਦੇ 100 ਦਿਨ ਪੂਰੇ ਹੋਣ 'ਤੇ ਤਿੱਖੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਕਿਹਾ ਕਿ ਭਾਜਪਾ ਦੇ ਸੂਬਾਈ ਬੁਲਾਰੇ ਰਾਕੇਸ਼ ਸ਼ਾਂਤੀ ਦੂਤ ਨੇ ਕਿਹਾ ਕੈਪਟਨ ਸਰਕਾਰ ਨੇ ਆਪਣੇ ਵਾਅਦਿਆਂ ਤੋਂ ਹੱਥ ਖਿੱਚ ਲਿਆ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਨੇ ਕਰਜ਼ਾ ਮੁਆਫ਼ੀ ਦੇ ਮਾਮਲੇ 'ਤੇ ਕਿਸਾਨਾਂ ਨਾਲ ਹੀ ਨਹੀਂ, ਸਗੋਂ ਪੂਰੇ ਪੰਜਾਬ ਨਾਲ ਵਾਅਦਾਖ਼ਿਲਾਫ਼ੀ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦਾ ਕੋਈ ਵਰਗ ਖੁਸ਼ ਨਹੀਂ ਹੈ। ਸੂਬੇ ਦੇ ਮੁਲਾਜ਼ਮ 100 ਦਿਨਾਂ ਅੰਦਰ ਹੀ ਰੋਸ ਮੁਜ਼ਾਹਰੇ ਕਰਨ ਲਈ ਮਜਬੂਰ ਹੋ ਗਏ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਤਾ ਨਹੀਂ ਕਿੱਥੇ ਲੁਕ ਕੇ ਬੈਠ ਗਏ ਹਨ ਤੇ ਲੋਕ ਆਪਣੇ ਮੁੱਖ ਮੰਤਰੀ ਨੂੰ ਦੇਖਣ ਲਈ ਤਰਸ ਗਏ ਹਨ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਨੇ ਬਦਲੀਆਂ ਕਰਨ ਤੇ ਅਕਾਲੀ-ਭਾਜਪਾ ਵਰਕਰਾਂ ਤੋਂ ਬਦਲਾ ਲੈਣ ਤੋਂ ਬਿਨਾਂ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਦੇ 100 ਦਿਨਾਂ ਨੂੰ ਇੱਕ ਕੈਬਨਿਟ ਮੰਤਰੀ ਵੱਲੋਂ ਬੇਨਾਮੀ ਰੇਤਾਂ ਦੀਆਂ ਖੱਡਾਂ ਦੀ ਬੋਲੀ ਦੇਣ ਅਤੇ ਰੇਤਾ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਕਰਨ ਵਜੋਂ ਯਾਦ ਰੱਖਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਬਜਟ ਪੇਸ਼ ਕਰਨ ਸਮੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਵਿਧਾਨ ਸਭਾ ਵਿੱਚ ਗ਼ੈਰ-ਮੌਜੂਦਗੀ ਇਹ ਸਾਬਿਤ ਕਰ ਗਈ ਕਿ ਉਨ੍ਹਾਂ ਲਈ ਪੰਜਾਬ ਦੀ ਬਜਾਏ ਆਪਣੇ ਨਿੱਜੀ ਕੰਮ ਜ਼ਿਆਦਾ ਮਹੱਤਵਪੂਰਣ ਹਨ। ਸ੍ਰੀ ਸ਼ਾਂਤੀ ਦੂਤ ਨੇ ਕਿਹਾ ਕਿ 100 ਦਿਨਾਂ ਵਿੱਚ ਓਐਸਡੀਜ਼ ਦੀ ਵੱਡੀ ਫ਼ੌਜ ਲਾ ਕੇ ਸਰਕਾਰੀ ਖ਼ਜ਼ਾਨੇ 'ਤੇ ਬੋਝ ਪਾਉਣ ਵਰਗੇ ਅਜਿਹੇ ਫ਼ੈਸਲੇ ਲਏ ਗਏ ਹਨ, ਜੋ ਪੰਜਾਬ ਸਰਕਾਰ ਵਿੱਚ ਕੰਮ ਕਰ ਰਹੇ ਨਿਪੁੰਨ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਭਰੋਸੇਯੋਗਤਾ 'ਤੇ ਪ੍ਰਸ਼ਨਚਿੰਨ੍ਹ ਲਾਉਂਦੇ ਹਨ।

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਡਾ. ਗੁਰਮੀਤ ਸਿੰਘ ਔਲਖ ਜੀ ਦਾ ਅਕਾਲ ਚਲਾਣਾ ਸਿੱਖ ਪੰਥ ਨੂੰ ਵੱਡਾ ਘਾਟਾ: ਏਜੀਪੀਸੀ

## *ਖਾਲਿਸਤਾਨੀ ਸੰਘਰਸ਼ ਦੇ ਯੋਧੇ ਦੀ ਯਾਦ 'ਚ ਗੁਰਦੁਆਰਾ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿੱਖੇ ਹੋਣਗੇ ਸ਼ਰਧਾਂਜਲੀ ਸਮਾਗਮ*

**ਮਿਲਪੀਟਸ/ਬਿਊਰੋ ਨਿਊਜ਼**, ਸਿਖਾਂ ਦੇ ਆਜ਼ਾਦ ਮੁਲਕ ਲਈ ਅਰੰਭੇ ਸੰਘਰਸ਼ ਦੇ ਮੁਢਲੇ ਸੰਘਰਸ਼ਸ਼ੀਲ ਆਗੂ ਡਾ. ਗੁਰਮੀਤ ਸਿੰਘ ਔਲਖ ਜੀ ਪਿਛਲੇ ਦਿਨੀ ਆਪਣੀ ਸੰਸਾਰਕ ਯਾਤਰਾ ਪੂਰਨ ਕਰਦੇ ਹੋਏ ਅਕਾਲ ਪੁਰਖੁ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ ਉਨਾ ਦੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿਣ ਨਾਲ ਸਿੱਖ ਪੰਥ ਨੂੰ ਕਦੇ ਵੀ ਨਾ ਪੂਰਨ ਹੋਣ ਵਾਲਾ ਘਾਟਾ ਪਿਆ ਹੈ। ਡਾ. ਗੁਰਮੀਤ ਸਿੰਘ ਔਲਖ (ਸੰਨ 1938-2017) ਅਮਰੀਕਾ ਵਿਚ ਇਕ ਖੋਜ ਵਿਗਿਆਨੀ ਸਨ ਜੋ 1980ਵਿਆਂ, 1990 ਅਤੇ 2000 ਦੇ ਦਹਾਕੇ ਵਿਚ ਖਾਲਿਸਤਾਨ ਦੀ ਕੌਂਸਲ ਦੇ ਪ੍ਰਧਾਨ ਦੇ ਤੌਰ ਤੇ ਰਹੇ, ਜੋ ਕਿ ਭਾਰਤ ਦੀ ਪੰਜਾਬ ਦੇ ਖਾਲਿਸਤਾਨ ਅੰਦੋਲਨ ਨੂੰ ਸਮਰਥਨ ਦੇਣ ਵਾਲੀ ਇਕ ਸੰਸਥਾ ਹੈ। ਉਹ ਦਹਾਕਿਆਂ ਦੌਰਾਨ, ਵਾਸ਼ਿੰਗਟਨ, ਡੀ.ਸੀ. ਵਿੱਚ ਅਮਰੀਕੀ ਕਾਂਗਰਸ ਦੇ ਹਾਲ ਵਿੱਚ ਉਸ ਦੇ ਲਾਬਿੰਗ ਲਈ ਜਾਣੇ ਜਾਂਦੇ ਸਨ।

ਡਾ. ਔਲਖ ਦਾ ਜਨਮ 1938 ਵਿਚ ਜਿਲਾ ਲਾਇਲਪੁਰ ਵਿਚ ਹੋਇਆ ਸੀ. ਉਨ੍ਹਾਂ ਦੇ ਦਾਦਾ ਨੇ ਉਨਾਂ ਨੂੰ ਇਸ ਖੇਤਰ ਵਿਚ ਪ੍ਰੇਰਿਤ ਕੀਤਾ। ਸੰਨ 1947 ਵਿਚ ਬ੍ਰਿਟਿਸ਼ ਰਾਜ ਤੋਂ



ਭਾਰਤ ਦੀ ਆਜ਼ਾਦੀ ਅਤੇ ਪੰਜਾਬ ਦੇ ਬਟਵਾਰੇ ਸਮੇ ਉਹ ਚੜ੍ਹਦੇ ਪੰਜਾਬ ਆਏ। ਡਾ. ਔਲਖ ਨੇ ਪਿੰਡ ਸਰਹਾਲੀ ਕਲਾਂ ਤੋਂ ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਵਿਚ ਪੜਾਈ ਕੀਤੀ। ਸੰਨ 1958 ਵਿਚ ਅੰਮ੍ਰਿਤਸਰ ਦੇ ਖਾਲਸਾ ਕਾਲਜ ਤੋਂ ਖੇਤੀਬਾੜੀ ਵਿਗਿਆਨ ਵਿਚ ਡਿਗਰੀ ਪ੍ਰਾਪਤ ਕੀਤੀ ਅਤੇ ਖੇਤੀਬਾੜੀ ਇੰਸਪੈਕਟਰ ਵਜੋਂ ਪੰਜਾਬ ਸਰਕਾਰ ਵਿੱਚ ਨੌਕਰੀ ਪ੍ਰਾਪਤ ਕੀਤੀ। ਉਹ ਸੰਨ 1965 ਪੰਜਾਬ ਤੋਂ ਯੂ.ਕੇ. ਚਲੇ ਗਏ।

ਸੰਨ 1984 ਤੋਂ ਪਹਿਲਾਂ ਡਾ. ਔਲਖ ਦੀ ਕੋਈ ਸਿਆਸੀ ਸ਼ਮੂਲੀਅਤ ਨਹੀਂ ਸੀ। ਉਨ੍ਹਾਂ ਦੇ ਜੀਵਨ ਵਿੱਚ ਵੱਡਾ ਮੋੜ ਜੂਨ 1984 ਵਿਚ ਅਇਆ ਜਦੋਂ ਭਾਰਤੀ ਫੌਜ ਨੇ ਸਿੱਖ ਧਰਮ ਦੇ ਸਭ ਤੋਂ ਪਵਿੱਤਰ ਅਸਥਾਨ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ, ਜਿਸ ਦਾ ਉਦੇਸ਼ ਉਨਾਂ ਸਿਖਾਂ ਨੂੰ ਖਤਮ ਕਰਨਾ ਸੀ ਜੋ ਪੰਜਾਬ ਅਤੇ ਸਿੱਖਾਂ ਲਈ ਵਧੇਰੇ ਸਿਆਸੀ ਖ਼ੁਦਮੁਖ਼ਤਾਰੀ ਦੀ ਮੰਗ ਕਰ ਰਹੇ ਸਨ। ਇੰਦਰਾ ਗਾਂਧੀ ਦੀ ਅਗਵਾਈ ਹੇਠ ਭਾਰਤੀ ਸਰਕਾਰ ਨੇ ਪੂਰੇ ਪੰਜਾਬ ਵਿਚ ਫੌਜੀ ਕਾਰਵਾਹੀ ਕਰਦਿਆਂ ਦੂਜੇ ਸਿੱਖ ਗੁਰਦੁਆਰਿਆਂ ਤੇ ਵੀ ਹਮਲਾ ਕੀਤਾ। ਸਾਰੇ ਪੰਜਾਬ ਨੂੰ ਮਾਰਸ਼ਲ ਲਾਅ ਅਧੀਨ ਰੱਖਿਆ ਗਿਆ ਅਤੇ ਸਾਰੇ ਸੰਚਾਰ ਬੰਦ ਕਰ ਦਿੱਤੇ ਗਏ. ਇਸ ਮੁਹਿੰਮ ਦੇ ਦੌਰਾਨ ਹਜ਼ਾਰਾਂ ਸਿੱਖਾਂ ਦੀ ਹੱਤਿਆ ਕੀਤੀ ਗਈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਬਿਨਾਂ ਕਿਸੇ ਪ੍ਰਕਿਰਿਆ ਦੇ ਜੁਰਮ ਕੀਤੇ ਗਏ। ਇਸ ਘੱਲੂਘਾਰੇ ਨੇ ਡਾ. ਔਲਖ ਦੇ ਜੇਹਨ ਉੱਤੇ ਡੂੰਘਾ ਅਸਰ ਪਾਇਆ ਤੇ ਉਹ ਹਰ ਜਗ੍ਹਾ ਸਿੱਖਾਂ ਤੇ ਕੀਤੇ ਜਾ ਰਹੇ ਜ਼ੁਲਮਾਂ ਖਿਲਾਫ ਅਵਾਜ ਬੁਲੰਦ ਕਰਦੇ ਰਹੇ ਅਤੇ ਇੱਕ ਖ਼ੁਦ ਮੁਖਤਿਆਰ ਆਜ਼ਾਦ ਦੇਸ਼ ਦੀ ਮੰਗ ਵੀ ਕਰਦੇ ਰਹੇ।

ਉਨਾਂ ਦੇ ਸਿੱਖ ਧਰਮ ਅਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਕੀਤੇ ਗਏ ਅਥਾਹ ਯਤਨਾਂ ਨੂੰ ਸਮਰਪਿਤ ਇਕ ਵਿਸ਼ਾਲ ਸ਼ਰਧਾਂਜਲੀ ਸਮਾਗਮ ਵਾਸ਼ਿੰਗਟਨ ਡੀ ਸੀ ਵਿਖੇ ਹੋ ਰਿਹਾ ਹੈ ਜਿਸ ਵਿੱਚ ਸਮੂਹ ਸੰਸਾਰ ਵਿੱਚ ਵਸਦੇ ਹੋਏ ਸਿੱਖ ਪਹੁੰਚ ਰਹੇ ਹਨ। ਅਮੈਰਿਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਿਥੇ ਸਮੂਹ ਸੰਗਤਾਂ ਨੂੰ ਵਾਸ਼ਿੰਗਟਨ ਡੀ ਸੀ ਵਿਖੇ ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਹੈ ਉਥੇ ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ 680 E CALAVERAS ਮਿਲਪੀਟਸ ਵਿਖੇ ਵੱਡਾ ਸਮਾਗਮ ਕਰਵਾਇਆ ਜਾ ਰਿਹਾ ਹੈ ਜੋ ਸੰਗਤਾਂ ਵਾਸ਼ਿੰਗਟਨ ਡੀ ਸੀ ਵਿਖੇ ਨਹੀਂ ਪਹੁੰਚ ਸਕਦੀਆਂ ਉਨਾਂ ਨੂੰ ਗੁਰੂ ਦਰਬਾਰ ਮਿਲਪੀਟਸ ਵਿਖੇ ਇਸ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਹੈ ਕਿ ਵੱਧ ਤੋਂ ਵੱਧ ਇਸ ਸਮਾਗਮ ਵਿੱਚ ਸ਼ਿਰਕਤ ਕਰਕੇ ਉਸ ਜੁਝਾਰੂ ਆਤਮਾ ਲਈ ਅਰਦਾਸ ਕਰੀਏ।

# ਹਰਿਮੰਦਰ ਸਾਹਿਬ ਨੂੰ ਪ੍ਰਦੂਸ਼ਣ ਰਹਿਤ ਰੱਖਣ ਲਈ ਵੱਡਾ ਉਪਰਾਲਾ, ਲੰਗਰ ਘਰ ਵਿੱਚ ਸੂਰਜੀ ਊਰਜਾ ਦੀ ਕੀਤੀ ਜਾਵੇਗੀ ਵਰਤੋਂ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸ੍ਰੀ ਹਰਿਮੰਦਰ ਸਾਹਿਬ ਦੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿੱਚ ਹੁਣ ਸੂਰਜੀ ਊਰਜਾ ਨਾਲ ਪੈਦਾ ਕੀਤੀ ਭਾਫ਼ ਰਾਹੀਂ ਲੰਗਰ ਤਿਆਰ ਕਰਨ ਦੀ ਯੋਜਨਾ ਹੈ। ਇਸ ਨਾਲ ਨਾ ਸਿਰਫ਼ ਪ੍ਰਦੂਸ਼ਣ ਘਟੇਗਾ, ਸਗੋਂ ਗੈਸ ਸਿਲੰਡਰਾਂ ਦੀ ਵਰਤੋਂ ਵੀ ਘਟੇਗੀ ਪੇਡਾ ਦੇ ਡਾਇਰੈਕਟਰ ਬਲੌਰ ਸਿੰਘ ਦੀ ਅਗਵਾਈ ਹੇਠ ਤਿੰਨ ਮੈਂਬਰੀ ਟੀਮ ਨੇ ਸੋਮਵਾਰ ਨੂੰਨਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀ ਨਵੀਂ ਇਮਾਰਤ 'ਤੇ ਸੋਲਰ ਊਰਜਾ ਪਲਾਂਟ ਲਾਉਣ ਸਬੰਧੀ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਕਮੇਟੀ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ। ਇਸ ਪਲਾਂਟ 'ਤੇ ਲਗਪਗ ਡੇਢ ਕਰੋੜ ਰੁਪਏ ਖਰਚ ਆਵੇਗਾ। ਇਸ ਪ੍ਰਣਾਲੀ ਦੀ ਵਰਤੋਂ ਨਾਲ ਰੋਜ਼ਾਨਾ 55 ਗੈਸ ਸਿਲੰਡਰਾਂ ਦੀ ਬਚਤ ਹੋਵੇਗੀ ਅਤੇ ਪ੍ਰਦੂਸ਼ਣ ਵਿੱਚ ਵੀ ਕਮੀ ਆਵੇਗੀ। ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾਕੋਹਨਾ, ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਭੰਗਾਲੀ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਤੇ ਹੋਰ ਸ਼ਾਮਲ ਸਨ।

ਪੇਡਾ ਡਾਇਰੈਕਟਰ ਬਲੌਰ ਸਿੰਘ ਨੇ ਸੋਲਰ ਊਰਜਾ ਸਿਸਟਮ ਲਾਉਣ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਸਮੁੱਚੀ ਜਾਣਕਾਰੀ ਦਿੱਤੀ। ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾਕੋਹਨਾ ਅਤੇ ਪੇਡਾ ਦੇ ਸਾਬਕਾ ਚੇਅਰਮੈਨ ਭਾਈ ਮਨਜੀਤ ਸਿੰਘ ਨੇ ਦੱਸਿਆ ਕਿ ਜਲਦੀ ਸੋਲਰ ਊਰਜਾ ਸਿਸਟਮ ਸਥਾਪਤ ਕੀਤਾ ਜਾਵੇਗਾ, ਜਿਸ ਰਾਹੀਂ ਪੈਦਾ ਹੋਈ ਭਾਫ ਨਾਲ ਲੰਗਰ ਤਿਆਰ ਹੋਵੇਗਾ। ਇਸ ਤੋਂ ਪਹਿਲਾਂ ਇੱਥੇ ਲੱਕੜ ਅਤੇ ਐਲਪੀਜੀ ਗੈਸ ਦੀ ਵਰਤੋਂ ਕੀਤੀ ਜਾ ਰਹੀ ਹੈ, ਜੋ ਇਹ ਪਲਾਂਟ ਲੱਗਣ ਤੋਂ ਬਾਅਦ ਘਟ ਜਾਵੇਗੀ ਤੇ ਪ੍ਰਦੂਸ਼ਣ ਵੀ ਘਟੇਗਾ। ਉਨ੍ਹਾਂ ਦੱਸਿਆ ਕਿ ਡੇਢ ਕਰੋੜ



ਰੁਪਏ ਦੀ ਲਾਗਤ ਨਾਲ ਲੱਗਣ ਵਾਲੇ ਇਸ ਪਲਾਂਟ ਦੀ ਸੇਵਾ ਐਨਪਾਰ ਗਰੁੱਪ ਮੁੰਬਈ ਵੱਲੋਂ ਪੇਡਾ ਰਾਹੀਂ ਕੀਤੀ ਜਾਵੇਗੀ। ਨਵੀਂ ਪ੍ਰਣਾਲੀ ਸ਼ੁਰੂ ਹੋਣ ਨਾਲ ਲੰਗਰ ਤਿਆਰ ਕਰਨ ਲਈ ਪਹਿਲਾਂ ਨਾਲੋਂ ਘੱਟ ਸਮਾਂ ਲੱਗੇਗਾ। ਬੱਦਲਵਾਈ, ਧੁੰਦ ਆਦਿ ਹੋਣ 'ਤੇ ਭਾਫ ਸੂਰਜੀ ਊਰਜਾ ਪਲਾਂਟ ਦੀ ਥਾਂ ਐਲਪੀਜੀ ਗੈਸ ਅਤੇ ਤੇਲ ਦੀ ਵਰਤੋਂ ਨਾਲ ਤਿਆਰ ਹੋਵੇਗੀ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦਾਂ ਵਿੱਚ ਅਜਿਹਾ ਪਲਾਂਟ ਸਥਾਪਤ ਕੀਤਾ ਜਾ ਚੁੱਕਾ ਹੈ, ਜਿਸ ਵਿੱਚ ਬਾਲਣ ਦੀ ਵਰਤੋਂ ਨਾਲ ਭਾਫ਼ ਤਿਆਰ ਕੀਤੀ ਜਾਂਦੀ ਹੈ ਅਤੇ ਮਗਰੋਂ ਭਾਫ ਨਾਲ ਲੰਗਰ ਤਿਆਰ ਹੁੰਦਾ ਹੈ। ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਪਹਿਲਾਂ ਸੂਰਜੀ ਊਰਜਾ ਰਾਹੀਂ ਲੰਗਰ ਘਰ ਵਾਸਤੇ ਪਾਣੀ ਗਰਮ ਕਰਨ ਦਾ ਪਲਾਂਟ ਅਤੇ ਪੰਜ ਕਿਲੋਵਾਟ ਸੂਰਜੀ ਬਿਜਲੀ ਪਲਾਂਟ ਲੱਗਿਆ ਹੋਇਆ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਪੇਡਾ ਅਧਿਕਾਰੀਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ, ਲੋਈ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।










# ਦਸਤਾਰ ਬੇਅਦਬੀ ਮਾਮਲੇ 'ਚ ਸਿੱਖ ਵਿਧਾਇਕਾਂ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ ਜਾਵੇ : ਫੂਲਕਾ



ਆਪ ਆਗੂ ਅਕਾਲ ਤਖ਼ਤ ਵਿਖੇ ਸਕੱਤਰ ਭੁਪਿੰਦਰ ਸਿੰਘ ਨੂੰ ਮੰਗ ਪੱਤਰ ਸੌਂਪਦੇ ਹੋਏ।

**ਅੰਮ੍ਰਿਤਸਰ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਪੱਤਰ ਸੌਂਪ ਕੇ ਪੰਜਾਬ ਵਿਧਾਨ ਸਭਾ ਵਿਚ ਸਿੱਖ ਵਿਧਾਇਕਾਂ ਦੀਆਂ ਦਸਤਾਰਾਂ ਅਤੇ ਕੇਸਾਂ ਦੀ ਕੀਤੀ ਬੇਅਦਬੀ ਦੇ ਮਾਮਲੇ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਉਨ੍ਹਾਂ ਦੇ ਸਿੱਖ ਮੰਤਰੀਆਂ ਤੇ ਵਿਧਾਇਕਾਂ ਨੂੰ ਸ੍ਰੀ ਅਕਾਲ ਤਖ਼ਤ 'ਤੇ ਤਲਬ ਕਰਕੇ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਪੱਤਰ ਸੌਂਪਣ ਵਾਲੇ 'ਆਪ' ਆਗੂਆਂ ਵਿਚ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਐਡਵੋਕੇਟ ਐਚ.ਐਸ. ਫੂਲਕਾ, ਵਿਧਾਇਕ ਨਿਰਮਲ ਸਿੰਘ, ਅਮਰਜੀਤ ਸਿੰਘ, ਮਨਜੀਤ ਸਿੰਘ ਬਿਲਾਸਪੁਰ, ਕੁਲਵੰਤ ਸਿੰਘ, ਜੈ ਕਿਸ਼ਨ ਸਿੰਘ ਸਮੇਤ ਸਥਾਨਕ ਆਗੂ ਹਾਜ਼ਰ ਸਨ। ਇਹ ਪੱਤਰ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਚ ਨਿੱਜੀ ਸਕੱਤਰ ਭੁਪਿੰਦਰ ਸਿੰਘ ਨੂੰ ਸੌਂਪਿਆ ਗਿਆ ਹੈ। ਉਨ੍ਹਾਂ ਨੇ ਆਖਿਆ ਕਿ ਉਹ ਇਹ ਪੱਤਰ ਜਥੇਦਾਰ ਗਿਆਨੀ ਗੁਰਬਚਨ ਸਿੰਘ, ਜੋ ਇਸ ਵੇਲੇ ਪੰਜਾਬ ਤੋਂ ਬਾਹਰ ਹਨ, ਨੂੰ ਸੌਂਪ ਦੇਣਗੇ। ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਮੀਟਿੰਗ ਵਿਚ ਵੀ ਵਿਚਾਰੇ ਜਾਣ ਦੀ ਸੰਭਾਵਨਾ ਹੈ।

'ਆਪ' ਆਗੂਆਂ ਨੇ ਆਖਿਆ ਕਿ 22 ਜੂਨ ਨੂੰ ਵਿਧਾਨ ਸਭਾ ਵਿਚ ਸਿੱਖ ਵਿਧਾਇਕਾਂ ਦੀਆਂ ਦਸਤਾਰਾਂ ਦੀ ਬੇਅਦਬੀ ਅਤੇ ਕੇਸਾਂ ਦੀ ਬੇਹੁਰਮਤੀ ਕੀਤੀ ਗਈ ਹੈ। ਉਸ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਸਦਨ ਵਿਚ ਹਾਜ਼ਰ ਸਨ ਪਰ ਉਨ੍ਹਾਂ ਨੇ ਇਸ ਘਟਨਾ ਨੂੰ ਰੋਕਣ ਲਈ ਕੋਈ ਯਤਨ ਨਹੀਂ ਕੀਤਾ ਅਤੇ ਨਾਂਹ-ਪੱਖੀ ਰੋਲ ਨਿਭਾਇਆ। 'ਆਪ' ਆਗੂਆਂ ਨੇ ਦੋਸ਼ ਲਾਇਆ ਕਿ ਅਜਿਹਾ ਮਹਿਸੂਸ ਹੋਇਆ ਕਿ ਇਹ ਸਭ ਕੁਝ ਮੁੱਖ ਮੰਤਰੀ ਦੇ ਇਸ਼ਾਰੇ 'ਤੇ ਸਪੀਕਰ ਵਲੋਂ ਕਰਾਇਆ ਗਿਆ ਹੈ।

## 'ਆਪ' ਵਲੋਂ ਪੰਜਾਬ ਵਿਧਾਨ ਸਭਾ ਦੇ ਬਾਹਰ ਵੱਖਰਾ ਸੈਸ਼ਨ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਨੇ ਕਾਂਗਰਸ ਸਰਕਾਰ ਤੇ ਪਿਛਲੀ ਅਕਾਲੀ-ਭਾਜਪਾ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਰੋਸ ਵਜੋਂ ਵੱਖਰਾ ਸੈਸ਼ਨ ਚਲਾਇਆ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਨੂੰ ਪੱਗਾਂ, ਦਲਿਤਾਂ ਅਤੇ ਔਰਤਾਂ ਦੀ ਬੇਇੱਜ਼ਤੀ ਕਰਨ ਬਦਲੇ ਮੁਆਫ਼ੀ ਮੰਗਣ ਲਈ ਕਿਹਾ।

ਪੰਜਾਬ ਵਿਧਾਨ ਸਭਾ 'ਚ ਬੀਤੇ ਦਿਨ ਵਾਪਰੀਆਂ ਘਟਨਾਵਾਂ ਦੇ ਵਿਰੋਧ 'ਚ ਵਾਕਆਊਟ ਕਰਨ ਪਿੱਛੋਂ ਆਪ ਵਿਧਾਇਕਾਂ ਨੇ ਵਿਧਾਨ ਸਭਾ ਕੰਪਲੈਕਸ ਦੇ ਬਾਹਰ ਵੱਖਰਾ ਸੈਸ਼ਨ ਲਾਇਆ ਤੇ ਖਰੜ ਦੇ ਵਿਧਾਇਕ ਕੰਵਰ ਸੰਧੂ ਨੂੰ ਸਪੀਕਰ ਦੀ ਜ਼ਿੰਮੇਵਾਰੀ ਸੌਂਪੀ ਗਈ। ਮੁੱਖ ਮੰਤਰੀ ਅਵਤਾਰ ਸਿੰਘ ਸੰਧਵਾਂ ਨੂੰ ਬਣਾਇਆ ਗਿਆ। 'ਆਪ' ਨੇ ਇਕ ਮਤੇ ਰਾਹੀਂ ਕਾਂਗਰਸ ਵਿਧਾਇਕਾਂ ਅਤੇ ਮੁੱਖ ਮੰਤਰੀ ਦੀ ਇਸ ਗੱਲੋਂ ਨਿਖੇਧੀ ਕੀਤੀ ਕਿ ਉਨ੍ਹਾਂ ਪੱਗ ਦੀ ਬੇਅਦਬੀ ਹੋਣ ਦੇ ਬਾਵਜੂਦ ਸਦਨ ਦੀ ਕਾਰਵਾਈ ਚਲਾਈ। ਵਿਰੋਧੀ ਧਿਰ ਦੇ ਆਗੂ ਐਚਐਸ ਫੂਲਕਾ ਨੇ ਕਿਹਾ ਕਿ 'ਆਪ' ਵਿਧਾਇਕ ਪਿਛਲੀ ਅਕਾਲੀ-ਭਾਜਪਾ ਸਰਕਾਰ ਦੌਰਾਨ ਹੋਏ ਘਪਲਿਆਂ ਦੇ ਮਾਮਲੇ, ਕਾਂਗਰਸ ਸਰਕਾਰ ਵਲੋਂ ਕਾਰਵਾਈ ਨਾ ਕੀਤੇ ਜਾਣ ਅਤੇ ਵਾਅਦੇ ਪੂਰੇ ਨਾ ਕਰਨ ਦੇ ਮੁੱਦਿਆਂ ਨੂੰ ਉਭਾਰਨਾ ਚਾਹੁੰਦੇ ਸਨ, ਪਰ ਉਨ੍ਹਾਂ ਨੂੰ ਮੁੱਦੇ ਉਠਾਉਣ ਦਾ ਮੌਕਾ ਨਹੀਂ ਦਿੱਤਾ ਗਿਆ। 'ਆਪ' ਵਿਧਾਇਕ ਸੁਖਪਾਲ ਖਹਿਰਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਕਾਂਗਰਸ ਅਤੇ ਅਕਾਲੀ ਦਲ ਤੋਂ ਬਰਾਬਰੀ ਦੀ ਦੂਰੀ ਬਣਾ ਚੱਲੇਗੀ। ਉਨ੍ਹਾਂ ਰੇਤ ਮਾਫੀਏ ਦੇ ਮੁੱਦੇ ਨੂੰ ਉਭਾਰਿਆ। ਤਲਵੰਡੀ ਸਾਬੋ ਤੋਂ ਵਿਧਾਇਕ ਬਲਜਿੰਦਰ ਕੌਰ ਨੇ ਕਿਹਾ ਕਿ ਕੈਪਟਨ ਸਰਕਾਰ ਦਾਅਵੇ ਕਰ ਰਹੀ ਹੈ ਕਿ ਕਿਸਾਨਾਂ ਦੀਆਂ ਜ਼ਮੀਨਾਂ ਦੀਆਂ ਕੁਰਕੀਆਂ ਬੰਦ ਕਰ ਦਿੱਤੀਆਂ ਗਈਆਂ ਹਨ ਪਰ ਉਨ੍ਹਾਂ ਦੇ ਹਲਕੇ ਵਿਚ ਪੈਂਦੇ ਪਿੰਡ ਠੱਠੇਵਾਲਾ ਦੇ ਕਿਸਾਨ ਬੂਟਾ ਸਿੰਘ ਦੀ ਇਕ ਕਿੱਲਾ ਤੇ ਸਵਾ ਕਨਾਲ ਜ਼ਮੀਨ 19 ਜੂਨ ਨੂੰ ਕੁਰਕ ਕੀਤੀ ਗਈ ਹੈ।

ਵੱਖਰੇ ਸੈਸ਼ਨ ਨੂੰ ਵਿਧਾਇਕ ਦਲ ਦੇ ਡਿਪਟੀ ਆਗੂ ਅਮਨ ਅਰੋੜਾ, ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਜੈ ਕਿਸ਼ਨ ਸਿੰਘ ਰੋੜੀ, ਲੋਕ ਇਨਸਾਫ ਪਾਰਟੀ ਦੇ ਸਿਮਰਜੀਤ ਸਿੰਘ ਬੈਂਸ, ਬਲਵਿੰਦਰ ਸਿੰਘ ਬੈਂਸ ਸਮੇਤ ਕਈ ਹੋਰਾਂ ਨੇ ਸੰਬੋਧਨ ਕੀਤਾ। ਸੈਸ਼ਨ ਤੋਂ ਪਹਿਲਾਂ 'ਆਪ' ਵਿਧਾਇਕ ਸੁਖਪਾਲ ਖਹਿਰਾ ਅਤੇ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਬੈਂਸ ਨੇ ਵਿਧਾਨ ਸਭਾ ਦੇ ਬਾਹਰ ਰੋਸ ਮੁਜ਼ਾਹਰਾ ਕੀਤਾ। ਸੈਸ਼ਨ ਵਾਲੀ ਥਾਂ 'ਤੇ ਰੰਗ ਬਿਰੰਗੇ ਕੁਝ ਪੋਸਟਰ ਲਾਏ ਹੋਏ ਸਨ ਜਿਹੜੇ ਰੇਤ ਮਾਫੀਆ ਤੇ ਹੋਰ ਨੀਤੀਆਂ ਨੂੰ ਬਿਆਨ ਕਰਦੇ ਸਨ। ਇਕ ਪੋਸਟਰ 'ਤੇ ਲਿਖਿਆ ਹੋਇਆ ਸੀ ਕਿ ਕਾਂਗਰਸ ਮਾਫੀਏ ਨੇ ਕੀਤਾ ਬਾਦਲਾਂ ਦੀ ਹੱਟੀ' 'ਤੇ ਕਬਜ਼ਾ। ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਦੇ ਪੋਸਟਰ 'ਤੇ ਲਿਖਿਆ ਹੋਇਆ ਸੀ ਹੁਣ ਮੇਰਾ ਜਵਾਈ ਕਰੇਗਾ ਰੇਤ ਮਾਫੀਏ ਦਾ ਕੰਮ'। ਇਕ ਹੋਰ ਪੋਸਟਰ ਰਾਹੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਨੂੰ ਭਰੋਸਾ ਦੇ ਰਹੇ ਹਨ ਮੇਰੇ ਹੁੰਦੇ ਹੋਏ ਰਾਣਾ ਤੇਰਾ ਕੋਈ ਕੁਝ ਨਹੀਂ ਵਿਗਾੜ ਸਕਦਾ'।



# ਬਾਦਲ ਲਾਣੇ ਨੇ ਸਰਕਾਰੀ ਹਵਾਈ ਜਹਾਜ਼ਾਂ ਨੂੰ ਗੱਡਿਆਂ ਵਾਗੂੰ ਵਰਤਿਆ

## *ਮਜੀਠੀਆ ਤੇ ਕੈਰੋਂ ਨੇ ਲਾਏ ਦਿੱਲੀ ਦੇ ਖੁੱਲ੍ਹੇ ਗੇੜੇ; ਸਰਕਾਰੀ ਖਜ਼ਾਨੇ ਨੂੰ ਬੇਰਹਿਮੀ ਨਾਲ ਉਡਾਇਆ*

**ਬਠਿੰਡਾ//ਬਿਊਰੋ ਨਿਊਜ਼:** ਪੰਜਾਬ 'ਚ ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਮੇਂ ਵਜ਼ੀਰਾਂ ਦੇ ਹੈਲੀਕਾਪਟਰ ਦੇ ਝੂਟਿਆਂ ਨੇ ਖ਼ਜ਼ਾਨੇ ਨੂੰ ਭੁੰਜੇ ਲਾਹ ਦਿੱਤਾ ਹੈ, ਜਿਸ 'ਤੇ ਹੁਣ ਉਂਗਲ ਉੱਠੀ ਹੈ। ਗੱਠਜੋੜ ਸਰਕਾਰ ਨੇ ਵਜ਼ੀਰਾਂ ਵਾਸਤੇ ਵੱਖਰੇ ਤੌਰ 'ਤੇ ਪੰਜ ਹਵਾਈ ਕੰਪਨੀਆਂ ਤੋਂ ਵਿਸ਼ੇਸ਼ ਤੌਰ 'ਤੇ ਹੈਲੀਕਾਪਟਰ ਭਾੜੇ 'ਤੇ ਲਏ ਸਨ। ਉਦੋਂ ਸਰਕਾਰ ਨੇ ਹੈਲੀਕਾਪਟਰ ਭਾੜੇ 'ਤੇ ਲੈਣ ਲਈ ਨਾ ਤਾਂ ਟੈਂਡਰ ਜਾਰੀ ਕੀਤੇ ਅਤੇ ਨਾ ਹੀ ਕਿਸੇ ਹਵਾਈ ਕੰਪਨੀ ਨਾਲ ਸਮਝੌਤਾ ਕੀਤਾ। ਵਿੱਤੀ ਵਰ੍ਹੇ 2013-14 ਤੋਂ ਜੁਲਾਈ 2016 ਤਕ ਇਨ੍ਹਾਂ ਪੰਜ ਹੈਲੀਕਾਪਟਰਾਂ ਦਾ ਸਭ ਤੋਂ ਵੱਧ ਨਜ਼ਾਰਾ ਤਤਕਾਲੀ ਵਜ਼ੀਰ ਬਿਕਰਮ ਮਜੀਠੀਆ ਅਤੇ ਆਦੇਸ਼ ਪ੍ਰਤਾਪ ਕੈਰੋਂ ਨੇ ਲੁੱਟਿਆ, ਜਿਨ੍ਹਾਂ ਦੇ ਹਵਾਈ ਝੂਟੇ ਤਕਰੀਬਨ ਡੇਢ ਕਰੋੜ ਰੁਪਏ ਵਿੱਚ ਪਏ ਹਨ।

ਸ਼ਹਿਰੀ ਹਵਾਬਾਜ਼ੀ ਵਿਭਾਗ ਪੰਜਾਬ ਤੋਂ ਆਰਟੀਆਈ ਤਹਿਤ ਪ੍ਰਾਪਤ ਜਾਣਕਾਰੀ ਅਨੁਸਾਰ ਤਤਕਾਲੀ ਖੁਰਾਕ ਤੇ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਕੈਰੋਂ ਨੇ ਹੈਲੀਕਾਪਟਰ 'ਤੇ ਦਿੱਲੀ-ਚੰਡੀਗੜ੍ਹ ਦੇ ਜ਼ਿਆਦਾ ਗੇੜੇ ਲਾਏ। ਉਨ੍ਹਾਂ ਨੇ 53 ਘੰਟੇ ਹੈਲੀਕਾਪਟਰ ਵਰਤਿਆ ਜਦੋਂ ਕਿ ਸ੍ਰੀ ਮਜੀਠੀਆ ਨੇ ਤਕਰੀਬਨ 22 ਘੰਟੇ ਹੈਲੀਕਾਪਟਰ ਦੀ ਵਰਤੋਂ ਕੀਤੀ। ਵਜ਼ੀਰਾਂ ਵਾਸਤੇ ਵਰਤੇ ਇਨ੍ਹਾਂ ਹੈਲੀਕਾਪਟਰਾਂ ਦਾ ਤਕਰੀਬਨ ਸਵਾ ਤਿੰਨ ਵਰ੍ਹਿਆਂ ਦੌਰਾਨ 24.94 ਕਰੋੜ ਰੁਪਏ ਭਾੜਾ ਤਾਰਿਆ ਗਿਆ ਹੈ। ਇਹ ਹੈਲੀਕਾਪਟਰ ਕੁੱਲ 1112 ਘੰਟੇ ਅਸਮਾਨ ਵਿੱਚ ਉੱਡੇ।



### ਕੈਪਟਨ ਸਰਕਾਰ ਦੇ ਹਵਾਈ ਝੂਟਿਆਂ ਦੇ ਤੱਥ ਦਸਣੋਂ ਨਾਂਹ

ਸ਼ਹਿਰੀ ਹਵਾਬਾਜ਼ੀ ਮਹਿਕਮੇ ਨੇ ਕੈਪਟਨ ਹਕੂਮਤ ਸਮੇਂ ਹੈਲੀਕਾਪਟਰ ਦੇ ਗੇੜਿਆਂ ਦਾ ਵੇਰਵਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਇਹ ਜ਼ਰੂਰ ਦੱਸਿਆ ਕਿ ਨਵੀਂ ਸਰਕਾਰ ਨੇ ਪ੍ਰਾਈਵੇਟ ਹੈਲੀਕਾਪਟਰ ਹਾਇਰ ਕਰਨ ਬਾਰੇ ਕੋਈ ਫੈਸਲਾ ਨਹੀਂ ਕੀਤਾ ਹੈ। ਆਰਟੀਆਈ ਵਿੱਚ ਪਿਛਲੀ ਸਰਕਾਰ ਦਾ ਰਿਕਾਰਡ ਤਾਂ ਦੇ ਦਿੱਤਾ ਹੈ ਪਰ ਮੌਜੂਦਾ ਸਰਕਾਰ ਦੇ ਵੇਰਵੇ ਦੇਣ ਤੋਂ ਨਾਂਹ ਕਰ ਦਿੱਤੀ ਹੈ।

ਅਕਾਊਂਟੈਂਟ ਜਨਰਲ (ਆਡਿਟ) ਵੱਲੋਂ ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਕੀਤੇ ਤਾਜ਼ਾ ਆਡਿਟ ਵਿੱਚ ਇਨ੍ਹਾਂ ਉਡਾਣਾਂ 'ਤੇ ਇਤਰਾਜ਼ ਵੀ ਉੱਠੇ ਹਨ। ਪੰਜਾਬ ਸਰਕਾਰ ਨੇ ਨਵੰਬਰ, 2012 ਵਿੱਚ 38.13 ਕਰੋੜ ਰੁਪਏ ਵਿੱਚ ਆਪਣਾ ਸਰਕਾਰੀ ਹੈਲੀਕਾਪਟਰ ਬੈੱਲ-429' ਖਰੀਦਿਆ ਸੀ, ਜਿਸ ਦੀ ਲੰਘੇ ਸਵਾ ਤਿੰਨ ਵਰ੍ਹਿਆਂ ਦੌਰਾਨ 1532 ਘੰਟੇ ਵਰਤੋਂ ਹੋਈ ਹੈ। ਸਰਕਾਰੀ ਤੇ ਪ੍ਰਾਈਵੇਟ ਹੈਲੀਕਾਪਟਰ ਦੀਆਂ ਉਡਾਣਾਂ 'ਤੇ ਨਜ਼ਰ ਮਾਰੀਏ ਤਾਂ ਰੋਜ਼ਾਨਾ ਔਸਤਨ ਸਵਾ ਦੋ ਘੰਟੇ ਹੈਲੀਕਾਪਟਰ ਦੀ ਵਰਤੋਂ ਹੋਈ ਹੈ। ਜਾਣਕਾਰੀ ਅਨੁਸਾਰ ਗੱਠਜੋੜ ਸਰਕਾਰ ਦੌਰਾਨ 1 ਅਪਰੈਲ, 2007 ਤੋਂ 31 ਮਾਰਚ 2017 ਤਕ ਪ੍ਰਾਈਵੇਟ ਹੈਲੀਕਾਪਟਰਾਂ ਦੇ ਭਾੜੇ 'ਤੇ 117 ਕਰੋੜ ਰੁਪਏ ਖਰਚੇ ਗਏ ਹਨ। ਆਡਿਟ ਮਹਿਕਮੇ ਨੇ ਇਤਰਾਜ਼ ਕੀਤਾ ਹੈ ਕਿ ਜੇਕਰ ਵਜ਼ੀਰਾਂ ਵਾਸਤੇ ਹੈਲੀਕਾਪਟਰ ਫੌਰੀ ਹਾਇਰ ਕਰਨ ਦੀ ਲੋੜ ਪੈਂਦੀ ਹੈ ਤਾਂ ਸਰਕਾਰ ਵਾਧੂ ਦਾ ਮਾਲੀ ਬੋਝ ਪਾਉਣ ਦੀ ਥਾਂ ਇੱਕ ਹੋਰ ਹੈਲੀਕਾਪਟਰ ਕਿਉਂ ਨਹੀਂ ਖਰੀਦਦੀ। ਇਸ ਤੋਂ ਇਲਾਵਾ ਹੈਲੀਕਾਪਟਰ ਹਾਇਰ ਕਰਨ ਸਮੇਂ ਵੀ ਨਿਯਮਾਂ ਦੀ ਅਣਦੇਖੀ ਕੀਤੀ ਗਈ ਹੈ। ਹੁਣ ਕੈਪਟਨ ਸਰਕਾਰ ਨੇ ਐਲਾਨ ਕੀਤਾ ਹੈ ਕਿ ਸਰਕਾਰੀ ਹੈਲੀਕਾਪਟਰ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇਗੀ ਪਰ ਦਮਦਮਾ ਸਾਹਿਬ ਵਿਖੇ ਵਿਸਾਖੀ ਮੌਕੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਸਰਕਾਰੀ ਹੈਲੀਕਾਪਟਰ 'ਤੇ ਆਏ ਸਨ। ਫਿਲਹਾਲ ਕੈਪਟਨ ਸਰਕਾਰ ਦਾ ਹੈਲੀਕਾਪਟਰ ਦੀ ਵਰਤੋਂ ਦਾ ਭੇਤ ਬਣਿਆ ਹੋਇਆ ਹੈ।

# ਡਾ. ਗੁਰਮੀਤ ਸਿੰਘ ਔਲਖ ਦੀ ਮੌਤ 'ਤੇ ਪੰਥਕ ਜਥੇਬੰਦੀਆਂ ਵਲੋਂ ਦੁੱਖ ਦਾ ਪ੍ਰਗਟਾਵਾ

**ਨਿਊਯਾਰਕ/ਬਿਊਰੋ ਨਿਊਜ਼:** ਉੱਤਰੀ ਅਮਰੀਕਾ ਅਤੇ ਯੂਰਪ ਦੀਆਂ ਪੰਥਕ ਜਥੇਬੰਦੀਆਂ ਨੇ ਅਜ਼ਾਦ ਸਿੱਖ ਰਾਜ ਖਾਲਿਸਤਾਨ ਦੀ ਅਵਾਜ਼ ਬੁਲੰਦ ਕਰਨ ਵਾਲੇ ਡਾਕਟਰ ਗੁਰਮੀਤ ਸਿੰਘ ਔਲਖ ਦੀ ਮੌਤ ਉੱਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਯੂਥ ਆਫ਼ ਅਮਰੀਕਾ, ਸਿੱਖਸ ਫਾਰ ਜਸਟਿਸ, ਯੂਨਾਈਟਿਡ ਖਾਲਸਾ ਦਲ ਯੂ.ਕੇ. ਦਲ ਖਾਲਸਾ ਭਾਰਤ ਅਤੇ ਹੋਰਨਾਂ ਜਥੇਬੰਦੀਆਂ ਨੇ ਵੱਖ ਵੱਖ ਬਿਆਨਾਂ ਵਿੱਚ ਕਿਹਾ ਕਿ ਡਾ.ਔਲਖ ਅਣਥੱਕ ਯੋਧੇ ਅਤੇ ਅਪਣੇ ਨਿਸ਼ਾਨੇ ਉੱਤੇ ਆਖ਼ਰੀ ਸਾਹ ਤੱਕ ਪਹਿਰਾ ਦੇਣ ਵਾਲੇ ਯੋਧਾ ਸਨ। ਕੌਂਸਲ ਆਫ ਖਾਲਿਸਤਾਨ ਦੇ ਮੁਖੀ ਡਾਕਟਰ ਗੁਰਮੀਤ ਸਿੰਘ ਔਲਖ ਨੇ ਬੜੇ ਹੀ ਸੁਚੱਜੇ ਢੰਗ ਨਾਲ ਖਾਲਿਸਤਾਨ ਦੀ ਆਵਾਜ਼ ਅੰਤਰਾਸ਼ਟਰੀ ਪੱਧਰ ਤੇ ਬੁਲੰਦ ਕੀਤੀ ਅਤੇ ਕੌਮੀ ਘਰ ਖਾਲਿਸਤਾਨ ਨੂੰ ਸਦਾ ਸਮਰਪਤ ਰਹੇ ਹਨ। ਸਭ ਤੋਂ ਵੱਡੀ ਗੱਲ ਕਿ ਉਹ ਭਾਰਤ ਸਰਕਾਰ ਦੇ ਬਣਾਏ ਭਰਮ ਜਾਲ ਵਿੱਚ ਨਹੀਂ ਫਸੇ। ਡਾਕਟਰ ਔਲਖ ਦਾ ਭਾਰਤ ਦਾਖਲਾ ਬੰਦ ਹੋਣ ਤੋਂ ਬਾਅਦ ਉਹਨਾਂ ਵਤਨ ਵਾਪਸੀ ਦੀ ਚਾਹਤ ਨੂੰ ਆਪਣੇ ਅਸੂਲਾਂ ਤੇ ਭਾਰੀ ਨਹੀਂ ਪੈਣ ਦਿੱਤਾ ਜੋ ਕਿ ਬਹੁਤ ਹੀ ਸ਼ਲਾਘਾਯੋਗ ਸਟੈਂਡ ਹੈ।

ਸਿੱਖ ਜਥੇਬੰਦੀਆਂ ਨੇ ਕਿਹਾ ਡਾ.ਔਲਖ ਵਲੋਂ ਸਿੱਖ ਸੰਘਰਸ਼ ਵਿੱਚ ਪਾਏ ਵੱਡਮੁੱਲੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਜਾਣ ਨਾਲ ਸਿੱਖ ਲਹਿਰ ਅਤੇ ਪੰਥ ਨੂੰ ਕਦੇ ਵੀ ਪੂਰਾ ਨਾ ਹੋਣ ਵਾਲਾ ਘਾਟਾ ਪਿਆ ਹੈ।

## *ਸਿੱਖ ਕੌਮ ਦੀ ਅਜ਼ਾਦੀ ਦੀ ਤਹਿਰੀਕ ਨੂੰ ਵੱਡਾ ਘਾਟਾ*

**ਲੰਡਨ/ਬਿਊਰੋ ਨਿਊਜ਼:** ਯੂਨਾਈਟਿਡ ਖਾਲਸਾ ਦਲ ਯੂ.ਕੇ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਵਸਦੇ ਸਿੱਖਾਂ ਦੇ ਦਰਦ ਨੂੰ ਆਪਣਾ ਦਰਦ ਸਮਝਦਿਆਂ ਸਿੱਖ ਕੌਮ ਨੂੰ ਭਾਰਤ ਸਰਕਾਰ ਦੀ ਗੁਲਾਮੀ ਤੋਂ ਨਿਜ਼ਾਤ ਦਿਵਾਉਣ ਲਈ ਵਿਦੇਸ਼ਾਂ'ਚ ਅਜ਼ਾਦ ਸਿੱਖ ਰਾਜ ਖਾਲਿਸਤਾਨ ਦੀ ਅਵਾਜ਼ ਬੁਲੰਦ ਕਰਨ ਵਾਲੇ ਡਾਕਟਰ ਗੁਰਮੀਤ ਸਿੰਘ ਔਲਖ ਦੀ ਮੌਤ ਤੇ ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਬੇਵਕਤ ਮੌਤ ਨਾਲ ਸਿੱਖ ਕੌਮ ਦੀ ਚੱਲ ਰਹੀ ਅਜ਼ਾਦੀ ਦੀ ਤਹਿਰੀਕ ਨੂੰ ਵੱਡਾ ਘਾਟਾ ਪਿਆ ਹੈ। ਦਲ ਦੇ ਪ੍ਰਧਾਨ ਨਿਰਮਲ ਸਿੰਘ ਸੰਧੂ, ਅਤੇ ਜਨਰਲ ਸਕੱਤਰ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਅਕਾਲ ਪੁਰਖ ਅੱਗੇ ਅਰਦਾਸ ਕਰਦਿਆਂ ਕਿਹਾ ਕਿ ਪ੍ਰਮਾਤਮਾ ਉਹਨਾਂ ਦੀ ਆਤਮਾ ਨੂੰ ਸਦੀਵ ਕਾਲ ਲਈ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖ਼ਸ਼ਣ। ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਭਾਰਤ ਸਰਕਾਰ ਅਤੇ ਭਾਰਤ ਸਰਕਾਰ ਦੇ ਕਰਿੰਦਿਆਂ ਦੀਆਂ ਪੇਸ਼ਕਸ਼ਾਂ ਨੂੰ ਜੁੱਤੀ ਤੇ ਠੁਕਰਾਉਣ ਵਾਲੇ ਅਤੇ ਖਾਲਿਸਤਾਨ ਦੇ ਨਿਸ਼ਾਨੇ ਪ੍ਰਤੀ ਦ੍ਰਿੜਤਾ ਨਾਲ ਪਹਿਰਾ ਦਿੰਦਿਆਂ ਸਾਰਥਕ ਢੰਗ ਨਾਲ ਯਤਨ ਕਰ ਰਹੇ ਵੀਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਪੰਜਾਬ ਦੇ ਲੋਕਾਂ ਲਈ ਮਹਾਰਾਜਾ ਜੀ ਹੋਏ ਈਦ ਦਾ ਚੰਦ

## • ਪ੍ਰਕਾਸ਼ ਸਿੰਘ ਬਾਦਲ ਦੇ ਜ਼ਿਆਦਾ ਗੇੜੇ ਕਰਦੇ ਸੀ ਤੰਗ • ਕੈਪਟਨ ਅਮਰਿੰਦਰ ਸਿੰਘ ਦੀ .ਗੈਰਹਾਜ਼ਰੀ ਰੜਕਦੀ ਹੈ

**ਬਠਿੰਡਾ/ਚਰਨਜੀਤ ਭੁੱਲਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਦੀਦ ਨੂੰ ਪੰਜਾਬ ਦੇ ਲੋਕ ਤਰਸ ਗਏ ਹਨ। ਉਨ੍ਹਾਂ ਨੇ ਆਪਣੀ ਹਕੂਮਤ ਦੇ ਮੁਢਲੇ 100 ਦਿਨਾਂ ‘ਚੋਂ ਪੰਜਾਬ ਦੇ ਗੇੜੇ ਲਈ ਮਹਿਜ਼ ਤਿੰਨ ਦਿਨ ਹੀ ਕੱਢੇ ਹਨ। ਪੰਜਾਬ ਦੇ 18 ਜ਼ਿਲ੍ਹਿਆਂ ਨੂੰ ਅਜੇ ਕੈਪਟਨ ਅਮਰਿੰਦਰ ਦੇ ਦਰਸ਼ਨ ਨਸੀਬ ਨਹੀਂ ਹੋਏ ਹਨ। ਉਨ੍ਹਾਂ ਨੇ 16 ਮਾਰਚ ਨੂੰ ਮੁੱਖ ਮੰਤਰੀ ਵਜੋਂ ਹਲਫ਼ ਲਿਆ ਸੀ। ਕਾਰਜਭਾਰ ਸੰਭਾਲਣ ਤੋਂ ਤਕਰੀਬਨ 53 ਦਿਨਾਂ ਬਾਅਦ ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ। ਪਿਛਲੀ ਪਾਰੀ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ 27 ਫਰਵਰੀ, 2002 ਨੂੰ ਸਹੁੰ ਚੁੱਕੀ ਸੀ ਅਤੇ ਉਹ ਅਗਲੇ ਹੀ ਦਿਨ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਗਏ ਸਨ।

ਜਾਣਕਾਰੀ ਅਨੁਸਾਰ ਮੁੱਖ ਮੰਤਰੀ ਦੇ ਸੌ ਦਿਨਾਂ ਦੌਰਾਨ ਚੰਡੀਗੜ੍ਹ ਤੋਂ ਬਿਨਾਂ ਦਿੱਲੀ, ਮੁੰਬਈ ਅਤੇ ਹਿਮਾਚਲ ਪ੍ਰਦੇਸ਼ ਗੇੜੇ ਮਾਰੇ ਹਨ। ਮੁੱਖ ਮੰਤਰੀ ਦੀ ਪਹਿਲੀ ਪੰਜਾਬ ਫੇਰੀ 8 ਅਪਰੈਲ ਨੂੰ ਜ਼ੀਰਕਪੁਰ ਦੀ ਰਹੀ, ਜਿਥੇ ਉਨ੍ਹਾਂ ਨੇ ਡੀ-ਮਾਰਟ ਸਟੋਰ ਦਾ ਉਦਘਾਟਨ ਕੀਤਾ। ਇਸ ਮਗਰੋਂ ਉਹ 7 ਮਈ ਨੂੰ ਜ਼ਿਲ੍ਹਾ ਤਰਨ ਤਾਰਨ ‘ਚ ਸ਼ਹੀਦ ਫੌਜੀ ਪਰਮਜੀਤ ਸਿੰਘ ਦੇ ਪਰਿਵਾਰ ਦੇ ਘਰ ਗਏ। ਮੁੱਖ ਮੰਤਰੀ ਨੇ 8 ਮਈ ਨੂੰ ਸ੍ਰੀ ਦਰਬਾਰ ਸਾਹਿਬ ਤੇ ਦੁਰਗਿਆਣਾ ਮੰਦਰ ਮੱਥਾ ਟੇਕਿਆ ਅਤੇ ਦੁਪਹਿਰ ਮਗਰੋਂ ਹੁਸ਼ਿਆਰਪੁਰ ‘ਚ ਸੋਨਾਲੀਕਾ ਟਰੈਕਟਰ ਦੇ ਪ੍ਰਾਜੈਕਟ ਨੂੰ ਦੇਖਣ ਗਏ।

ਸਮੁੱਚਾ ਮਾਲਵਾ ਕੈਪਟਨ ਦੇ ਦੀਦਾਰ ਨੂੰ ਤਰਸ ਗਿਆ ਹੈ। ਇੱਥੋਂ ਤਕ ਕਿ ਮੁੱਖ ਮੰਤਰੀ ਬਣਨ ਮਗਰੋਂ ਕੈਪਟਨ ਅਮਰਿੰਦਰ ਸਿੰਘ ਆਪਣੇ ਜੱਦੀ ਸ਼ਹਿਰ ਪਟਿਆਲਾ ਵੀ ਨਹੀਂ ਪਧਾਰੇ। ਉਨ੍ਹਾਂ ਨੇ ਹਲਕਾ ਲੰਬੀ ਤੋਂ ਵੀ ਚੋਣ ਲੜੀ ਸੀ। ਭਾਵੇਂ ਉਹ ਇੱਥੋਂ ਹਾਰ ਗਏ ਸਨ ਪਰ ਉਹ ਲੰਬੀ ਹਲਕੇ ਦਾ ਧੰਨਵਾਦੀ ਦੌਰਾ ਕਰਨ ਵਾਸਤੇ ਵੀ ਨਹੀਂ ਪੁੱਜੇ। ਉਨ੍ਹਾਂ ਨੇ



ਆਪਣੇ ਪੁਰਖਿਆਂ ਦੇ ਪਿੰਡ ਮਹਿਰਾਜ ਦਾ ਗੇੜਾ ਵੀ ਨਹੀਂ ਲਾਇਆ ਜਦੋਂ ਕਿ ਪੰਜਾਬ ਚੋਣਾਂ ਦੀ ਮੁਹਿੰਮ ਕੈਪਟਨ ਅਮਰਿੰਦਰ ਸਿੰਘ ਨੇ 15 ਜਨਵਰੀ ਨੂੰ ਪਿੰਡ ਮਹਿਰਾਜ ਤੋਂ ਸ਼ੁਰੂ ਕੀਤੀ ਸੀ।

ਪਿੰਡ ਮਹਿਰਾਜ ਦੇ ਜਥੇਦਾਰ ਸ਼ੇਰ ਸਿੰਘ ਨੇ ਦੱਸਿਆ ਕਿ ਉਹ ਕੁਝ ਸਮਾਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੂੰ ਚੰਡੀਗੜ੍ਹ ਮਿਲ ਕੇ ਆਏ ਹਨ ਅਤੇ ਮੁੱਖ ਮੰਤਰੀ ਨੇ ਸੈਸ਼ਨ ਮਗਰੋਂ ਪਿੰਡ ਮਹਿਰਾਜ ਆਉਣ ਦੀ ਗੱਲ ਆਖੀ ਹੈ। ਦੱਸਣਯੋਗ ਹੈ ਕਿ ਮੁੱਖ ਮੰਤਰੀ ਐਤਕੀਂ ਤਾਂ ਡੇਰਾ ਰੂਮੀ ਭੁੱਚੋ ਵੀ ਨਹੀਂ ਆਏ ਹਨ ਜਦੋਂ ਕਿ ਸੰਨ 2002 ਵਿੱਚ ਮੁੱਖ ਮੰਤਰੀ ਬਣਨ ਮਗਰੋਂ ਉਹ ਇਥੇ ਆਏ ਸਨ। ਲੋਕ ਆਖਦੇ ਹਨ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜ਼ਿਆਦਾ ਗੇੜੇ ਤੰਗ ਕਰਦੇ ਸਨ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਗ਼ੈਰਹਾਜ਼ਰੀ ਰੜਕਦੀ ਹੈ। ਪੰਜਾਬ ਚੋਣਾਂ ਦੇ ਪ੍ਰਚਾਰ ਸਮੇਂ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਮਾਲਵੇ ਦੇ ਬਹੁਤ ਗੇੜੇ ਲਾਏ ਸਨ ਪਰ ਹੁਣ ਉਨ੍ਹਾਂ ਦੇ ਚੰਡੀਗੜ੍ਹ ‘ਚੋਂ ਨਾ ਨਿਕਲਣ ਕਰਕੇ ਕਾਂਗਰਸੀ ਵਿਧਾਇਕ ਵੀ ਚਾਅ ਦਬਾਈ ਬੈਠੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਐਤਕੀਂ ਵਿਸਾਖੀ ਦਿਹਾੜੀ ‘ਤੇ ਦਮਦਮਾ ਸਾਹਿਬ ਆਉਣਾ ਸੀ ਪਰ ਐਨ ਮੌਕੇ ‘ਤੇ ਉਨ੍ਹਾਂ ਦਾ ਪ੍ਰੋਗਰਾਮ ਰੱਦ ਹੋ ਗਿਆ। ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਦੇ ਸਮਾਗਮਾਂ ਮੌਕੇ ਵੀ ਮੁੱਖ ਮੰਤਰੀ ਗੈਰਹਾਜ਼ਰ ਰਹੇ। ਹੋਰ ਵੀ ਸਟੇਟ ਪੱਧਰੀ ਸਮਾਗਮਾਂ ‘ਚ ਵਜ਼ੀਰ ਹੀ ਸ਼ਾਮਲ ਹੋ ਰਹੇ ਹਨ। ਭਾਰਤੀ ਕਮਿਊਨਿਸਟ ਪਾਰਟੀ ਦੇ ਸਕੱਤਰ ਕਾਮਰੇਡ ਹਰਦੇਵ ਅਰਸ਼ੀ ਨੇ ਕਿਹਾ ਕਿ ਮੁੱਖ ਮੰਤਰੀ ਚੋਣਾਂ ‘ਚ ਕੀਤੇ ਵਾਅਦੇ ਦੇ ਉਲਟ ਪਹਿਲੇ 100 ਦਿਨਾਂ ਵਿੱਚ ਹੀ ਲੋਕਾਂ ਦੀ ਪਹੁੰਚ ‘ਚੋਂ ਬਾਹਰ ਹੋ ਗਿਆ ਹੈ ਜਦੋਂ ਕਿ ਉਨ੍ਹਾਂ ਨੂੰ ਬਿਹਤਰ ਸਰਕਾਰ ਦੇਣ ਲਈ ਵੱਧ ਤੋਂ ਵੱਧ ਲੋਕਾਂ ਵਿੱਚ ਵਿਚਰ ਕੇ ਫੀਡ ਬੈਕ ਹਾਸਲ ਕਰਨੀ ਚਾਹੀਦੀ ਹੈ।

### ਮੁੱਖ ਮੰਤਰੀ ਨੂੰ ਸੱਦਣ ਦਾ ਪ੍ਰੋਗਰਾਮ ਬਣਾ ਰਹੇ ਹਾਂ: ਕਾਂਗੜ

ਵਿਧਾਇਕ ਗੁਰਪ੍ਰੀਤ ਸਿੰਘ ਕਾਂਗੜ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਪੈਰ ਨੂੰ ਪਹਿਲਾਂ ਮੋਚ ਆ ਗਈ ਸੀ ਅਤੇ ਉਸ ਮਗਰੋਂ ਵਿਧਾਨ ਸਭਾ ਦੇ ਸੈਸ਼ਨ ਕਾਰਨ ਉਹ ਰੁੱਝੇ ਰਹੇ। ਉਹ ਜਲਦੀ ਕੈਪਟਨ ਅਮਰਿੰਦਰ ਅਤੇ ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦਾ ਤਖ਼ਤ ਦਮਦਮਾ ਸਾਹਿਬ ਦਾ ਪ੍ਰੋਗਰਾਮ ਬਣਾ ਰਹੇ ਹਨ।

*ਬ੍ਰਿਟਿਸ਼ ਕੋਲੰਬੀਆ*

# ਕੈਨੇਡਾ ਦੇ ਇਤਿਹਾਸ ’ਚ ਪਹਿਲੀ ਵਾਰ ਦਸਤਾਰਧਾਰੀ ਬਣੀ ਜੱਜ

**ਫਿਲੌਰ/ਬਿਊਰੋ ਨਿਊਜ਼ :** ਕੈਨੇਡੀਅਨ ਵਕੀਲ ਪਲਬਿੰਦਰ ਕੌਰ ਸ਼ੇਰਗਿੱਲ ਨੂੰ ਸੁਪਰੀਮ ਕੋਰਟ ਆਫ਼ ਬ੍ਰਿਟਿਸ਼ ਕੋਲੰਬੀਆ ਦੀ ਜੱਜ ਨਿਯੁਕਤ ਕੀਤਾ ਗਿਆ ਹੈ। ਕੈਨੇਡਾ ਦੇ ਇਤਿਹਾਸ ਵਿਚ ਉਹ ਪਹਿਲੀ ਦਸਤਾਰਧਾਰੀ ਜੱਜ ਬਣੀ



ਹੈ। ਜਸਟਿਸ ਸ਼ੇਰਗਿੱਲ ਨੇ ਕੈਨੇਡਾ ਵਿਚ ਮਨੁੱਖੀ ਹੱਕਾਂ ਦੀ ਰਾਖੀ ਲਈ ਕਈ ਕੇਸ ਲੜੇ ਹਨ। ਇਸ ਨਿਯੁਕਤੀ ’ਤੇ ਉਨ੍ਹਾਂ ਦੇ ਪੇਕੇ ਪਿੰਡ ਰੁੜਕਾ ਕਲਾਂ ਵਿਚ ਲੱਡੂ ਵੰਡੇ ਗਏ। ਉਨ੍ਹਾਂ ਦੇ ਪਰਿਵਾਰਕ ਮੈਂਬਰ ਗੁਰਬਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਗਿਆਨ ਸਿੰਘ ਸੰਧੂ ਦੀ ਧੀ ਪਲਬਿੰਦਰ ਕੌਰ ਦੀ ਉਮਰ ਕਰੀਬ 47 ਸਾਲ ਹੈ ਅਤੇ ਉਹ 6-7 ਸਾਲ ਦੀ ਉਮਰ ਵਿਚ ਕੈਨੇਡਾ ਚਲੀ ਗਈ ਸੀ। ਪਲਬਿੰਦਰ ਦਾ ਵਿਆਹ 18 ਸਾਲ ਪਹਿਲਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਜਗਤਪੁਰ ਦੇ ਅੰਮ੍ਰਿਤਪਾਲ ਸਿੰਘ ਸ਼ੇਰਗਿੱਲ ਨਾਲ ਹੋਇਆ ਸੀ। ਪਿੰਡ ਵਾਸੀਆਂ ਨੇ ਕਿਹਾ ਕਿ ਪਲਬਿੰਦਰ ਦੀ ਪ੍ਰਾਪਤੀ ’ਤੇ ਉਨ੍ਹਾਂ ਨੂੰ ਮਾਣ ਹੈ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਦੇ ਵਾਈਸ ਚੇਅਰਮੈਨ ਜਸਬੀਰ ਸਿੰਘ ਰੁੜਕਾ ਖ਼ੁਰਦ ਵੀ ਉਚੇਚੇ ਤੌਰ ’ਤੇ ਵਧਾਈ ਦੇਣ ਪੁੱਜੇ ਹੋਏ ਸਨ। ਇਸ ਨਿਯੁਕਤੀ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ, ਇਹ ਸਾਡੇ ਸਾਰਿਆਂ ਲਈ ਮਾਣ ਤੇ ਬੇਹੱਦ ਖੁਸ਼ੀ ਦੇ ਪਲ ਹਨ।’ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਮੁਲਕ ਦੀ ਆਰਥਿਕਤਾ ਤੇ ਸਭਿਆਚਾਰ ’ਚ ਸਿੱਖਾਂ ਦੇ ਯੋਗਦਾਨ ਨੂੰ ਕੈਨੇਡੀਅਨ ਸਰਕਾਰ ਨੇ ਮਾਨਤਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਹ ਪਲਬਿੰਦਰ ਕੌਰ ਨੂੰ ਪੰਜਾਬ ਫੇਰੀ ਦੀ ਜਲਦੀ ਯੋਜਨਾ ਬਣਾਉਣ ਦੀ ਬੇਨਤੀ ਕਰਨਗੇ ਅਤੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਜਾਵੇਗਾ।

### ਪਲਬਿੰਦਰ ਕੌਰ ਸ਼ੇਰਗਿੱਲ ਦਾ ਸਨਮਾਨ ਕਰੇਗੀ ਸ਼੍ਰੋਮਣੀ ਕਮੇਟੀ

**ਪਟਿਆਲਾ/ਬਿਊਰੋ ਨਿਊਜ਼** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੈਨੇਡਾ ਦੀ ਸੁਪਰੀਮ ਕੋਰਟ ਵਿੱਚ ਜੱਜ ਬਣਨ ‘ਤੇ ਪਲਬਿੰਦਰ ਕੌਰ ਸ਼ੇਰਗਿੱਲ ਦਾ ਸਨਮਾਨ ਕਰੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਜੱਜ ਬਣਨ ‘ਤੇ ਪਲਬਿੰਦਰ ਕੌਰ ਸ਼ੇਰਗਿੱਲ ਨੂੰ ਵਧਾਈ ਦਿੰਦਿਆਂ ਕਿਹਾ ਕਿ ਪਲਬਿੰਦਰ ਕੌਰ ਦੇ ਪੰਜਾਬ ਦੌਰੇ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਜਾਵੇਗਾ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਨਸੀਹਤ ਦਿੱਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੇ ਕੰਮਕਾਜ ਵਿੱਚ ਬੇਲੋੜੀ ਦਖ਼ਲਅੰਦਾਜ਼ੀ ਨਾ ਕਰਨ ਅਤੇ ਨਾਲ ਹੀ ਆਪਣੀ ਪਾਰਟੀ ਦੇ ਕਾਰਕੁਨਾਂ ਤੇ ਸਪੀਕਰ ਰਾਣਾ ਕੇ.ਪੀ. ਸਿੰਘ ਨੂੰ ਵਰਜਣ ਕਿ ਉਹ ਸਿੱਖ ਮਾਮਲਿਆਂ ਵਿੱਚ ਦਖ਼ਲ ਨਾ ਦੇਣ।

# ਲੋਕਾਂ ਦੇ ਅਥਾਹ ਇਕੱਠ ਵਲੋਂ ਅਜਮੇਰ ਔਲਖ ਨੂੰ ਆਖ਼ਰੀ ਅਲਵਿਦਾ

## ਸਰਧਾਂਜਲੀ ਦੇਣ ਲਈ ਉਨ੍ਹਾਂ ਦੇ ਨਾਟਕਾਂ ਦੇ ਪਾਤਰ ਵੱਡੀ ਗਿਣਤੀ ਵਿਚ ਮਾਨਸਾ ਪੁੱਜੇ



ਪ੍ਰੋ: ਅਜਮੇਰ ਔਲਖ ਦੇ ਸਰਧਾਂਜਲੀ ਸਮਾਗਮ ਦੌਰਾਨ ਜੁੜੀ ਇਕ ਵੱਡੀ ਭੀੜ।



ਪ੍ਰੋ: ਅਜਮੇਰ ਔਲਖ ਦੇ ਸਰਧਾਂਜਲ ਸਮਾਰੋਹ ਦੌਰਾਨ ਸਲਾਮ ਮੈਗਜੀਨ ਨੂੰ ਜਾਰੀ ਕਰਦੇ ਪ੍ਰਸਿੱਧ ਲੇਖਕ।



ਪ੍ਰੋ: ਅਜਮੇਰ ਔਲਖ ਦੇ ਜੱਦੀ ਪਿੰਡ ਫਰਵਾਹੀ ਵਿਖੇ ਉਨ੍ਹਾਂ ਦੀਆਂ ਅਸਥੀਆਂ ਨੂੰ ਜਲ ਪ੍ਰਵਾਹ ਕਰਦੇ ਪਰਿਵਾਰਕ ਮੈਂਬਰ। ਫੋਟੋਆਂ: ਸੁਰੇਸ਼

**ਜੋਗਿੰਦਰ ਸਿੰਘ ਮਾਨ**

**ਮਾਨਸਾ:**

ਦਸ ਦਿਨ ਪਹਿਲਾਂ ਵਿਛੜੇ ਮਕਬੂਲ ਨਾਟਕਕਾਰ ਪ੍ਰੋ: ਅਜਮੇਰ ਔਲਖ ਨੂੰ ਸਰਧਾਂਜਲੀ ਦੇਣ ਲਈ ਉਸ ਦੇ ਨਾਟਕਾਂ ਦੇ ਪਾਤਰ (ਮਜ਼ਦੂਰ-ਕਿਸਾਨ) ਵੱਡੀ ਗਿਣਤੀ ’ਚ ਪੁੱਜੇ ਤੇ ਆਪਣੇ ਵਿਛੜੇ ਨਾਟਕਕਾਰ ਨੂੰ ਸੰਗਰਾਮੀ ਸਰਧਾਂਜਲੀਆਂ ਭੇਂਟ ਕੀਤੀਆਂ। ਪ੍ਰੋ: ਔਲਖ ਦੀ ਯਾਦ ’ਚ ਹੋਏ ਸਰਧਾਂਜਲੀ ਸਮਾਗਮ ਦੌਰਾਨ ਜਿਥੇ ਉਹਨਾਂ ਦੀ ਸਾਹਿਤਕ ਕਲਾਕਾਰਾਂ ਦੀ ਜੋਟੀ ਦਾ ਸੰਦੇਸ਼ ਦੀ ਗੂੰਜਿਆ। ਇੱਥੋਂ ਦੀ ਨਵੀਂ ਦਾਣਾ ਮੰਡੀ ’ਚ ਲੱਗੇ ਵਿਸ਼ਾਲ ਪੰਡਾਲ ’ਚ ਜੁੜੇ ਹਜਾਰਾਂ ਲੋਕਾਂ ਵੱਲੋਂ ਪ੍ਰੋ. ਔਲਖ ਦੀ ਯਾਦ ’ਚ 2 ਮਿੰਟ ਦਾ ਮੋਨ ਧਾਰਨ ਮਗਰੋਂ ਪ੍ਰੋ: ਔਲਖ ਅਮਰ ਰਹੇ ਦੇ ਜੋਰਦਾਰ ਨਾਅਰਿਆਂ ਦੇ ਨਾਲ ਸਮਾਗਮ ਦੀ ਰਸਮੀ ਸ਼ੁਰੂਆਤ ਹੋਈ। ਕੇਂਦਰੀ ਪੰਜਾਬੀ ਲੇਖਕ ਸਭਾ, ਲੋਕ ਕਲਾ ਮੰਚ ਮਾਨਸਾ ਤੇ ਔਲਖ ਪਰਿਵਾਰ ਵੱਲੋਂ ਜਥੇਬੰਦ ਕੀਤੇ ਗਏ ਸਮਾਗਮ ’ਚ ਦਰਜਨਾਂ ਸਾਹਿਤਕ ਜਥੇਬੰਦੀਆਂ ਤੇ ਜਨਤਕ ਜਮਹੂਰੀ ਜਥੇਬੰਦੀਆਂ/ਪਲੇਟਫਾਰਮਾਂ ਦੇ ਕਾਰਕੁੰਨਾਂ ਨੇ ਸ਼ਮੂਲੀਅਤ ਕੀਤੀ ਅਤੇ ਦੇਸ਼ੋ-ਵਿਦੇਸ਼ੋ ਵੀ ਦਰਜਨਾਂ ਸ਼ੋਕ-ਸੁਨੇਹੇ ਪੁੱਜੇ। ਪ੍ਰੋ: ਔਲਖ ਦੀ ਅੰਤਿਮ ਇੱਛਾ ਅਨੁਸਾਰ ਜਥੇਬੰਦ ਕੀਤੇ ਗਏ ਸਮਾਗਮ ਨੂੰ ਸੰਖੇਪ ਰੱਖਣ ਦੀ ਜਰੂਰਤ ਕਾਰਨ, ਬੁਲਾਰਿਆਂ ਦੀ ਗਿਣਤੀ ਸੀਮਤ ਸੀ। ਪੰਜਾਬੀ ਸਾਹਿਤ ਜਗਤ ਦੀਆਂ ਨਾਮਵਰ ਹਸਤੀਆਂ ਗੁਰਬਚਨ ਭੁੱਲਰ, ਸੁਰਜੀਤ ਪਾਤਰ, ਆਤਮਜੀਤ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਮੰਚ ਤੋਂ ਪ੍ਰੋ: ਔਲਖ ਨੂੰ ਸਰਧਾਂਜਲੀਆਂ ਦਿੱਤੀਆਂ। ਉਨ੍ਹਾਂ ਪ੍ਰੋ: ਔਲਖ ਨੂੰ ਕਿਰਤੀ ਲੋਕਾਂ ਦਾ ਸਾਹਿਤਕਾਰ ਦੱਸਦਿਆਂ ਉਨ੍ਹਾਂ ਦੇ ਵਿਛੋੜੇ ਨੂੰ ਪੰਜਾਬੀ ਸਾਹਿਤ ਤੇ ਕਲਾ ਜਗਤ ਲਈ ਵੱਡਾ ਘਾਟਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰੋ: ਔਲਖ ਲੋਕਾਂ ਤੇ ਸਮਾਜ ਦੀ ਬੇਹਤਰੀ ਲਈ ਪ੍ਰਤੀਬੱਧ ਨਾਟਕਕਾਰ ਸਨ ਤੇ ਪੰਜਾਬੀ ਪੇਂਡੂ ਮਿਹਨਤਕਸ਼ ਜਮਾਤਾਂ ਦਾ ਜੀਵਨ ਚਿਤਰਨ ’ਚ ਉਨ੍ਹਾਂ ਨੂੰ ਕਮਾਲ ਦੀ ਮੁਹਾਰਤ ਹਾਸਲ ਸੀ। ਉਨ੍ਹਾਂ ਦੀ ਕਲਾ ਵੀ ਜਮਾਤੀ ਸਮਾਜ ਦਾ ਸੱਚ ਬਹੁਤ ਖ਼ੂਬਸੂਰਤੀ ਨਾਲ ਉਘਾੜਿਆ ਤੇ ਇਸ ਲੁਟੇਰੇ ਤੇ ਨਾ-ਬਰਾਬਰੀ ਵਾਲੇ ਸਮਾਜ ਦੀ ਤਬਦੀਲੀ ਲਈ ਤਾਂਘ ਨੂੰ ਪ੍ਰਚੰਡ ਕਰਨ ’ਚ ਅਹਿਮ ਹਿੱਸਾ ਪਾਇਆ ਅੱਜ ਸਮਾਜ ’ਚ ਮੌਜੂਦ ਵੱਡੀਆਂ ਚੁਣੌਤੀਆਂ ਦੇ ਸਨਮੁੱਖ ਉਹਨਾਂ ਦੇ ਨਾਟਕਾਂ ਦਾ ਮਹੱਤਵ ਹੋਰ ਜਿਆਦਾ ਵੱਧ ਗਿਆ ਹੈ। ਉਨ੍ਹਾਂ ਪੰਜਾਬੀ ਦੇ ਉਭਰਦੇ ਸਾਹਿਤਕਾਰਾਂ, ਕਲਾਕਾਰਾਂ ਨੂੰ ਪ੍ਰੋ: ਔਲਖ ਦੀਆਂ ਪੈੜਾਂ ਤੇ ਚੱਲ ਕੇ ਅੱਗੇ ਵੱਧਣ ਦਾ ਸੱਦਾ ਦਿੱਤਾ।

ਪਰਿਵਾਰ ਤਰਫੋਂ ਸੰਬੋਧਨ ਕਰਦਿਆਂ ਸੁਭਾਸ਼ ਬਿੱਟੂ, ਪ੍ਰੋ: ਅੱਛਰੂ ਸਿੰਘ, ਜਸਵਿੰਦਰ ਕੌਰ ਗੱਗੂ ਤੇ ਗੁਰਵਿੰਦਰ ਬਰਾੜ ਨੇ ਪ੍ਰੋ: ਔਲਖ ਦੀ ਲੋਕਾਂ ਦੇ ਕਾਜ ਲਈ ਸਮਰਪਣ ਭਾਵਨਾ ਨੂੰ ਸਲਾਮ ਕਰਦਿਆਂ ਉਨ੍ਹਾਂ ਦੀ ਸਾਹਿਤ ਕਲਾ ਦੇ ਮੋਰਚੇ ’ਤੇ ਘਾਲੀ ਅਣਥੱਕ ਘਾਲਣਾ ਦੀ ਚਰਚਾ ਕੀਤੀ। ਉਨ੍ਹਾਂ ਨੇ ਪੰਜਾਬ ਦੇ ਰੰਗਕਰਮੀਆਂ ਤੇ ਲੋਕ ਜਥੇਬੰਦੀਆਂ ਨੂੰ ਪ੍ਰੋ: ਔਲਖ ਦੇ ਨਾਟਕ ਜਨਤਾ ਤੱਕ ਲੈ ਜਾਣ ਦੇ ਵੱਡੇ ਕਾਰਜ ਲਈ ਹੰਭਲਾ ਜਟਾਉਣ ਦੀ ਅਪੀਲ ਵੀ ਕੀਤੀ ਅਤੇ ਆਏ ਲੋਕਾਂ ਦਾ ਧੰਨਵਾਦ ਕੀਤਾ। ਐਤਵਾਰ 25 ਜੂਨ ਦੇ ਇਸ ਵਿਲੱਖਣ ਸਮਾਗਮ ’ਚ ਪ੍ਰੋ: ਔਲਖ ਨੂੰ ਸਰਧਾਂਜਲੀ ਵੱਜੋਂ ਜਾਰੀ ਕੀਤਾ “ਸਲਾਮ” ਮੈਗਜੀਨ ਦਾ ਅੰਕ ਵੀ ਜਾਰੀ ਕੀਤਾ। ਸਲਾਮ ਦੀ ਕਾਪੀ ਚੋਟੀ ਦੇ ਪੰਜਾਬੀ ਕਹਾਣੀਕਾਰ ਗੁਰਬਚਨ ਭੁੱਲਰ ਨੇ ਸ੍ਰੀਮਤੀ ਮਨਜੀਤ ਔਲਖ ਨੂੰ ਨਾਮਵਰ ਪੰਜਾਬੀ ਸਾਹਿਤਕਾਰਾਂ ਤੇ ਸਲਾਮ ਕਾਫਲਾ ਆਗੂਆਂ ਦੀ ਹਾਜਰੀ ’ਚ ਭੇਂਟ ਕੀਤੀ। ਸਲਾਮ ਕਾਫਲੇ ਵੱਲੋਂ ਦੋ ਵਰ੍ਹੇ ਪਹਿਲਾਂ ਪ੍ਰੋ: ਔਲਖ ਨੂੰ ਵਿਸ਼ਾਲ ਜਨਤਕ ਇਕੱਠ ’ਚ ਭਾਈ ਲਾਲੋ ਕਲਾ ਸਨਮਾਨ ਨਾਲ ਸਨਮਾਨਿਆ ਗਿਆ ਸੀ। ਉਨ੍ਹਾਂ ਬਾਰੇ ਇਹ ਸਲਾਮ ਦਾ ਤੀਸਰਾ ਅੰਕ ਸੀ।

ਸਰਧਾਂਜਲੀ ਸਮਾਗਮ ’ਚ ਚਾਹ ਤੇ ਰੋਟੀ ਦੇ ਲੰਗਰ ਦਾ ਇੰਤਜਾਮ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ ਕੀਤਾ ਗਿਆ ਸੀ। ਕੜਾਹ ਪ੍ਰਸਾਦ ਤੇ ਮਿੱਠੇ ਚੌਲਾਂ ਦੇ ਲੰਗਰ ਨਾਲ ਕਿਰਤੀਆਂ ਨੇ ਆਪਣੇ ਨਾਟਕਕਾਰ ਲਈ ਆਪਣੀ ਭਾਵਨਾਵਾਂ ਦਾ ਪ੍ਰਗਟਾਵਾ ਵੀ ਕੀਤਾ ਤੇ ਕਿਰਤ, ਕਲਾਂ ਤੇ ਸੰਗਰਾਮਾਂ ਦੀ ਜੋਟੀ ਦਾ ਸੰਦੇਸ਼ ਵੀ ਦਿੱਤਾ।

ਸਮਾਗਮ ਦੌਰਾਨ ਪ੍ਰੋ: ਔਲਖ ਨੂੰ ਸਰਧਾਂਜਲੀ ਵੱਜੋ ਗੀਤਾਂ ਦੀ ਲੜੀ ਚੱਲਦੀ ਰਹੀ ਹੈ, ਜਿਸ ਦਾ ਸਿਖਰ ਸਮਾਗਮ ਦੇ ਅੰਤ ਤੇ ਪੇਸ਼ ਹੋਈ ਕੋਰੀਓਗ੍ਰਾਫੀ ਰਾਹੀਂ ਹੋਇਆ। ਕਿਰਤ, ਕਲਾ ਤੇ ਸੰਗਰਾਮਾਂ ਦੀ ਜੋਟੀ ਉਚੀ ਕਰਨ ਦਾ ਹੋਕਾ ਦੇ ਰਹੇ ਗੀਤ ਨੂੰ ਚੇਤਨਾ ਕਲਾ ਕੇਂਦਰ ਬਰਨਾਲਾ ਤੇ ਲੋਕ ਕਲਾ ਮੰਚ ਮਾਨਸਾ ਦੇ ਕਲਾਕਾਰਾਂ ਨੇ ਸਾਂਝੇ ਤੌਰ ’ਤੇ ਪੇਸ਼ ਕੀਤਾ। ਪ੍ਰੋ: ਔਲਖ ਦੀਆਂ ਤਿੰਨੇ ਧੀਆਂ ਵੱਲੋਂ ਕੋਰੀਓਗ੍ਰਾਫੀ ਦੌਰਾਨ ਭੂਮਿਕਾ ਅਦਾ ਕਰਕੇ, ਉਹਨਾਂ ਦੇ ਰੰਗਮੰਚ ਦੇ ਸਫਰ ਨੂੰ ਜਾਰੀ ਰੱਖਣ ਦਾ ਐਲਾਨ ਨਿਵੇਕਲੇ ਅੰਦਾਜ ’ਚ ਕੀਤਾ। ਇਹ ਗੀਤ ਦੋ ਵਰ੍ਹੇ ਪਹਿਲਾਂ ਪ੍ਰੋ: ਔਲਖ ਨੂੰ ਭਾਈ ਲਾਲੋ ਕਲਾ ਸਨਮਾਨ ਭੇਂਟ ਕਰਨ ਵੇਲੇ ਵਿਸ਼ੇਸ਼ ਤੌਰ ’ਤੇ ਲਿਖਿਆ ਗਿਆ ਸੀ ਤੇ ਮੰਚ ਤੋਂ ਪੇਸ਼ ਹੋਇਆ ਸੀ।

ਸਮਾਗਮ ਦੇ ਅੰਤ ’ਤੇ ਇਕ ਵਿਸ਼ਾਲ ਕਾਫਲਾ ਉਨ੍ਹਾਂ ਦੀਆਂ ਅਸਥੀਆਂ ਲੈ ਕੇ, ਉਹਨਾਂ ਦੇ ਜੱਦੀ ਪਿੰਡ ਕਿਸ਼ਨਗੜ੍ਹ ਫਰਵਾਹੀ ਵੱਲ ਰਵਾਨਾ ਹੋਇਆ, ਜਿਥੇ ਪਿੰਡ ਦੇ ਲੋਕਾਂ ਵੱਲੋਂ ਕਾਫਲੇ ਦਾ ਗਰਮ ਜੋਸ਼ੀ ਨਾਲ ਸਵਾਗਤ ਕੀਤਾ ਗਿਆ। ਪਿੰਡ ਦੇ ਸਕੂਲ ’ਚ ਹੋਏ ਸੰਖੇਪ ਸਮਾਗਮ ਮਗਰੋਂ ਅਸਥੀਆਂ ਪਿੰਡ ਕੋਲੋਂ ਲੰਘਦੀ ਨਹਿਰ ’ਚ ਜਲ ਪ੍ਰਵਾਹ ਕੀਤੀਆਂ ਗਈਆਂ।



# ਆਬਕਾਰੀ ਸੋਧ ਬਿਲ ਸਮੇਤ 12 ਬਿਲ ਪਾਸ : ਖ਼ਾਲਸਾ ਯੂਨੀਵਰਸਿਟੀ ਖ਼ਤਮ ਕਰਨ ਨੂੰ ਮਨਜ਼ੂਰੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਨੇ ਆਬਕਾਰੀ ਕਾਨੂੰਨ ਸੋਧ ਬਿਲ 'ਤੇ ਆਪਣੀ ਪ੍ਰਵਾਨਗੀ ਦੀ ਮੋਹਰ ਲਾਉਂਦਿਆਂ ਸੂਬੇ ਵਿਚਲੇ ਕੌਮੀ ਸ਼ਾਹਰਾਹਾਂ ਤੇ ਰਾਜ ਮਾਰਗਾਂ 'ਤੇ ਸਥਿਤ ਹੋਟਲਾਂ, ਰੈਸਤਰਾਵਾਂ ਅਤੇ ਮੈਰਿਜ ਪੈਲਿਸਾਂ ਵਿਚ ਸ਼ਰਾਬ ਪਰੋਸਣ ਦਾ ਰਾਹ ਪੱਧਰਾ ਕਰ ਦਿੱਤਾ ਹੈ। ਸਰਕਾਰ ਵਲੋਂ 24 ਜੂਨ ਸ਼ੁਕਰਵਾਰ ਨੂੰ ਸਦਨ ਵਿੱਚ 12 ਬਿਲ ਪਾਸ ਕੀਤੇ ਗਏ, ਜਿਨ੍ਹਾਂ ਵਿਚ ਖਾਲਸਾ ਯੂਨੀਵਰਸਿਟੀ ਦੀ ਸਥਾਪਨਾ ਵਾਲਾ ਕਾਨੂੰਨ ਵਾਪਸ ਲੈਣ ਵਾਲਾ ਬਿਲ ਵੀ ਸ਼ਾਮਲ ਹੈ, ਜਿਸ ਨੇ ਇਸ ਸਬੰਧੀ ਪਹਿਲਾਂ ਜਾਰੀ ਆਰਡੀਨੈਂਸ ਦੀ ਥਾਂ ਲਈ ਹੈ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਗੈਰਮੌਜੂਦਗੀ ਵਿਚ ਆਬਕਾਰੀ ਸੋਧ ਬਿਲ ਪੇਸ਼ ਕਰਦਿਆਂ ਕਿਹਾ ਕਿ ਸੁਪਰੀਮ ਕੋਰਟ ਵਲੋਂ ਕੌਮੀ ਤੇ ਰਾਜ ਮਾਰਗਾਂ ਦੇ 500 ਮੀਟਰ ਦੇ ਘੇਰੇ ਵਿਚ ਸ਼ਰਾਬ ਵੇਚਣ 'ਤੇ ਲਾਈ ਪਾਬੰਦੀ ਤੋਂ ਪੈਦਾ ਹੋਏ ਹਾਲਾਤ ਕਾਰਨ ਇਸ ਸੋਧ ਦੀ ਜ਼ਰੂਰਤ ਪਈ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਹੁਕਮਾਂ ਨਾਲ ਰਾਜ ਦਾ ਮਾਲੀਆ ਹੀ ਪ੍ਰਭਾਵਤ ਨਹੀਂ ਹੋ ਰਿਹਾ, ਸਗੋਂ ਰੁਜ਼ਗਾਰ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਸਦਨ ਨੇ ਖਾਲਸਾ ਯੂਨੀਵਰਸਿਟੀ ਐਕਟ 2016 ਨੂੰ ਮਨਸੂਖ ਕਰਨ ਦਾ ਬਿਲ ਵੀ ਪਾਸ ਕਰ ਦਿੱਤਾ, ਜੋ ਸਿੱਖਿਆ ਮੰਤਰੀ ਅਰੁਣਾ ਚੌਧਰੀ ਨੇ ਪੇਸ਼ ਕੀਤਾ। ਕਾਂਗਰਸ ਦੇ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਨੇ ਬਿਲ 'ਤੇ ਬਹਿਸ ਵਿਚ ਹਿੱਸਾ ਲੈਂਦਿਆਂ ਕਿਹਾ ਕਿ ਖਾਲਸਾ ਕਾਲਜ ਨਾਲ ਸਿੱਖਾਂ ਦੀਆਂ ਭਾਵਨਾਵਾਂ ਜੁੜੀਆਂ ਹਨ ਪਰ ਮਜੀਠੀਆ ਪਰਿਵਾਰ ਨੇ ਇਸ 'ਤੇ ਕਬਜ਼ਾ ਕਰਨ ਦੀ ਮਨਸ਼ਾ ਨਾਲ ਨਿੱਜੀ ਯੂਨੀਵਰਸਿਟੀ ਬਣਾਈ ਸੀ। ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਨਿੱਜੀ ਯੂਨੀਵਰਸਿਟੀਆਂ ਦੀ ਕਾਰਗੁਜ਼ਾਰੀ 'ਤੇ ਵਾਲ ਖੜ੍ਹੇ ਕਰਦਿਆਂ ਸੂਬੇ ਵਿਚਲੀਆਂ ਨਿੱਜੀ ਯੂਨੀਵਰਸਿਟੀਆਂ ਦੀ ਪੜਤਾਲ ਕਰਾਉਣ ਦੀ ਮੰਗ ਕੀਤੀ।



ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਤੇ ਹੋਰ ਵਿਧਾਇਕਾਂ ਨਾਲ ਵਿਧਾਨ ਸਭਾ ਪਹੁੰਚਦੇ ਹੋਏ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਮਿਊਂਸਿਪਲ ਬੁਨਿਆਦੀ ਢਾਂਚਾ ਵਿਕਾਸ ਫੰਡ ਸੋਧ ਬਿਲ ਪੇਸ਼ ਕੀਤਾ। ਉਨ੍ਹਾਂ ਦੱਸਿਆ ਕਿ ਵੈਟ ਦੀ ਥਾਂ ਜੀਐਸਟੀ ਲਾਗੂ ਹੋਣ ਨਾਲ ਮਿਊਂਸਿਪਲ ਕਮੇਟੀਆਂ ਨੂੰ ਸਾਲ 2015-16 ਦੌਰਾਨ ਦਿੱਤੇ ਮਾਲੀਏ ਵਿਚ 14 ਫੀਸਦੀ ਦਾ ਵਾਧਾ ਕਰਕੇ ਦਿੱਤਾ ਜਾਵੇਗਾ।

ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਸ਼ਹਿਰੀ ਲੋਕਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿਉਂਕਿ ਪੰਜਾਬ 'ਚ ਕਾਂਗਰਸ ਦੀ ਸਰਕਾਰ ਬਣਨ 'ਚ ਸ਼ਹਿਰੀਆਂ ਦਾ ਵੱਡਾ ਯੋਗਦਾਨ ਰਿਹਾ ਹੈ।

ਵਿਧਾਨ ਸਭਾ ਨੇ ਪੰਜਾਬ ਪੰਚਾਇਤੀ ਰਾਜ ਸੋਧ ਬਿਲ, ਮਿਊਂਸਿਪਲ ਸੋਧ ਬਿਲ ਅਤੇ ਮਿਊਂਸਿਪਲ ਕਾਰਪੋਰੇਸ਼ਨ ਸੋਧ ਬਿਲ ਵੀ ਪਾਸ ਕਰ ਦਿੱਤਾ, ਜਿਸ ਨਾਲ ਪੰਚਾਇਤੀ ਅਤੇ ਸ਼ਹਿਰੀ ਸੰਸਥਾਵਾਂ ਵਿਚ ਔਰਤਾਂ ਦਾ ਰਾਖਵਾਂਕਰਨ 33 ਫੀਸਦੀ ਤੋਂ ਵਧਾ ਕੇ 50 ਫੀਸਦੀ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਤਕਨੀਕੀ ਯੂਨੀਵਰਸਿਟੀ ਬਠਿੰਡਾ ਅਤੇ ਇੰਦਰ ਕੁਮਾਰ ਗੁਜਰਾਲ ਯੂਨੀਵਰਸਿਟੀ ਜਲੰਧਰ ਦੇ ਪ੍ਰਬੰਧਕੀ ਬੋਰਡ ਵਿਚ ਤਕਨੀਕੀ ਖੇਤਰ ਨਾਲ ਜੁੜੀ ਸ਼ਖ਼ਸੀਅਤ ਨੂੰ ਚੇਅਰਮੈਨ ਲਾਉਣ ਦਾ ਰਾਹ ਪੱਧਰਾ ਕਰਦਿਆਂ ਦੋਹਾਂ ਯੂਨੀਵਰਸਿਟੀਆਂ ਦੇ ਸੋਧ ਬਿਲ ਵੀ ਸਦਨ ਨੇ ਪਾਸ ਕੀਤੇ। ਪੀਆਈਡੀਬੀ ਐਕਟ ਸੋਧ ਬਿਲ ਪਾਸ ਕਰਦਿਆਂ ਇਸ ਬੋਰਡ ਦੀ ਆਮਦਨ ਨੂੰ ਬਜਟ ਦਾ ਹਿੱਸਾ ਬਣਾਉਣ ਲਈ ਹਰੀ ਝੰਡੀ ਦਿੱਤੀ ਗਈ। ਬਿਲ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਪੇਸ਼ ਕੀਤਾ। ਮਾਰਕੀਟ ਕਮੇਟੀਆਂ ਨੂੰ ਭੰਗ ਕਰਨ ਦਾ ਬਿਲ ਅਤੇ ਮੰਡੀ ਬੋਰਡ ਸੋਧ ਬਿਲ ਪਾਸ ਕਰਕੇ ਮੰਡੀਆਂ ਵਿਚ ਈ-ਮਾਰਕੀਟਿੰਗ ਨੂੰ ਉਤਸ਼ਾਹਤ ਕੀਤਾ ਜਾਵੇਗਾ।

## ਸੁਖਬੀਰ, ਅਕਾਲੀ ਦਲ ਤੇ ਆਪ' ਖ਼ਿਲਾਫ਼ ਨਿੰਦਾ ਮਤੇ ਪਾਸ

ਪੰਜਾਬ ਦੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਸਦਨ ਦੀ ਮਰਿਆਦਾ ਭੰਗ ਕਰਨ ਦੇ ਦੋਸ਼ ਲਾਉਂਦਿਆਂ ਨਿੰਦਾ ਮਤਾ ਪੇਸ਼ ਕੀਤਾ ਅਤੇ ਮਾਮਲਾ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਦੇਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਨੇ ਵਿਧਾਨ ਸਭਾ ਸਪੀਕਰ ਖਿਲਾਫ਼ ਅਪਮਾਨਜਨਕ ਸ਼ਬਦ ਸਦਨ ਦੇ ਅੰਦਰ ਅਤੇ ਬਾਹਰ ਬੋਲੇ ਹਨ ਤੇ ਜਾਣ ਬੁੱਝ ਕੇ ਸਦਨ ਤੇ ਸਪੀਕਰ ਦੀ ਹੱਤਕ ਕੀਤੀ ਹੈ। ਸਦਨ ਨੇ ਮਤਾ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਇਸੇ ਤਰ੍ਹਾਂ ਸ੍ਰੀ ਮਹਿੰਦਰਾ ਨੇ ਸਦਨ ਵਿਚ ਆਪ' ਅਤੇ ਅਕਾਲੀ ਦਲ ਦੇ ਵਿਧਾਇਕਾਂ ਵਲੋਂ ਵਾਕਆਊਟ ਸਮੇਂ ਫਲੋਰ ਕਰਾਸ' ਕਰਨ ਨੂੰ ਵੀ ਮਰਿਆਦਾ ਭੰਗ ਕਰਨ ਦੀ ਕਾਰਵਾਈ ਕਰਾਰ ਦਿੰਦਿਆਂ ਨਿੰਦਾ ਮਤਾ ਪੇਸ਼ ਕੀਤਾ, ਜੋ ਸਦਨ ਨੇ ਪਾਸ ਕਰ ਦਿੱਤਾ। ਕਰਜ਼ਾਈ ਕਿਸਾਨਾਂ ਦੀ ਕੁਰਕੀ ਦੇ ਅਖ਼ਤਿਆਰ ਸਹਿਕਾਰਤਾ ਵਿਭਾਗ ਦੇ ਅਧਿਕਾਰੀਆਂ ਤੋਂ ਵਾਪਸ ਲੈਣ ਲਈ ਪੰਜਾਬ ਸਹਿਕਾਰੀ ਸਭਾਵਾਂ ਸੋਧ ਬਿਲ ਨੂੰ ਪੰਜਾਬ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਇਹ ਬਿਲ ਸੰਸਦੀ ਮਾਮਲਿਆਂ ਬਾਰੇ ਮੰਤਰੀ ਨੇ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਕਿਸਾਨਾਂ ਨਾਲ ਕੀਤਾ ਚੋਣ ਵਾਅਦਾ ਪੁਗਾਇਆ ਹੈ।

# ਯੂਨਾਈਟਿਡ ਅਕਾਲੀ ਦਲ ਨੂੰ ਵਿਧਾਨ ਸਭਾ ਵੱਲ ਮਾਰਚ ਕਰਨ ਤੋਂ ਰੋਕਿਆ

**ਚੰਡੀਗੜ੍ਹ/ਬਿਊਰੋ ਨਿਊਜ਼ :**
ਯੂਨਾਈਟਿਡ ਅਕਾਲੀ ਦਲ ਨੇ ਪੰਜਾਬ ਅਤੇ ਪੰਥਕ ਮਸਲਿਆਂ ਸਬੰਧੀ ਵਿਧਾਨ ਸਭਾ ਵੱਲ ਰੋਸ ਮਾਰਚ ਕੀਤਾ ਪਰ ਪੁਲੀਸ ਨੇ ਦਲ ਦੇ ਕਾਰਕੁਨਾਂ ਨੂੰ ਰਾਹ ਵਿਚ ਹੀ ਰੋਕ ਲਿਆ। ਇਸ ਮਗਰੋਂ ਯੂਨਾਈਟਿਡ ਅਕਾਲੀ ਦਲ ਦੇ ਕਾਰਕੁਨਾਂ ਨੇ ਸੜਕ 'ਤੇ ਹੀ ਧਰਨਾ ਲਾ ਦਿੱਤਾ। ਇਹ ਧਰਨਾ ਮੁੱਖ ਮੰਤਰੀ ਦੇ ਓਐਸਡੀ ਨੂੰ ਮੰਗ ਪੱਤਰ ਦੇਣ ਮਗਰੋਂ ਚੁੱਕਿਆ ਗਿਆ। ਇਸ ਤੋਂ ਪਹਿਲਾਂ ਪੰਜਾਬ ਦੇ ਭਖ਼ਦੇ ਮਸਲਿਆਂ ਬਾਰੇ ਸੈਮੀਨਾਰ ਕਰਵਾਇਆ ਗਿਆ।

ਯੂਨਾਈਟਿਡ ਅਕਾਲੀ ਦਲ ਦੇ ਕਾਰਕੁਨ ਸੈਮੀਨਾਰ ਤੋਂ ਬਾਅਦ ਕਿਸਾਨ ਭਵਨ ਤੋਂ ਵਿਧਾਨ ਸਭਾ ਵੱਲ ਵਧਣੇ ਸ਼ੁਰੂ ਹੋਏ ਤਾਂ ਵੱਡੀ ਗਿਣਤੀ ਪੁਲੀਸ ਨੇ ਉਨ੍ਹਾਂ ਨੂੰ ਰੋਕ ਲਿਆ। ਇਸ 'ਤੇ ਦਲ ਦੇ ਕਾਰਕੁਨਾਂ ਨੇ ਸੜਕ 'ਤੇ ਹੀ ਧਰਨਾ ਲਾ ਦਿੱਤਾ, ਜੋ ਮੁੱਖ ਮੰਤਰੀ ਦੇ ਨੁਮਾਇੰਦਿਆਂ ਜਗਜੀਤ ਸਿੰਘ ਸਿੱਧੂ ਅਤੇ ਜੀ.ਐੱਸ. ਢੇਸੀ ਵਲੋਂ ਮੰਗ ਪੱਤਰ ਲੈਣ ਤੋਂ ਬਾਅਦ ਚੁੱਕਿਆ ਗਿਆ। ਸੈਮੀਨਾਰ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਾ ਕਰਨ 'ਤੇ ਰੋਸ ਪ੍ਰਗਟਾਇਆ। ਬੁਲਾਰਿਆਂ ਨੇ ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਅਤੇ ਨਸ਼ਿਆਂ ਵਿਰੁੱਧ ਠੋਸ ਕਾਰਵਾਈ ਦੀ ਮੰਗ ਕੀਤੀ। ਭਾਈ ਮੋਹਕਮ ਸਿੰਘ ਨੇ ਕਿਹਾ ਕਿ ਨਵੀਂ ਸਰਕਾਰ ਦੇ 100 ਦਿਨ ਪੂਰੇ ਹੋਣ ਦੇ ਬਾਵਜੂਦ ਠੋਸ ਨਤੀਜੇ ਸਾਹਮਣੇ ਨਹੀਂ ਆਏ ਹਨ। ਭਾਈ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ, ਜਿਸ ਕਾਰਨ ਸਿੱਖ ਸੰਗਤ ਵਿਚ ਰੋਸ ਹੈ। ਉਨ੍ਹਾਂ ਸਰਕਾਰ ਤੋਂ ਬਗ਼ੈਰ ਦੇਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਾਉਣ ਦੀ ਮੰਗ ਕੀਤੀ।

# ਕਾਂਗਰਸ ਪਾਰਟੀ ਹਮੇਸ਼ਾ ਸਿੱਖ ਵਿਰੋਧੀ ਕਾਰਵਾਈ ਹੀ ਕਰਦੀ ਹੈ : ਸੁਖਬੀਰ ਸਿੰਘ ਬਾਦਲ

**ਚੰਡੀਗੜ੍ਹ/ਬਿਊਰੋ ਨਿਊਜ਼ :**
ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦਸਤਾਰ, ਦਲਿਤਾਂ ਅਤੇ ਔਰਤਾਂ ਦੇ ਸਤਿਕਾਰ ਨੂੰ ਸੱਟ ਮਾਰਨ ਦੇ ਮਸਲੇ 'ਤੇ ਲੋਕਾਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ ਅਤੇ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੂੰ ਅਹੁਦੇ ਤੋਂ ਹਟਾ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਕਾਂਗਰਸ ਦੇ ਸਿੱਖ ਵਿਰੋਧੀ' ਹੋਣ ਦਾ ਪੁਰਾਣਾ ਰਾਗ ਅਲਾਪਦਿਆਂ ਕਿਹਾ ਕਿ ਮੌਕੇ ਮਿਲਣ 'ਤੇ ਕਾਂਗਰਸ ਪਾਰਟੀ ਸਿੱਖ ਵਿਰੋਧੀ ਕਾਰਵਾਈ ਕਰਦੀ ਹੀ ਕਰਦੀ ਹੈ।



ਵਿਧਾਨ ਸਭਾ 'ਚੋਂ ਵਾਕਆਊਟ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਵਿਧਾਨ ਸਭਾ ਵਿਚ ਵਾਪਰੀਆਂ ਘਟਨਾਵਾਂ ਸਬੰਧੀ ਉਹ ਰਾਜਪਾਲ ਨਾਲ ਮੁਲਾਕਾਤ ਕਰ ਕੇ ਸਪੀਕਰ ਰਾਣਾ ਕੇ.ਪੀ. ਸਿੰਘ ਨੂੰ ਬਰਤਰਫ਼ ਕਰਨ ਦੀ ਮੰਗ ਕਰਨਗੇ। ਸੁਖਬੀਰ ਬਾਦਲ ਨੇ ਕਿਹਾ ਕਿ ਪੱਗ ਦੀ ਬੇਅਬਦੀ ਸਬੰਧੀ ਉਨ੍ਹਾਂ ਨੇ ਸਿਧਾਂਤਕ ਸਟੈਂਡ ਲਿਆ ਹੈ। ਅਕਾਲੀ ਦਲ ਦੇ ਸਾਰੇ ਵਿਧਾਇਕਾਂ ਨੇ ਕਾਲੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ ਤੇ ਕਾਲੇ ਚੋਗੇ ਪਾਏ ਹੋਏ ਸਨ। ਭਾਜਪਾ ਵਿਧਾਇਕ ਸੋਮ ਪ੍ਰਕਾਸ਼ ਨੇ ਕਾਲੇ ਰੰਗ ਦਾ ਸਾਫਾ ਬੰਨ੍ਹਿਆ ਹੋਇਆ ਸੀ ਤੇ ਡਾ. ਸੁਖਵਿੰਦਰ ਸੁਖੀ, ਪਵਨ ਟੀਨੂ, ਐਨ. ਕੇ. ਸ਼ਰਮਾ ਨੇ ਪੱਗ ਬੰਨ੍ਹੀ ਹੋਈ ਸੀ।

## ਜੰਮੂ-ਕਸ਼ਮੀਰ ਦੇ ਸਕੂਲਾਂ 'ਚੋਂ ਪੰਜਾਬੀ ਹਟਾਉਣ ਖ਼ਿਲਾਫ਼ ਰੋਸ ਪ੍ਰਦਰਸ਼ਨ ਦੀ ਚਿਤਾਵਨੀ

**ਸ੍ਰੀਨਗਰ/ਬਿਊਰੋ ਨਿਊਜ਼ :** ਜੰਮੂ-ਕਸ਼ਮੀਰ ਦੇ ਸਿੱਖਿਆ ਵਿਭਾਗ ਵਲੋਂ ਸਕੂਲਾਂ ਵਿਚੋਂ ਪੰਜਾਬੀ ਹਟਾਉਣ ਖ਼ਿਲਾਫ਼ ਰੋਸ ਪ੍ਰਗਟ ਕਰਦਿਆਂ ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ (ਏਪੀਐਸਸੀਸੀ) ਨੇ ਸਰਕਾਰ ਦੇ ਇਸ ਕਦਮ ਨੂੰ ਜੰਮੂ-ਕਸ਼ਮੀਰ ਦੇ ਪੰਜਾਬੀ ਬੋਲਣ ਵਾਲੇ ਲੋਕਾਂ ਦੇ ਅਧਿਕਾਰਾਂ 'ਤੇ ਡਾਕਾ ਕਰਾਰ ਦਿੱਤਾ ਹੈ।

ਕਮੇਟੀ ਨੇ ਚਿਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਇਹ ਫ਼ੈਸਲਾ ਵਾਪਸ ਨਾ ਲਿਆ ਤਾਂ ਸਾਰੇ ਸੂਬੇ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਕਮੇਟੀ ਦੇ ਚੇਅਰਮੈਨ ਜਗਮੋਹਨ ਸਿੰਘ ਰੈਣਾ ਨੇ ਆਖਿਆ ਕਿ ਪੰਜਾਬੀ ਇਸ ਸੂਬੇ ਦੀਆਂ ਸਭ ਤੋਂ ਪੁਰਾਣੀਆਂ ਭਾਸ਼ਾਵਾਂ ਵਿਚੋਂ ਇੱਕ ਹੈ ਤੇ ਇਸ ਨੂੰ ਸੂਬੇ ਦੇ ਸਕੂਲਾਂ ਵਿਚੋਂ ਹਟਾਉਣਾ ਮੰਦਭਾਗੀ ਗੱਲ ਹੈ। ਉਨ੍ਹਾਂ ਕਿਹਾ ਕਿ ਵਿਭਾਗ ਵਲੋਂ ਜਾਰੀ ਸਰਕੂਲਰ ਤਹਿਤ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣੀ ਬੰਦ ਕਰ ਦਿੱਤੀ ਗਈ ਹੈ ਤੇ ਹੋਰ ਭਾਸ਼ਾਵਾਂ ਪੜ੍ਹਾਉਣੀਆਂ ਲਾਜ਼ਮੀ ਕੀਤੀਆਂ ਗਈਆਂ ਹਨ। ਪੰਜਾਬੀਆਂ ਵਲੋਂ ਸ੍ਰੀਨਗਰ ਵਿੱਚ ਇਸ ਫ਼ੈਸਲੇ ਖ਼ਿਲਾਫ਼ ਪ੍ਰਦਰਸ਼ਨ ਕੀਤਾ ਜਾਵੇਗਾ।

# ਸੁਖਬੀਰ ਨੇ 'ਆਪ' ਦੇ ਗ਼ੈਰ-ਤਜਰਬੇਕਾਰ ਵਿਧਾਇਕਾਂ ਦਾ ਲਾਹਾ ਲਿਆ: ਜਾਖੜ

## ਵਿਧਾਨ ਸਭਾ ਵਿੱਚ ਪਏ ਰੌਲੇ-ਰੱਪੇ ਲਈ ਦੋਵੇਂ ਪਾਰਟੀਆਂ ਮੁਆਫ਼ੀ ਮੰਗਣ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ (ਆਪ) 'ਤੇ ਚੋਣਾਂ ਤੋਂ ਪਹਿਲਾਂ ਰਲ-ਮਿਲ ਕੇ 'ਮੈਚ ਖੇਡਣ' ਦਾ ਦੋਸ਼ ਲਾਉਂਦਿਆਂ ਕਿਹਾ ਕਿ ਹੁਣ ਵਿਧਾਨ ਸਭਾ ਵਿੱਚ ਵੀ ਇਨ੍ਹਾਂ ਦੋਵਾਂ ਪਾਰਟੀਆਂ ਨੇ ਆਪਣੀ ਪੁਰਾਣੀ ਸਾਂਝ ਦਿਖਾਈ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 'ਆਪ' ਵਿਧਾਇਕਾਂ ਦੇ ਗ਼ੈਰ-ਤਜਰਬੇਕਾਰ ਹੋਣ ਦਾ ਲਾਹਾ ਲਿਆ ਹੈ। ਇਨ੍ਹਾਂ ਪਾਰਟੀਆਂ ਨੇ ਸਦਨ ਨੂੰ ਜੰਗ ਦਾ ਮੈਦਾਨ ਬਣਾ ਕੇ ਰੱਖ ਦਿੱਤਾ। ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਜਾਖੜ ਨੇ ਦੋਵਾਂ ਪਾਰਟੀਆਂ ਨੂੰ ਸਦਨ ਤੇ ਸਪੀਕਰ ਦੇ ਅਹੁਦੇ ਨੂੰ ਢਾਹ ਲਾਉਣ ਲਈ ਬਿਨਾਂ ਸ਼ਰਤ ਮੁਆਫ਼ੀ ਮੰਗਣ ਲਈ ਕਿਹਾ।



ਵਿਧਾਨ ਸਭਾ ਵਿੱਚ ਵਾਪਰੀਆਂ ਘਟਨਾਵਾਂ ਬਾਰੇ ਸ੍ਰੀ ਜਾਖੜ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਸਦਨ ਵਿੱਚ ਨਹੀਂ ਆ ਰਹੇ ਸਨ, ਕਿਉਂਕਿ ਅਕਾਲੀ ਦਲ ਨੁੱਕਰੇ ਲੱਗ ਗਿਆ ਹੈ ਅਤੇ 'ਆਪ' ਵੀ ਆਪਣੀ ਅੰਦਰੂਨੀ ਲੜਾਈ ਦਾ ਸੇਕ ਝੱਲ ਰਹੀ ਹੈ, ਜਿਸ ਵਿੱਚ ਐੱਚ. ਐੱਸ. ਫੂਲਕਾ ਆਪਣੀ ਚੌਧਰ ਕਾਇਮ ਕਰਨ ਲਈ ਹੱਥ-ਪੈਰ ਮਾਰ ਰਹੇ ਹਨ। ਸ੍ਰੀ ਜਾਖੜ ਨੇ ਸਪੀਕਰ ਨੂੰ 'ਆਪ' ਦੇ ਵਿਧਾਇਕਾਂ ਪ੍ਰਤੀ ਨਰਮੀ ਦਿਖਾਉਣ ਦੀ ਅਪੀਲ ਕੀਤੀ, ਕਿਉਂਕਿ ਉਹ ਵਿਧਾਨ ਸਭਾ ਵਿੱਚ ਪਹਿਲੀ ਵਾਰ ਆਏ ਹਨ। ਉਨ੍ਹਾਂ ਨੇ ਇਨ੍ਹਾਂ ਵਿਧਾਇਕਾਂ ਨੂੰ ਸਦਨ ਦੇ ਕੰਮ-ਕਾਜ ਦੀ ਸਿਖਲਾਈ ਦੇਣ ਦੀ ਵੀ ਅਪੀਲ ਕੀਤੀ। ਸ੍ਰੀ ਜਾਖੜ ਨੇ ਵਿਰੋਧੀ ਧਿਰ ਨੂੰ ਜ਼ਿੰਮੇਵਾਰ ਲੀਡਰਸ਼ਿਪ ਵਜੋਂ ਕੰਮ ਕਰਨ ਅਤੇ ਭਵਿੱਖ ਵਿੱਚ ਵਿਧਾਨ ਸਭਾ ਵਿੱਚ ਅਜਿਹੀਆਂ ਘਟਨਾਵਾਂ ਨਾ ਹੋਣ ਦੇਣ ਦੀ ਅਪੀਲ ਕੀਤੀ।




## ਸਦਨ ਵੱਲੋਂ ਨਿੰਦਾ ਮਤੇ ਪਾਸ

ਵਿਧਾਨ ਸਭਾ ਵਿੱਚ 'ਆਪ' ਤੇ ਅਕਾਲੀ ਵਿਧਾਇਕਾਂ ਨੂੰ ਬਾਹਰ ਕੱਢੇ ਜਾਣ ਤੋਂ ਬਾਅਦ ਸਦਨ ਵਿੱਚ ਇਨ੍ਹਾਂ ਵਿਧਾਇਕਾਂ ਦੀ ਕਾਰਵਾਈ ਨੂੰ ਗਲਤ ਕਰਾਰ ਦਿੰਦਿਆਂ ਨਿੰਦਾ ਮਤਾ ਪੇਸ਼ ਕੀਤਾ ਗਿਆ, ਜਿਸ ਨੂੰ ਸਦਨ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। 'ਆਪ' ਦੇ ਵਿਧਾਇਕ ਜੈ ਕਿਸ਼ਨ ਖ਼ਿਲਾਫ਼ ਮਹਿਲਾ ਮਾਰਸ਼ਲ ਨਾਲ ਧੱਕਾ-ਮੁੱਕੀ ਦੇ ਦੋਸ਼ ਤਹਿਤ ਵੱਖਰਾ ਨਿੰਦਾ ਮਤਾ ਪਾਸ ਕੀਤਾ ਗਿਆ। ਇਸੇ ਤਰ੍ਹਾਂ ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਪਵਨ ਕੁਮਾਰ ਟੀਨੂੰ ਸਣੇ ਅਕਾਲੀ ਦਲ ਦੇ ਹੋਰਨਾਂ ਮੈਂਬਰਾਂ ਖਿਲਾਫ਼ ਨਿੰਦਾ ਮਤਾ ਪੇਸ਼ ਕਰਦਿਆਂ ਕਿਹਾ ਕਿ ਬੁੱਧਵਾਰ ਨੂੰ ਸ੍ਰੀ ਟੀਨੂੰ ਅਤੇ ਹੋਰ ਅਕਾਲੀ ਵਿਧਾਇਕਾਂ ਨੇ ਸਪੀਕਰ ਅਤੇ ਇੱਕ ਮੰਤਰੀ ਖਿਲਾਫ਼ ਅਪਮਾਨਜਨਕ ਟਿੱਪਣੀਆਂ ਕੀਤੀਆਂ ਹਨ। ਇਹ ਮਤਾ ਵੀ ਸਦਨ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ।

### ਹਾਕਮ ਧਿਰ ਨੇ ਮਾਮਲਾ ਸ਼ਾਂਤ ਕਰਨ ਦੀ ਕੋਈ ਕੋਸ਼ਿਸ਼ ਨਾ ਕੀਤੀ

ਵਿਧਾਨ ਸਭਾ 'ਚ ਹੋਏ ਹੰਗਾਮਿਆਂ ਦੌਰਾਨ ਹਾਕਮ ਧਿਰ ਜਾਂ ਸਪੀਕਰ ਵੱਲੋਂ ਮਾਮਲੇ ਨੂੰ ਸ਼ਾਂਤ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਸਦਨ ਦੇ ਨੇਤਾ ਕੈਪਟਨ ਅਮਰਿੰਦਰ ਸਿੰਘ ਅਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਵੀ ਮੂਕ ਦਰਸ਼ਕ ਬਣੇ ਰਹੇ। ਉਧਰ ਸਪੀਕਰ ਰਾਣਾ ਕੇ.ਪੀ. ਸਿੰਘ ਨੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਦੀ ਮੌਜੂਦਗੀ ਵਿੱਚ ਕਿਹਾ, "ਵਿਰੋਧੀ ਮੈਂਬਰਾਂ ਨੂੰ ਵਾਰ-ਵਾਰ ਸ਼ਾਂਤਮਈ ਢੰਗ ਨਾਲ ਬੈਠਣ ਦੀਆਂ ਅਪੀਲਾਂ ਕੀਤੀਆਂ ਗਈਆਂ ਪਰ ਜਦੋਂ ਵਿਧਾਇਕਾਂ ਨੇ ਮੇਰੇ ਵੱਲੋਂ ਕਾਗਜ਼ ਸੁੱਟਣੇ ਸ਼ੁਰੂ ਕਰ ਦਿੱਤੇ ਤਾਂ ਮੈਂ ਸਖ਼ਤ ਰੁਖ਼ ਅਪਣਾ ਲਿਆ।" ਉਨ੍ਹਾਂ ਇਹ ਵੀ ਕਿਹਾ, "ਮੈਨੂੰ ਵਿਧਾਨ ਸਭਾ ਦੇ ਪੂਰੇ ਕੰਪਲੈਕਸ ਵਿੱਚੋਂ ਕਿਸੇ ਵਿਧਾਇਕ ਨੂੰ ਬਾਹਰ ਰੱਖਣ ਦੇ ਹੁਕਮ ਦੇਣ ਦਾ ਅਖ਼ਤਿਆਰ ਹੈ।"

## ਅਕਾਲ ਤਖ਼ਤ ਨੇ ਲਿਆ ਦਸਤਾਰ ਦੀ ਬੇਅਦਬੀ ਦਾ ਸਖ਼ਤ ਨੋਟਿਸ

**ਅੰਮ੍ਰਿਤਸਰ/ਬਿਊਰੋ ਨਿਊਜ਼:** ਵਿਧਾਨ ਸਭਾ ਵਿੱਚ ਆਪ' ਵਿਧਾਇਕ ਪਿਰਮਲ ਸਿੰਘ ਖਾਲਸਾ ਦੀ ਦਸਤਾਰ ਦੀ ਬੇਅਦਬੀ ਹੋਣ ਦੀ ਵਾਪਰੀ ਘਟਨਾ ਦੀ ਧਾਰਮਿਕ ਆਗੂਆਂ ਨੇ ਸਖ਼ਤ



ਨਿੰਦਾ ਕਰਦਿਆਂ ਇਸ ਘਟਨਾ ਲਈ ਵਿਧਾਨ ਸਭਾ ਦੇ ਸਪੀਕਰ ਅਤੇ ਮਾਰਸ਼ਲਾਂ ਨੂੰ ਜ਼ਿੰਮੇਵਾਰ ਠਹਿਰਾਇਆ।

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਵਿਧਾਨ ਸਭਾ ਵਿੱਚ ਵਿਧਾਇਕ ਭਾਈ ਪਿਰਮਲ ਸਿੰਘ ਦੀ ਮਾਰਸ਼ਲਾਂ ਵੱਲੋਂ ਕੁਟਮਾਰ ਕਰਨਾ ਤੇ ਦਸਤਾਰ ਦੀ ਬੇਅਦਬੀ ਕਰਨਾ ਨਿੰਦਣਯੋਗ ਹੈ। ਉਨ੍ਹਾਂ ਇਸ ਮਾਮਲੇ ਵਿੱਚ ਮਾਰਸ਼ਲਾਂ ਖ਼ਿਲਾਫ਼ ਢੁਕਵੀਂ ਕਾਰਵਾਈ ਕਰਨ ਅਤੇ ਸਜ਼ਾ ਦੇਣ ਲਈ ਆਖਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਘਟਨਾ ਦੀ ਨਿੰਦਾ ਕਰਦਿਆਂ ਆਖਿਆ ਕਿ ਇਹ ਮਾਮਲਾ ਸ਼੍ਰੋਮਣੀ ਕਮੇਟੀ ਨੇ ਇਕ ਅੰਤ੍ਰਿੰਗ ਕਮੇਟੀ ਦੀ 26 ਜੂਨ ਨੂੰ ਹੋਣ ਵਾਲੀ ਮੀਟਿੰਗ 'ਚ ਵਿਚਾਰਿਆ ਜਾਵੇਗਾ। ਉਹ ਇਸ ਘਟਨਾ 'ਚ ਜ਼ਖ਼ਮੀ ਹੋਈ ਵਿਧਾਇਕ ਸਰਬਜੀਤ ਕੌਰ ਮਾਣੂੰਕੇ ਤੇ ਮਨਜੀਤ ਸਿੰਘ ਬਿਲਾਸਪੁਰ ਦਾ ਚੰਡੀਗੜ੍ਹ ਦੇ ਹਸਪਤਾਲ ਹਾਲ ਪੁੱਛਣ ਲਈ ਵੀ ਗਏ। ਇਸੇ ਤਰ੍ਹਾਂ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਤੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਵੀ ਇਸ ਘਟਨਾ ਦੀ ਨਿੰਦਾ ਕੀਤੀ ਹੈ।

# ਪੰਜਾਬ ਵਿਧਾਨ ਸਭਾ ਦਾ ਸਭ ਤੋਂ ਕਾਲਾ ਦਿਨ

### ਸਰਕਾਰੀ ਜੋਰ ਜਬਰੀ ਦੌਰਾਨ ਵਿਧਾਇਕਾਂ ਦੀਆਂ ਪੱਗਾਂ ਲੱਥੀਆਂ, ਮਾਰਸ਼ਲਾਂ ਵਲੋਂ ਮਹਿਲਾ ਵਿਧਾਇਕਾਂ ਦੀ ਖਿੱਚ-ਧੂਹ

- *ਰਾਜਸੀ ਯੁੱਧ ਨੇ ਹਿੰਸਕ ਮੈਦਾਨ ਦਾ ਰੂਪ ਧਾਰਿਆ*
- *ਆਪ' ਤੇ ਅਕਾਲੀ ਵਿਧਾਇਕਾਂ ਵਲੋਂ ਕਾਰਵਾਈ ਨਾ ਚੱਲਣ ਦੇਣ 'ਤੇ ਹਾਲਤ ਵਿਗੜੇ*
- *ਸਪੀਕਰ ਵੱਲੋਂ ਸਮੁੱਚੀ ਵਿਰੋਧੀ ਧਿਰ ਨੂੰ ਸਦਨ ਵਿੱਚੋਂ ਕੱਢਣ ਦੀਆਂ ਹਦਾਇਤਾਂ*
- ਗੜਬੜ ਬਾਅਦ ਆਮ ਆਦਮੀ ਪਾਰਟੀ ਤੇ ਅਕਾਲੀ ਹੋਏ ਕੱਠੇ



ਖਿੱਚ-ਧੂਹ ਦੌਰਾਨ ਬੇਸੁਰਤ 'ਆਪ' ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਕੋਲ ਮਾਰਸ਼ਲਾਂ ਦਾ ਵਿਰੋਧ ਕਰਦੇ ਹੋਏ ਵਿਧਾਇਕ।

**ਚੰਡੀਗੜ੍ਹ/ ਦਵਿੰਦਰ ਪਾਲ**, ਪੰਜਾਬ ਵਿਧਾਨ ਸਭਾ 'ਚ ਵੀਰਵਰ 23 ਜੂਨ ਨੂੰ ਸਦਨ ਦੇ ਇਤਿਹਾਸ ਦਾ ਸਭ ਤੋਂ ਕਾਲਾ ਦਿਨ ਹੋ ਨਿਬੜਿਆ ਜਦੋਂ ਆਮ ਆਦਮੀ ਪਾਰਟੀ (ਆਪ) ਤੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਦੇ ਜ਼ੋਰਦਾਰ ਹੰਗਾਮਿਆਂ ਕਾਰਨ ਸਥਿਤੀ ਇੰਨੀ ਗੰਭੀਰ ਬਣ ਗਈ ਕਿ ਸਪੀਕਰ ਰਾਣਾ ਕੰਵਰਪਾਲ ਸਿੰਘ ਨੇ ਮਾਰਸ਼ਲਾਂ ਨੂੰ ਸਮੁੱਚੇ ਵਿਰੋਧੀ ਵਿਧਾਇਕਾਂ ਨੂੰ ਸਦਨ ਵਿੱਚੋਂ ਕੱਢਣ ਦੇ ਹੁਕਮ ਦੇ ਦਿੱਤੇ। ਫਿਰ ਅਕਾਲੀਆਂ ਦੀ ਮਦਦ ਨਾਲ ਆਪ' ਵਿਧਾਇਕਾਂ ਵੱਲੋਂ ਮੁੜ ਸਦਨ ਵਿੱਚ ਦਾਖ਼ਲ ਹੋਣ 'ਤੇ ਮਾਰਸ਼ਲਾਂ ਨੇ ਇੰਨਾ ਸਖ਼ਤ ਰਵੱਈਆ ਅਪਣਾਇਆ ਕਿ ਕਈ ਵਿਧਾਇਕਾਂ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਮਨਜੀਤ ਸਿੰਘ ਬਿਲਾਸਪੁਰ ਤੇ ਪਿਰਮਲ ਸਿੰਘ ਦੀਆਂ ਦਸਤਾਰਾਂ ਲੱਥ ਗਈਆਂ। ਆਪ' ਵਿਧਾਇਕਾ ਸਰਬਜੀਤ ਕੌਰ ਮਾਣੂੰਕੇ ਸਮੇਤ ਹੋਰਨਾਂ ਨੂੰ ਸੈਕਟਰ 16 ਦੇ ਜਨਰਲ ਹਸਪਤਾਲ ਵਿੱਚ ਦਾਖ਼ਲ ਕਰਾਉਣਾ ਪਿਆ। ਸਪੀਕਰ ਨੇ ਵੀ ਸਖ਼ਤ ਰਵੱਈਆ ਅਪਣਾਉਂਦਿਆਂ ਸਮੁੱਚੀ ਵਿਰੋਧੀ ਧਿਰ ਨੂੰ ਵਿਧਾਨ ਸਭਾ ਦੀ ਇਮਰਾਤ ਤੋਂ ਹੀ ਬਾਹਰ ਕੱਢਣ ਦੇ ਹੁਕਮ ਦੇ ਦਿੱਤੇ। ਕੈਪਟਨ ਅਮਰਿੰਦਰ ਸਿੰਘ ਨੇ ਆਪ' ਤੇ ਅਕਾਲੀ ਵਿਧਾਇਕਾਂ ਦੇ ਵਤੀਰੇ ਨੂੰ ਗਲਤ ਕਰਾਰ ਦਿੰਦਿਆਂ ਨਿੰਦਾ ਕੀਤੀ ਤੇ ਵਿਧਾਨ ਸਭਾ ਨੇ ਵੀ ਨਿੰਦਾ ਮਤੇ ਪਾਸ ਕੀਤੇ। ਕੈਪਟਨ ਸਰਕਾਰ ਦੇ ਪਲੇਠੇ ਬਜਟ ਸੈਸ਼ਨ ਦੌਰਾਨ ਹੀ ਇਸ ਤਰ੍ਹਾਂ ਵਿਰੋਧੀ ਧਿਰ 'ਚ ਬੈਠੀਆਂ ਦੋ ਪਾਰਟੀਆਂ (ਆਪ' ਤੇ ਅਕਾਲੀ ਦਲ) ਨੂੰ ਇੱਕ ਮੰਚ 'ਤੇ ਇਕੱਤਰ ਹੋਣ ਦਾ ਮੌਕਾ ਮਿਲ ਗਿਆ ਹੈ। ਤਣਾਅ ਕਾਰਨ ਸਪੀਕਰ ਨੂੰ ਸਦਨ ਦੀ ਕਾਰਵਾਈ ਕਰੀਬ ਇੱਕ ਘੰਟਾ ਮੁਲਤਵੀ ਰੱਖਣੀ ਪਈ।

ਸਾਰਾ ਮਾਮਲਾ ਸਪੀਕਰ ਰਾਣਾ ਕੇ.ਪੀ. ਸਿੰਘ ਵੱਲੋਂ 'ਆਪ' ਦੇ ਸੁਖਪਾਲ ਸਿੰਘ ਖਹਿਰਾ ਅਤੇ ਲੋਕ ਇਨਸਾਫ਼ ਪਾਰਟੀ ਦੇ ਸਿਮਰਜੀਤ ਸਿੰਘ ਬੈਂਸ ਨੂੰ ਵਿਧਾਨ ਸਭਾ ਕੰਪਲੈਕਸ ਵਿੱਚ ਦਾਖਲ ਹੋਣੋਂ ਰੋਕਣ ਕਾਰਨ ਵਿਗੜਿਆ। ਕਾਰਵਾਈ ਸ਼ੁਰੂ ਹੋਇਆਂ ਚੰਦ ਮਿੰਟ ਹੀ ਹੋਏ ਸਨ ਕਿ 'ਆਪ' ਦੇ ਕੰਵਰ ਸੰਧੂ ਨੇ ਸਪੀਕਰ ਨੂੰ ਕਿਹਾ ਕਿ ਸ੍ਰੀ ਖਹਿਰਾ ਅਤੇ ਸ੍ਰੀ ਬੈਂਸ ਨੂੰ ਵਿਧਾਨ ਸਭਾ ਕੰਪਲੈਕਸ ਅੰਦਰ ਆਉਣੋਂ ਰੋਕਣਾ ਗਲਤ ਹੈ। ਸਪੀਕਰ ਨੇ ਉਨ੍ਹਾਂ ਦੀ ਗੱਲ ਨਾ ਸੁਣੀ ਅਤੇ ਪ੍ਰਸ਼ਨ ਕਾਲ ਦੀ ਕਾਰਵਾਈ ਜਾਰੀ ਰੱਖੀ। ਇਸ 'ਤੇ 'ਆਪ' ਵਿਧਾਇਕ ਸਪੀਕਰ ਦੇ ਆਸਣ ਅੱਗੇ ਨਾਅਰੇਬਾਜ਼ੀ ਕਰਨ ਲੱਗੇ। ਉਨ੍ਹਾਂ ਜਿਉਂ ਹੀ ਮਾਰਸ਼ਲਾਂ ਦਾ ਘੇਰਾ ਤੋੜਨ ਦਾ ਯਤਨ ਕੀਤਾ ਤਾਂ ਸਪੀਕਰ ਨੇ ਸਖ਼ਤ ਰੁਖ਼ ਅਖਤਿਆਰ ਕਰ ਲਿਆ। ਸਪੀਕਰ ਨੇ ਮਾਰਸ਼ਲਾਂ ਨੂੰ ਹਦਾਇਤ ਦਿੱਤੀ ਕਿ 'ਆਪ' ਅਤੇ ਲੋਕ ਇਨਸਾਫ਼ ਪਾਰਟੀ ਦੇ ਸਾਰੇ ਵਿਧਾਇਕਾਂ ਨੂੰ ਬਾਹਰ ਕੱਢ ਦਿੱਤਾ ਜਾਵੇ। ਇਸ 'ਤੇ ਮਾਰਸ਼ਲਾਂ ਨੇ ਇਕੱਲੇ-ਇਕੱਲੇ ਵਿਧਾਇਕ ਨੂੰ ਚੁੱਕ ਕੇ ਕੱਢ ਦਿੱਤਾ। 'ਆਪ' ਦੇ ਵਿਧਾਇਕਾਂ ਨੂੰ ਕੱਢੇ ਜਾਣ ਪਿੱਛੋਂ ਅਕਾਲੀ-ਭਾਜਪਾ ਵਿਧਾਇਕ ਵੀ ਵਾਕਆਊਟ ਕਰ ਗਏ। ਫਿਰ ਅਕਾਲੀ ਵਿਧਾਇਕ ਸੁਖਬੀਰ ਸਿੰਘ ਬਾਦਲ ਦੀ ਅਗਵਾਈ 'ਚ ਅੰਦਰ ਆਏ ਤੇ ਸਪੀਕਰ ਦੀ ਕਾਰਵਾਈ ਦਾ ਵਿਰੋਧ ਕੀਤਾ। ਸਪੀਕਰ ਵੱਲੋਂ ਗੱਲ ਨਾ ਸੁਣੇ ਜਾਣ 'ਤੇ ਅਕਾਲੀ-ਭਾਜਪਾ ਵਿਧਾਇਕ ਸਦਨ ਦੇ ਵਿਚਕਾਰ ਆ ਕੇ ਨਾਅਰੇ ਮਾਰਨ ਲੱਗੇ।

ਇਸ ਦੌਰਾਨ ਅਕਾਲੀ-ਭਾਜਪਾ ਮੈਂਬਰ ਬਾਹਰ ਜਾ ਕੇ 'ਆਪ' ਦੇ ਵਿਧਾਇਕਾਂ ਨੂੰ ਨਾਲ ਲੈ ਕੇ ਸਦਨ ਦੇ ਵਿਚਕਾਰ ਆ ਗਏ। ਇਸ ਕਾਰਨ ਹਾਲਾਤ ਤਣਾਅਪੂਰਨ ਬਣ ਗਏ ਤੇ ਸਪੀਕਰ ਨੇ ਸਦਨ ਉਠਾ ਦਿੱਤਾ। ਸਦਨ ਮੁੜ ਜੁੜਨ ਤੋਂ ਪਹਿਲਾਂ ਮਾਰਸ਼ਲਾਂ ਨੇ 'ਆਪ' ਵਿਧਾਇਕਾਂ ਨੂੰ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ। ਇਸ ਜ਼ੋਰ-ਜ਼ਬਰਦਸਤੀ ਦੌਰਾਨ ਵਿਧਾਇਕਾ ਸਰਬਜੀਤ ਕੌਰ ਮਾਣੂੰਕੇ ਨੂੰ ਮਾਰਸ਼ਲ ਬੇਰਹਿਮੀ ਨਾਲ ਬਾਹਰ ਲੈ ਗਏ। ਅਕਾਲੀ ਦਲ ਦੇ ਪਵਨ ਕੁਮਾਰ ਟੀਨੂੰ ਅਤੇ ਹੋਰਨਾਂ ਨੇ ਮਾਰਸ਼ਲਾਂ ਨੂੰ ਰੋਕਣ ਦਾ ਯਤਨ ਕੀਤਾ ਤਾਂ ਉਹ ਵੀ ਕਾਰਵਾਈ ਦੀ ਮਾਰ 'ਚ ਆ ਗਏ। ਹੋਰਨਾਂ ਵਿਧਾਇਕਾਂ ਨੂੰ ਵੀ ਮਾਰਸ਼ਲਾਂ ਨੇ ਚੁੱਕ ਕੇ ਕੱਢ ਦਿੱਤਾ। ਸਦਨ ਮੁੜ ਜੁੜਿਆ ਤਾਂ ਅਕਾਲੀ-ਭਾਜਪਾ ਵਿਧਾਇਕਾਂ ਨੇ ਆਪ' ਦੇ ਹੱਕ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ 'ਤੇ ਸਪੀਕਰ ਨੇ ਅਕਾਲੀ-ਭਾਜਪਾ ਵਿਧਾਇਕਾਂ ਨੂੰ ਵੀ ਬਾਹਰ ਕੱਢਣ ਦੇ ਹੁਕਮ ਦੇ ਦਿੱਤੇ, ਪਰ ਅਕਾਲੀ ਵਿਧਾਇਕ ਪਹਿਲਾਂ ਹੀ ਸੁਖਬੀਰ ਬਾਦਲ ਦੀ ਅਗਵਾਈ ਹੇਠ ਬਾਹਰ ਚਲੇ ਗਏ। ਇਸ ਵਾਰੀ ਤਾਂ ਸਪੀਕਰ ਨੇ ਸਾਰੀ ਵਿਰੋਧੀ ਧਿਰ ਨੂੰ ਵਿਧਾਨ ਸਭਾ ਦੀ ਇਮਾਰਤ ਤੋਂ ਹੀ ਬਾਹਰ ਕੱਢਣ ਦੇ ਹੁਕਮ ਦੇ ਦਿੱਤੇ।

## ਸਦਨ ਦੇ ਬਾਹਰ ਬਣਿਆ ਰਿਹਾ ਮੱਛੀ ਬਾਜ਼ਾਰ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿਚ ਅੱਜ ਵਰਗਾ ਭਿਆਨਕ ਵਰਤਾਰਾ ਪਹਿਲਾਂ ਕਦੇ ਦੇਖਣ ਨੂੰ ਨਹੀਂ ਮਿਲਿਆ, ਜਦੋਂ ਦੋ ਵਿਧਾਇਕਾਂ ਨੂੰ ਸਟਰੇਚਰਾਂ 'ਤੇ ਪਾ ਕੇ ਹਸਪਤਾਲ ਦਾਖਲ ਕਰਵਾਉਣਾ ਪਿਆ। ਕੁਝ ਵਿਧਾਇਕ ਬੁਰੀ ਤਰ੍ਹਾਂ ਘੜੀਸੇ ਗਏ ਤੇ ਉਨ੍ਹਾਂ ਦੀਆਂ ਪੱਗਾਂ ਲਹਿ ਗਈਆਂ। ਵਿਧਾਨ ਸਭਾ ਦੇ ਦਾਖਲੇ ਵਾਲੇ ਗੇਟ ਦੇ ਬਾਹਰ ਜ਼ਬਰਦਸਤ ਰੌਲੇ-ਰੱਪੇ ਤੇ ਚੀਕ-ਚਿਹਾੜੇ ਦਾ ਆਲਮ ਸੀ ਤੇ ਇਕ ਤਰ੍ਹਾਂ ਮੱਛੀ ਮਾਰਕੀਟ ਤੋਂ ਵੀ ਮਾੜੀ ਹਾਲਤ ਬਣੀ ਹੋਈ ਸੀ। ਇਸ ਦੌਰਾਨ ਚਾਰ-ਪੰਜ ਵਿਧਾਇਕਾਂ ਦੀਆਂ ਪੱਗਾਂ ਲੱਥੀਆਂ, ਪਰ ਇਕ ਵਿਧਾਇਕ ਦੀ ਪੱਗ ਦੇ ਮਾਮਲੇ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਨੋਟਿਸ ਲਿਆ ਅਤੇ 26 ਜੂਨ ਨੂੰ ਕਾਰਜਕਾਰਨੀ ਦੀ ਮੀਟਿੰਗ ਸੱਦ ਲਈ। ਹਾਕਮ ਤੇ ਵਿਰੋਧੀ ਧਿਰ ਦਰਮਿਆਨ ਤਣਾਅ ਤਾਂ ਦਿਨ ਪਹਿਲਾਂ ਹੀ ਬਣ ਗਿਆ ਸੀ ਪਰ ਅੱਜ ਦਸ ਵਜੇ ਸੈਸ਼ਨ ਸ਼ੁਰੂ ਹੋਣ ਤੋਂ ਕੁਝ ਮਿੰਟ ਮਾਮਲਾ ਉਦੋਂ ਵਿਗੜ ਗਿਆ ਜਦੋਂ 'ਆਪ' ਦੇ ਸੁਖਪਾਲ ਖਹਿਰਾ ਤੇ ਲੋਕ ਇਨਸਾਫ਼ ਪਾਰਟੀ ਦੇ ਸਿਮਰਜੀਤ ਬੈਂਸ ਨੂੰ ਵਿਧਾਨ ਸਭਾ ਦੇ ਕੰਪਲੈਕਸ ਦੇ ਅੰਦਰ ਜਾਣੋਂ ਰੋਕ ਦਿੱਤਾ ਗਿਆ। ਉਹ ਉਥੇ ਹੀ ਧਰਨੇ 'ਤੇ ਬੈਠ ਗਏ। ਇਸ ਮੁੱਦੇ 'ਤੇ ਸਦਨ ਦੇ ਅੰਦਰ ਵੀ ਹੰਗਾਮਾ ਹੋ ਗਿਆ। 'ਆਪ' ਦੇ ਵਿਧਾਇਕਾਂ ਨੂੰ ਮਾਰਸ਼ਲਾਂ ਨੇ ਲੱਤਾਂ-ਬਾਹਾਂ ਤੋਂ ਫੜ ਕੇ ਸਦਨ ਦੇ ਬਾਹਰ



ਐਚ.ਐਸ. ਫੂਲਕਾ ਤੇ ਹੋਰ ਆਗੂਆਂ ਨੂੰ ਖਿੱਚ ਕੇ ਸਦਨ ਤੋਂ ਬਾਹਰ ਲਿਜਾਂਦੇ ਹੋਏ ਮਾਰਸ਼ਲ।

ਕੀਤਾ ਤਾਂ ਮਾਰਸ਼ਲਾਂ ਨਾਲ ਝੜਪਾਂ ਕਾਰਨ ਚਾਰ-ਪੰਜ ਵਿਧਾਇਕਾਂ ਦੀਆਂ ਪੱਗਾਂ ਲਹਿ ਗਈਆਂ ਅਤੇ ਵਿਧਾਇਕਾ ਸਰਬਜੀਤ ਕੌਰ ਮਾਣੂੰਕੇ ਸਣੇ ਚਾਰ ਵਿਧਾਇਕ ਜ਼ਖਮੀ ਹੋ ਗਏ। ਬੀਬੀ ਮਾਣੂੰਕੇ ਤੇ ਮਨਜੀਤ ਸਿੰਘ ਬਿਲਾਸਪੁਰ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ। ਵਿਧਾਨ ਸਭਾ ਦੇ ਦਾਖਲੇ ਵਾਲੇ ਗੇਟ ਸਾਹਮਣੇ ਭਾਰੀ ਰੌਲਾ ਤੇ ਚੀਕ-ਚਿਹਾੜਾ ਪੈ ਰਿਹਾ ਸੀ ਪਰ ਕੋਈ ਕਿਸੇ ਦੀ ਸੁਨਣ ਵਾਲਾ ਨਹੀਂ ਸੀ।

ਬਾਕੀ ਸਫ਼ਾ 32 'ਤੇ

## ਸਪੀਕਰ 'ਰਾਣਾ ਗੁੰਡਾ' ਮੁਆਫ਼ੀ ਮੰਗੇ: ਸੁਖਬੀਰ ਬਾਦਲ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਵਿਧਾਇਕ ਦਲ ਦੇ ਨੇਤਾ ਸੁਖਬੀਰ ਸਿੰਘ ਬਾਦਲ ਨੇ ਪ੍ਰੈਸ ਲਾਂਜ ਵਿਚ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ "ਅੱਜ ਦਾ ਦਿਨ ਜਮਹੂਰੀਅਤ ਵਿਚ ਸਭ ਤੋਂ ਉਦਾਸ ਕਰਨ ਵਾਲਾ ਦਿਨ ਹੈ। ਉਨ੍ਹਾਂ ਕਿਹਾ ਸਪੀਕਰ ਨੂੰ ਇਕ ਨਿੰਦਾਜਨਕ ਸ਼ਬਦ ਨਾਲ ਸੰਬੋਧਨ ਕੀਤੇ ਜਾਣ ਦਾ ਐਲਾਨ ਵੀ ਕੀਤਾ। ਉਨ੍ਹਾਂ ਕਿਹਾ, "'ਸਪੀਕਰ ਨੇ ਜੇ ਮੁਆਫੀ ਨਾ ਮੰਗੀ ਤਾਂ ਉਸ ਨੂੰ ਗੱਦੀਉਂ ਲਾਹੁਣ ਲਈ ਸੰਘਰਸ਼ ਕੀਤਾ ਜਾਵੇਗਾ।" ਸਪੀਕਰ ਦੇ ਹੁਕਮਾਂ ਤੋਂ ਬਾਅਦ ਮਾਰਸ਼ਲਾਂ ਨੇ ਔਰਤਾਂ ਨਾਲ 'ਹੱਥੋਪਾਈ' ਕੀਤੀ ਹੈ। ਉਨ੍ਹਾਂ ਕਿਹਾ, "ਪੱਗਾਂ ਲਾਹੁਣ ਅਤੇ ਦਲਿਤਾਂ ਵਿਧਾਇਕਾਂ ਨਾਲ ਮਾਰ-ਕੁੱਟ

ਬਾਕੀ ਸਫ਼ਾ 32 'ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES
27 ਜੂਨ 2017 ਤੋਂ 04 ਜੁਲਾਈ 2017

## ਸਭਾ ਦੇ ਵਿਧਾਨ ਨੂੰ ਦਰੜ ਰਹੇ ਵਿਧਾਨਕਾਰ

- ਦਸਤਾਰਾਂ ਦੀ ਬੇਅਦਬੀ ਤੇ ਤੂੰ ਤੂੰ ਮੈਂ ਮੈਂ 'ਚ ਗਵਾਚੇ ਮਸਲੇ
- ਕੈਪਟਨ ਦੇ ਦਾਬੇ ਨੇ ਕਾਨੂੰਨਾਂ ਨੂੰ ਬਣਾਇਆ ਟਿੱਚ
- ਵਿਰੋਧੀ ਧਿਰ ਦਾ ਤਾਜ ਸਜਾਉਣ ਲਈ ਉਲਝੇ ਆਪ ਤੇ ਅਕਾਲੀ

ਦਸਤਾਰਾਂ ਦੀ ਬੇਅਦਬੀ, ਕੁੱਕੜ ਖੋਹ, ਦਾਬਿਆਂ ਤੇ ਧਮਕੀਆਂ ਨਾਲ ਪੰਜਾਬ ਵਿਧਾਨ ਸਭਾ ਦੀ ਕਾਰਵਾਈ ਦੀ ਰਸਮ ਪੂਰੀ ਹੋ ਗਈ ਹੈ। ਆਮ ਵਰਤਾਰੇ ਵਾਂਗ ਇਹ ਨਿਰੀ ਪੁਰੀ ਅਖਬਾਰਾਂ ਦੀਆਂ ਸੁਰੱਖਿਆ ਤੱਕ ਹੀ ਸੀਮਤ ਰਹੀ। ਲੋਕਾਂ ਦੀਆਂ ਉਮੀਦਾਂ ਤੇ ਚੁਣ ਕੇ ਭੇਜੀ 'ਜਮਹੂਰੀ' ਸਰਕਾਰ ਰਾਜੇ ਦੇ ਦਰਬਾਰ ਦਾ ਹੀ ਭੁਲੇਖਾ ਦੇ ਰਹੀ ਸੀ।

ਇਸ ਦਫਾ ਜੇ ਕੁਝ ਨਵਾਂ ਸੀ ਤਾਂ ਉਹ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਵਿਰੋਧੀ ਧਿਰ ਸੀ ਜਿਸ ਨੇ ਪਹਿਲੀ ਵਾਰ ਇਹ ਮੁਕਾਮ ਹਾਸਲ ਕੀਤਾ ਸੀ ਤੇ ਵਰ੍ਹਿਆਂ ਤੋਂ ਹਕੂਮਤ ਕਰਦਾ ਆ ਰਿਹਾ ਸ੍ਰਅਕਾਲੀ ਦਲ ਬਾਰੇ ਮਾਣ ਖੁੱਸਣ ਮਗਰੋਂ ਵਿਰੋਧੀ ਧਿਰ ਦਾ ਰੁਤਬਾ ਖੋਹਣ ਦਾ ਯਤਨ ਕਰਦਾ ਰਿਹਾ. ਆਮ ਅਦਾਮੀ ਪਾਰਟੀ ਤੇ ਅਕਾਲੀ ਭਾਜਪਾ ਦੋਵੇਂ ਹੀ ਧਿਰਾਂ ਮਸਲਾ ਤਾਂ ਇਕੋ ਹੀ ਉਠਾ ਰਹੀਆਂ ਸਨ ਪਰ ਲੋਕਾਂ ਨੂੰ ਇਹ ਜਤਾਉਣ ਵਿਚ ਲੱਗੀਆਂ ਰਹੀਆਂ ਕਿ ਸਿਰਫ਼ ਉਹੀ ਪੰਜਾਬ ਲਈ ਫ਼ਿਕਰਮੰਦ ਹਨ। ਅਕਾਲੀ ਦਲ ਦੀ ਚਾਲ ਦੇਖ ਕੇ ਇਹ ਵੀ ਪ੍ਰਭਾਵ ਪੈ ਰਿਹਾ ਸੀ ਕਿ ਉਸ ਦਾ ਮਿਸ਼ਨ ਹੁਣ 2022 ਦੀਆਂ ਵਿਧਾਨ ਸਭਾ ਚੋਣਾਂ ਹਨ। ਵੈਸੇ ਥੋੜੀਆਂ ਸੀਟਾਂ ਨਾਲ ਸੱਤਾ ਤੋਂ ਖੁੱਸੀ ਆਮ ਆਦਮੀ ਪਾਰਟੀ ਵੀ ਹੁਣੇ ਤੋਂ 2022 ਲਈ ਲੰਗੋਟ ਕਸਦੀ ਪ੍ਰਤੀਤ ਹੋ ਰਹੀ ਸੀ। ਆਮ ਆਦਮੀ ਪਾਰਟੀ ਤਾਂ ਇਸ ਅੰਦਰੂਨੀ ਖਦਸ਼ੇ ਨਾਲ ਵੀ ਦੋ ਚਾਰ ਹੋ ਰਹੀ ਹੈ ਕਿ ਕਿਤੇ ਇਸ ਦੇ ਕੁਝ ਵਿਧਾਇਕ ਕਾਂਗਰਸ ਜਾਂ ਅਕਾਲੀ ਦਲ ਨਾਲ ਨਾ ਰਲ ਜਾਣ। ਇਸ ਗੱਲ ਦਾ ਕੋਈ ਉਹਲਾ ਨਹੀਂ ਰਿਹਾ ਕਿ ਬਹੁਤੇ ਲੀਡਰ ਸਿਰਫ਼ ਤੇ ਸਿਰਫ਼ ਹਕੂਮਤ ਦਾ ਲਾਹਾ ਲੈਣ ਲਈ ਹੀ 'ਆਪ' ਨਾਲ ਜੁੜੇ ਤੇ ਹੁਣ ਜਦੋਂ ਸੱਤਾ ਹੱਥ ਨਾ ਆਈ ਤਾਂ ਉਹ ਕੋਈ ਵੀ ਅਜਿਹਾ ਫੈਸਲਾ ਲੈ ਸਕਦੇ ਹਨ ਜਿਸ ਨਾਲ ਲੋਕਾਂ ਨੂੰ ਹੈਰਾਨੀ ਨਹੀਂ ਹੋਣ ਵਾਲੀ। ਉਧਰ ਸ੍ਰਅਕਾਲੀ ਦਲ ਨੂੰ ਲਗਦਾ ਹੈ ਕਿ ਜੇ ਵਿਰੋਧੀ ਧਿਰ ਦੀ ਭੂਮਿਕਾ ਸਖ਼ਤੀ ਨਾਲ ਨਾ ਨਿਭਾਈ ਤਾਂ ਉਨ੍ਹਾਂ ਦਾ ਜ਼ਮੀਨੀ ਵਰਕਰ ਟੁੱਟ ਕੇ ਕਾਂਗਰਸ ਜਾਂ ਆਮ ਆਦਮੀ ਪਾਰਟੀ ਨਾਲ ਜੁੜ ਸਕਦਾ ਹੈ।

ਦਸ ਸਾਲ ਸੱਤਾ ਤੋਂ ਤਾਂ ਕਾਂਗਰਸ ਲਾਂਭੇ ਰਹੀ ਹੀ ਸੀ, ਸਗੋਂ ਵਿਰੋਧੀ ਧਿਰ ਦੀ ਭੂਮਿਕਾ ਵੀ ਸਹੀ ਢੰਗ ਨਾਲ ਨਹੀਂ ਸੀ ਨਿਭਾ ਸਕੀ। ਜਿਨ੍ਹਾਂ ਮਸਲਿਆਂ ਨੂੰ ਲੈ ਕੇ ਉਹ ਹੌਲੀ ਸੁਰ ਵਿਚ 'ਬਾਈਕਾਟ' 'ਤੇ ਹੀ ਰਹੀ ਉਨ੍ਹਾਂ ਮਸਲਿਆਂ ਨੂੰ ਅੱਜ 'ਆਪ' ਤੇ ਅਕਾਲੀ ਜ਼ੋਰ ਸ਼ੋਰ ਨਾਲ ਚੁੱਕ ਰਹੇ ਹਨ। ਕਾਂਗਰਸ ਇਸ ਵਾਰ ਵੀ ਆਪਣੀ ਕੋਈ ਸਾਫ਼ ਸੁਥਰੀ ਦਿਖ ਤਾਂ ਪੇਸ਼ ਨਹੀਂ ਕਰ ਸਕੀ, ਉਲਟਾ ਇਸ ਦੇ ਆਗੂ ਕੈਪਟਨ ਅਮਰਿੰਦਰ ਸਿੰਘ ਅਕਾਲੀਆਂ ਨੂੰ ਘੁਰਕੀਆਂ ਦੇ ਕੇ ਚੁੱਪ ਕਰਾਉਂਦੇ ਰਹੇ। ਪੰਜਾਬੀਆਂ ਲਈ ਇਸ ਤੋਂ ਵੱਡੀ ਦੁੱਖ ਦੀ ਗੱਲ ਕੀ ਹੋ ਸਕਦੀ ਹੈ ਕਿ ਆਪਣੀ ਧਰਤੀ ਦੇ ਕੁਦਰਤੀ ਖਜ਼ਾਨਿਆਂ ਨੂੰ ਉਹ ਸਿਆਸੀ ਧਿਰਾਂ ਵੱਲੋਂ ਬੁਰੀ ਤਰ੍ਹਾਂ ਲੁੱਟ ਹੁੰਦਾ ਦੇਖਦੇ ਰਹੇ ਹਨ। ਉਦੋਂ ਤਾਂ ਸੂਬੇ ਦਾ ਕਾਨੂੰਨ ਵੀ ਚਿੱਥਾ ਪੈ ਗਿਆ ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਵਜ਼ੀਰ ਗੁਰਜੀਤ ਸਿੰਘ ਰਾਣਾ ਨੂੰ ਬਚਾਉਂਦਿਆਂ ਅਕਾਲੀਆਂ ਨੂੰ ਦਾਬਾ ਮਾਰਿਆ ਕਿ 'ਚੁੱਪ ਕਰਕੇ ਬੈਠ ਜਾਓ ਮੇਰੇ ਕੋਲ ਤੁਹਾਡੇ 10 ਲੀਡਰਾਂ ਦੀ ਸੂਚੀ ਹੈ ਜੋ ਰੇਤਾ, ਬਜਰੀ ਦੀ ਲੁੱਟ ਕਰ ਰਹੇ ਹਨ। .....ਤੇ ਅਕਾਲੀ ਉਸੇ ਵੇਲੇ ਚੁੱਪ ਕਰਕੇ ਬੈਠ ਗਏ। ਸੂਬੇ ਦਾ ਮੁੱਖ ਮੰਤਰੀ ਇਹ ਭਲੀ ਭਾਂਤ ਜਾਣਦਾ ਹੈ ਕਿ ਕੌਣ ਲੁੱਟ ਕਰਦਾ ਤੇ ਕਰਵਾਉਂਦਾ ਰਿਹਾ ਹੈ । ਹੁਣ ਉਨ੍ਹਾਂ ਲੁਟੇਰਿਆਂ ਖਿਲਾਫ਼ ਕਾਰਵਾਈ ਨਹੀਂ ਹੋ ਰਹੀਂ ਸਗੋਂ ਲੁੱਟ ਕੇ ਖਾਣ ਦੀ ਆਪਣੀ ਵਾਰੀ ਨੂੰ ਸ਼ਰੇਆਮ ਜਾਇਜ਼ ਠਹਿਰਾਇਆ ਜਾ ਰਿਹਾ ਹੈ।

ਵਿਧਾਨ ਸਭਾ ਵਿਚ ਵਿੱਤ ਮੰਤਰੀ ਮਨਪ੍ਰੀਤ ਬਾਦਲ ਉਨ੍ਹਾਂ ਗੱਲਾਂ ਤੇ ਅਮਲ ਕਰਦੇ ਰਹੇ, ਜਿਨ੍ਹਾਂ ਦਾ ਉਹ ਜਨਤਕ ਤੌਰ 'ਤੇ ਵਿਰੋਧ ਕਰਦੇ ਰਹੇ ਹਨ। ਸ਼ਾਤਰਾਨਾ ਢੰਗ ਨਾਲ ਉਨ੍ਹਾਂ ਵੀ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਲੋਕਾਂ 'ਤੇ ਕਿਸੇ ਨਵੇਂ ਟੈਕਸ ਦਾ ਬੋਝ ਨਹੀਂ ਪਾਇਆ ਗਿਆ। ਜਦਕਿ ਇਹ ਟੈਕਸ ਆਉਣ ਵਾਲੇ ਦਿਨਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਸਾਹਮਣੇ ਆਉਣ ਵਾਲੇ ਹਨ। ਕਿਸਾਨੀ ਮਸਲੇ 'ਤੇ ਵੀ ਇਹੀ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ ਕਿ ਧਾਰਾ 67 ਏ ਖ਼ਤਮ ਕਰ ਦਿੱਤੀ ਹੈ ਤੇ ਹੁਣ ਕਿਸਾਨ ਦੀ ਜ਼ਮੀਨ ਕੁਰਕ ਨਹੀਂ ਹੋਵੇਗੀ ਜਦਕਿ ਇਹ ਹੁਕਮ ਤਾਂ ਪਹਿਲਾਂ ਹੀ ਲਾਗੂ ਸੀ। ਅਸਲ ਮਸਲਾ ਤਾਂ ਕਿਸਾਨਾਂ ਸਿਰ ਬੈਂਕਾਂ ਦੇ ਨਾਲ ਆੜ੍ਹਤੀਆਂ, ਸ਼ਾਹੂਕਾਰਾਂ ਦੇ ਕਰਜ਼ੇ, ਕਿਸਾਨਾਂ ਦੀਆਂ ਖੁਦਕੁਸ਼ੀਆਂ ਕਿਸਾਨੀ ਦੀ ਮੰਦੀ ਹਾਲਤ ਹੈ।

ਵਿਧਾਨ ਸਭਾ ਦਾ ਪਹਿਲਾ ਸੈਸ਼ਨ ਭਾਵੇਂ ਇਸ ਵਾਰ ਬੇਲੋੜੇ ਖੱਪ-ਖਾਨੇ, ਬੇਸਿੱਟਾ ਹੀ ਖ਼ਤਮ ਹੋ ਗਿਆ ਹੈ ਪਰ ਸਿਆਸਤ ਜਿਸ ਨਿਘਾਰ ਵੱਲ ਜਾ ਰਹੀ ਹੈ, ਆਉਣ ਵਾਲੇ ਸੈਸ਼ਨ ਵੀ ਇਸੇ ਤਰ੍ਹਾਂ ਦੇ ਨਾ ਹੋ ਕੇ ਇਸ ਤੋਂ ਵੀ ਬਦਤਰ ਹੋਣਗੇ। ਪੰਜਾਬੀਆਂ ਦੀ ਲੜਾਈ ਅਜੇ ਬਹੁਤ ਲੰਬੀ ਦਿਖਾਈ ਦੇ ਰਹੀ ਹੈ।

# ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਧੀ ਸਿਆਸਤ ਕਰਨੀ ਚਾਹੀਦੀ ਹੈ ?



**ਇਹ ਇੱਕ ਵਿਗਿਆਨਕ ਤੱਥ ਹੈ ਕਿ ਜਿਸ ਜਗ੍ਹਾ ਉਪਰ ਖਲਾਅ ਪੈਦਾ ਹੋ ਜਾਏ, ਉਸ ਨੂੰ ਭਰਨ ਵਾਸਤੇ ਹਲਕੇ ਤੋਂ ਹਲਕੇ ਕਣ ਪਹਿਲਾਂ ਖਿੱਚੇ ਜਾਂਦੇ ਹਨ। ਐਸਜੀਪੀਸੀ ਦੇ ਧਰਮ ਪ੍ਰਚਾਰ ਵਿਚੋਂ ਗ਼ੈਰਹਾਜ਼ਰ ਹੋਣ ਕਰਕੇ ਜੋ ਖਲਾਅ ਸਿੱਖ ਧਰਮ ਪ੍ਰਚਾਰ ਵਿਚ ਪੈਦਾ ਹੋਇਆ ਹੈ, ਉਸ ਨੂੰ ਡੇਰਾਵਾਦ ਨੇ ਕਾਬੂ ਕਰ ਲਿਆ ਹੈ। ਇਸ ਨਾਲ ਜਿੱਥੇ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਨੂੰ ਧੱਕਾ ਲੱਗਾ ਹੈ, ਉਥੇ ਸਮਾਜ ਵਿਚ ਬਦਅਮਨੀ ਦਾ ਮਾਹੌਲ ਵੀ ਪੈਦਾ ਹੋ ਰਿਹਾ ਹੈ।**

**ਭਾਈ ਅਸ਼ੋਕ ਸਿੰਘ ਬਾਗੜੀਆਂ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਖੁੱਲ੍ਹਮ-ਖੁੱਲ੍ਹਾ ਸਿਆਸੀ ਅਖਾੜੇ ਵਿਚ ਆਉਣਾ ਪੰਥ ਪ੍ਰਵਾਨਤ ਮੀਰੀ-ਪੀਰੀ ਦੇ ਉਚੇ



ਅਸੂਲ ਨੂੰ ਸਵਾਲੀਆ ਕਟਹਿਰੇ ਵਿਚ ਖੜ੍ਹਾ ਕਰ ਸਕਦਾ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸਿੱਖ ਵਿਚਾਰਧਾਰਾ ਵਿਚ ਮੀਰੀ-ਪੀਰੀ ਦਾ ਸਿਧਾਂਤ ਗੁਰੂ ਮਹਾਰਾਜ ਦੀ ਆਪਣੀ ਬਖਸ਼ਿਸ਼ ਹੈ, ਜੋ ਗੁਰਬਾਣੀ ਦੀ ਸੇਧ ਵਿਚ ਹੀ ਉਤਪੰਨ ਹੁੰਦਾ ਹੈ, ਤਖ਼ਤ ਬਸੈ ਤਖਤੇ ਕੇ ਲਾਇਕ।' ਮੀਰੀ ਪੀਰੀ ਦੀਆਂ ਦੋ ਤਲਵਾਰਾਂ ਤਾਂ ਖ਼ੁਦ ਪੰਚਮ ਪਾਤਸ਼ਾਹ ਨੇ ਤਿਆਰ ਕਰਵਾਈਆਂ ਸਨ। ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਕੋ ਜਗ੍ਹਾ ਆਹਮੋ-ਸਾਹਮਣੇ ਹੋਣਾ ਮੀਰੀ ਪੀਰੀ ਦੇ ਸਿਧਾਂਤ ਦਾ ਅਮਲੀ ਰੂਪ ਹੈ। ਪ੍ਰੰਤੂ ਇਨ੍ਹਾਂ ਦੋਵਾਂ ਅਸਥਾਨਾਂ 'ਤੇ ਧਰਮ ਅਤੇ ਸਿਆਸਤ ਦੀਆਂ ਮਰਿਆਦਾਵਾਂ ਵੱਖ-ਵੱਖ ਹਨ। ਰਾਜੇ ਨੂੰ ਤਖ਼ਤ ਦੇ ਲਾਇਕ ਧਰਮ, ਗੁਰਬਾਣੀ ਰਾਹੀਂ ਬਣਾਉਂਦਾ ਹੈ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੂੰ ਜ਼ੁਲਮ ਦੇ ਖ਼ਿਲਾਫ਼ ਖੜ੍ਹਨ ਦੇ ਲਾਇਕ ਬਣਾਉਣ ਲਈ ਸੌ ਸਾਲ ਦਾ ਸਮਾਂ ਗੁਰਬਾਣੀ ਰਾਹੀਂ ਲੱਗਾ।

ਸ੍ਰੀ ਹਰਿਮੰਦਰ ਸਾਹਿਬ ਯਾਨੀ ਧਰਮ ਦੀ ਮਰਿਯਾਦਾ ਅਤੇ ਸ੍ਰੀ ਅਕਾਲ ਤਖ਼ਤ ਯਾਨੀ ਜਥੇਬੰਦੀ ਦੀ ਮਰਿਯਾਦਾ, ਦੋਵੇਂ ਵੱਖ-ਵੱਖ ਹਨ। ਹਰਿਮੰਦਰ ਸਾਹਿਬ ਜੋ ਸਿੱਖ ਧਰਮ ਦਾ ਮਰਕਜ਼ ਹੈ, ਉਥੇ ਕਿਸੇ ਵੀ ਹੋਰ ਧਰਮ ਦੇ ਸ਼ਰਧਾਲੂਆਂ ਦੇ ਆਉਣ 'ਤੇ ਕਿਸੇ ਕਿਸਮ ਦੀ ਰੁਕਾਵਟ ਨਹੀਂ। ਹਰ ਕੋਈ ਸ਼ਰਧਾਲੂ ਕੜਾਹ-ਪ੍ਰਸ਼ਾਦ ਭੇਟ ਕਰ ਸਕਦਾ ਹੈ। ਪ੍ਰੰਤੂ ਸ੍ਰੀ ਅਕਾਲ ਤਖ਼ਤ ਸਾਹਿਬ (ਜਥੇਬੰਦੀ) 'ਤੇ ਅਜਿਹਾ ਨਹੀਂ ਹੁੰਦਾ। ਮਰਿਯਾਦਾ ਅਨੁਸਾਰ ਉਥੇ ਗ਼ੈਰ-ਸਿੱਖ ਜਾਂ ਪਤਿਤ ਸਿੱਖ ਦਾ ਕੜਾਹ ਪ੍ਰਸ਼ਾਦ ਸਵੀਕਾਰ ਨਹੀਂ ਹੁੰਦਾ (ਸੀ) ਮੈਨੂੰ ਯਾਦ ਹੈ ਕਿ ਮੈਨੂੰ ਕਈ ਦਫ਼ਾ ਆਪਣੇ ਪਿਤਾ ਜੀ ਨਾਲ ਅਕਾਲ ਤਖ਼ਤ ਸਾਹਿਬ ਜਾਣ ਦਾ ਮੌਕਾ ਮਿਲਿਆ। ਉਦੋਂ ਅਕਾਲ ਤਖ਼ਤ ਸਾਹਿਬ 'ਤੇ ਪ੍ਰਸ਼ਾਦ ਭੇਟ ਕਰਨ ਵਾਲੇ ਨੂੰ ਪੁੱਛਿਆ ਜਾਂਦਾ ਸੀ ਕੀ ਰਹਿਤ ਹੈ ?

ਸ਼੍ਰੋਮਣੀ ਕਮੇਟੀ ਦੇ ਖੁੱਲ੍ਹਮ-ਖੁੱਲ੍ਹਾ ਸਿਆਸੀ ਮੈਦਾਨ ਵਿਚ ਆਉਣ ਨਾਲ ਗੁਰਦੁਆਰਿਆਂ ਵਿਚ ਪੁਲੀਸ ਦੀ ਦਖਲਅੰਦਾਜ਼ੀ ਦਾ ਰਾਹ ਵੀ ਖੁੱਲ੍ਹ ਗਿਆ ਹੈ। ਗੁਰਦੁਆਰਿਆਂ ਦੀ ਗੋਲਕ ਦੀ ਵਰਤੋਂ ਸਿਰਫ਼ ਪੰਜ ਕਾਰਜਾਂ ਲਈ ਵਰਤੀ ਜਾਣੀ ਚਾਹੀਦੀ ਹੈ, ਭਾਵ ਧਰਮ ਪ੍ਰਚਾਰ, ਵਿੱਦਿਆ, ਸ਼ਫ਼ਾ (ਦਵਾਖਾਨਾ), ਭੋਜਨ ਅਤੇ ਯਾਤਰੂਆਂ ਲਈ ਆਰਾਮਗਾਹ। ਇਹ ਪੰਜੋ ਬਹੁਤ ਅਹਿਮ ਅਤੇ ਮੁੱਢਲੀਆਂ ਜ਼ਰੂਰਤਾਂ ਹਨ, ਜੋ ਅੱਜ ਦੀ ਸ਼੍ਰੋਮਣੀ ਕਮੇਟੀ ਦੇ ਏਜੰਡੇ ਤੋਂ ਗਾਇਬ ਹਨ। ਇਸ ਦੀ ਬਜਾਏ ਗੁਰਦੁਆਰਿਆਂ ਦੀ ਗੋਲਕ ਦੀ ਵਰਤੋਂ ਸਿਆਸੀ ਮੁਫ਼ਾਦਾਂ ਜਾਂ ਕਮੇਟੀ ਜਾਂ ਗੁਰਦੁਆਰਿਆਂ 'ਤੇ ਪੱਥਰ ਲਾਉਣ ਲਈ ਜ਼ਿਆਦਾ ਹੋ ਰਹੀ ਹੈ।

ਗੁਰਦੁਆਰਾ ਸੰਕਲਪ ਦਾ ਮੁੱਖ ਆਦਰਸ਼ ਸਿੱਖ ਸਮਾਜ ਨੂੰ ਗੁਰੂ ਗ੍ਰੰਥ ਸਾਹਿਬ ਦੇ ਤਾਬਿਆਂ ਇਕੱਤਰ ਕਰਨ ਦਾ ਹੈ ਨਾ ਕਿ ਵੰਡਣ ਦਾ। ਗੁਰਦੁਆਰਾ ਸਿਰ ਜੋੜਨ ਵਾਸਤੇ ਹੈ, ਤੋੜਨ ਵਾਸਤੇ ਨਹੀਂ। ਸ਼੍ਰੋਮਣੀ ਕਮੇਟੀ ਦੇ ਸਿਆਸਤ ਵੱਲ ਨੂੰ ਪੁੱਟੇ ਕਦਮ ਨਾਲ ਕੀ ਗ਼ੈਰ-ਅਕਾਲੀ ਸਿੱਖ ਬੇਫ਼ਿਕਰ ਹੋ ਕੇ ਗੁਰਦੁਆਰੇ ਜਾ ਸਕਣਗੇ ? ਪਿੱਛੇ ਜਿਹੇ ਛਪੀ ਇੱਕ ਖ਼ਬਰ ਵਿਚ ਮੋਗਾ ਇਲਾਕੇ ਦੇ ਇੱਕ ਗੁਰਦੁਆਰੇ ਦੇ ਕੰਟਰੋਲ ਵਾਸਤੇ ਅਕਾਲੀ-ਕਾਂਗਰਸੀ ਖਿੱਚੋਤਾਣ ਹੋਣ ਦੀ ਖ਼ਬਰ ਛਪੀ ਸੀ। ਮੇਰਾ ਇਹ ਕਹਿਣਾ ਹੈ ਕਿ ਜਿਸ ਸਮੇਂ ਕੋਈ ਵਿਅਕਤੀ ਗੁਰਦੁਆਰੇ ਜਾਂਦਾ ਹੈ, ਅਤੇ ਮੱਥਾ ਟੇਕਦਾ ਹੈ, ਉਸ ਉਤੇ ਸਿਆਸੀ ਜਾਂ ਸਮਾਜਿਕ ਲੇਬਲ ਨਹੀਂ ਹੋਣਾ ਚਾਹੀਦਾ। ਉਹ ਸਿਰਫ਼ ਗੁਰੂ ਦੀ ਸ਼ਰਨ ਵਿਚ ਜਾ ਕੇ ਮਨ ਦੀ ਸ਼ਾਂਤੀ ਲਈ ਗੁਰਦੁਆਰੇ ਨਤਮਸਤਕ ਹੁੰਦਾ ਹੈ। ਸ਼੍ਰੋਮਣੀ ਕਮੇਟੀ ਦਾ ਕਦਮ ਕੀ ਬਹੁ-ਗਿਣਤੀ ਸ਼ਰਧਾਲੂਆਂ ਦੇ ਮਨ ਵਿਚ ਕਿਸੇ ਕਿਸਮ ਦਾ ਅੰਦੇਸ਼ਾ ਜਾਂ ਖ਼ੌਫ਼ ਤਾਂ ਨਹੀਂ ਪੈਦਾ ਕਰੇਗਾ ? ਉਂਜ ਵੀ ਅਜਿਹਾ ਕਿਹੜਾ ਨਵਾਂ ਗੰਭੀਰ ਪੰਥਕ ਮਸਲਾ ਪੈਦਾ ਹੋਇਆ, ਜਿਸ ਕਾਰਨ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਅਖਾੜੇ ਵਿਚ ਉਤਰਨਾ ਪੈ ਰਿਹਾ ਹੈ ? ਕਿਤੇ ਅਜਿਹਾ ਨਹੀਂ ਕਿ ਅਕਾਲੀ ਦਲ (ਜੋ ਹੁਣ ਨਿਰੋਲ ਸਿੱਖ ਸਿਆਸੀ ਪਾਰਟੀ ਨਹੀਂ ਰਹੀ) ਸਿਆਸੀ ਮੈਦਾਨ ਵਿਚ ਪਛੜਨ ਕਾਰਨ ਹੁਣ ਧਰਮ ਦੀ ਆੜ ਲੈ ਕੇ ਅਤੇ ਧਰਮ ਨੂੰ ਅੱਗੇ ਕਰਕੇ ਆਪਣਾ ਗੁਆਚਿਆ ਵੱਕਾਰ ਮੁੜ ਤਾਂ ਨਹੀਂ ਲੱਭ ਰਿਹਾ ?

ਪਿਛਲੇ ਕੁਝ ਸਮੇਂ ਤੋਂ ਬਹੁਤ ਖੁੱਲ੍ਹੇ ਤੌਰ 'ਤੇ ਜੋ ਧਰਮ ਨੂੰ ਸਿਆਸਤ ਵਾਸਤੇ ਵਰਤਿਆ ਜਾ ਰਿਹਾ ਹੈ ਉਸ ਨਾਲ ਪੰਥਕ ਮਰਿਆਦਾ ਅਤੇ ਸਿੱਖ ਕਦਰਾਂ-ਕੀਮਤਾਂ 'ਤੇ ਕਾਫ਼ੀ ਨਾਂਹ-ਪੱਖੀ ਅਸਰ ਪਿਆ ਹੈ। ਇੱਥੇ ਇਹ ਵੀ ਕਹਿ ਸਕਦੇ ਹਾਂ ਕਿ ਗੁਰਦੁਆਰਿਆਂ ਦੇ ਅੰਦਰ ਰਗੜਾ-ਝਗੜਾ ਦੇਖ ਕੇ ਸਾਡੀ ਆਉਣ ਵਾਲੀ ਪੀੜ੍ਹੀ ਗੁਰਦੁਆਰੇ ਜਾਣੋ ਕਤਰਾ ਰਹੀ ਹੈ ਅਤੇ ਸਿੱਖੀ ਤੋਂ ਦੂਰ ਹੋ ਰਹੀ ਹੈ। ਇਸ ਪੁਸ਼ਤ ਨੂੰ ਸਿੱਖੀ ਤੋਂ ਦੂਰ ਕਰਨ ਲਈ ਭਵਿੱਖ ਵਿਚ ਸਾਡੀ ਪੁਸ਼ਤ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਸਿੱਖ ਸਮਾਜਿਕ ਸਟੇਜ 'ਤੇ ਨਰਮਖਿਆਲੀ ਵਿਚਾਰਧਾਰਾ ਨੂੰ ਹੌਲੀ-ਹੌਲੀ ਸਿੱਖੀ ਤੋਂ ਦੂਰ ਕੀਤਾ ਜਾਣਾ ਘਾਤਕ ਸਾਬਤ ਹੋ ਰਿਹਾ ਹੈ। ਜਦੋਂ ਮੌਡਰੇਟ ਜਾਂ ਨਰਮਖਿਆਲੀ ਵਿਚਾਰਧਾਰਾ ਦੀ ਆਵਾਜ਼ ਹੀ ਨਹੀਂ ਸੁਣੀ ਜਾਂਦੀ ਤਾਂ ਕੱਟੜਪੰਥੀ ਅਨਸਰਾਂ ਨੂੰ ਅੱਗੇ ਆ ਜਾਣ ਦਾ ਮੌਕਾ ਮਿਲ ਜਾਂਦਾ ਹੈ। ਇਸ ਦਾ ਨਤੀਜਾ, ਸਾਕਾ ਨੀਲਾ ਤਾਰਾ ਦੇ ਰੂਪ ਵਿਚ ਅਸੀਂ ਪੂਰੀ ਤਰ੍ਹਾਂ ਭੁਗਤ ਚੁੱਕੇ ਹਾਂ।

ਧਰਮ ਤੇ ਤਾਲੀਮ ਸ਼੍ਰੋਮਣੀ ਕਮੇਟੀ ਦੇ ਦੋ ਅਹਿਮ ਕਾਰਜ ਖੇਤਰ ਸਨ। 1947 ਤੋਂ ਬਾਅਦ ਸਮਾਜਿਕ ਉਥਲ-ਪੁਥਲ ਹੋਈ, ਜਿਸ ਨਾਲ ਸਿੱਖ ਵਸੋਂ ਖਿੰਡਰ ਕੇ ਸੌ ਤੋਂ ਵੱਧ ਮੁਲਕਾਂ ਵਿਚ ਕਿਸੇ ਨਾ ਕਿਸੇ ਕਾਰਨ ਜਾ ਵਸੀ ਹੈ। 1947 ਤਕ ਸ਼੍ਰੋਮਣੀ ਕਮੇਟੀ ਸਾਰੇ ਸਿੱਖਾਂ ਦੀ ਨੁਮਾਇੰਦਗੀ ਕਰਦੀ ਸੀ। ਪਰ ਅੱਜ ਸਮਾਂ ਬਦਲ ਚੁੱਕਾ ਹੈ। ਐੱਸਜੀਪੀਸੀ ਦਾ ਸਰੂਪ ਹੁਣ ਅੰਤਰ-ਰਾਸ਼ਟਰੀ ਹੋਣਾ ਚਾਹੀਦਾ ਹੈ। ਜੇਕਰ ਇਸ ਨੇ ਆਪਣਾ ਇਹ ਰੋਲ ਗੁਰੂ ਨੂੰ ਸਮਰਪਿਤ ਹੋ ਕੇ ਸੰਜੀਦਗੀ ਨਾਲ ਨਿਭਾਉਣਾ ਹੈ (ਜੋ ਚਾਹੀਦਾ ਹੈ) ਤਾਂ ਇਸ ਸੰਸਥਾ ਅਤੇ ਇਸ ਦੇ ਮੈਂਬਰਾਂ ਦੇ ਵਿਚਾਰ ਅਤੇ ਸੋਚ ਦਾ ਦਾਇਰਾ ਵੀ ਵਿਸ਼ਾਲ ਹੋਣਾ ਜ਼ਰੂਰੀ ਹੈ। ਐਸਜੀਪੀਸੀ ਕਿਸੇ ਸਿੱਖ ਨੂੰ ਇਹ ਨਹੀਂ ਕਹਿ ਸਕਦੀ ਕਿ ਉਹ ਕਿਸ ਸਿਆਸੀ ਖਿਆਲ ਨਾਲ ਚੱਲੇ ਜਾਂ ਕਿਸੇ ਨੂੰ ਵੋਟ ਪਾਏ। ਵੋਟ ਦਾ ਫ਼ੈਸਲਾ ਹਰ ਸਿੱਖ ਦੇ ਆਪੋ-ਆਪਣੇ ਅਕੀਦੇ ਵਿਚ ਰਹਿ ਕੇ ਹਾਲਾਤਾਂ ਤੇ ਪਸੰਦ ਮੁਤਾਬਕ ਕਰਨਾ ਹੈ। ਦਰਅਸਲ, ਐਸਜੀਪੀਸੀ ਤਾਂ ਹਰ ਸਿੱਖ ਨੂੰ ਇਹ ਦ੍ਰਿੜ੍ਹ ਕਰਵਾਏ ਕਿ ਜੀਵਨ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਕਰਕੇ ਜਿਊਣਾ ਹੀ ਸਿੱਖ ਦਾ ਧਰਮ ਹੈ।

ਬੱਚੇ ਦੀ ਮੁੱਢਲੀ ਤਾਲੀਮ 'ਤੇ ਜ਼ੋਰ ਦੇਣਾ ਸਮੇਂ ਦੀ ਪਹਿਲੀ ਮੰਗ ਹੈ। ਲਿਹਾਜ਼ਾ ਸ਼੍ਰੋਮਣੀ ਕਮੇਟੀ ਨੂੰ ਵੱਡੇ-ਵੱਡੇ ਕਾਲਜ ਜਾਂ ਯੂਨੀਵਰਸਿਟੀਆਂ ਖੋਲ੍ਹਣ ਦੀ ਲੋੜ ਨਹੀਂ ਹੈ। ਜੋ ਸਿੱਖਿਆ ਬੱਚੇ ਨੂੰ ਸਕੂਲ ਵਿਚ ਦਿੱਤੀ ਜਾਂਦੀ ਹੈ, ਉਹ ਸਦਾ ਲਈ ਉਸ ਦੇ ਮਨ-ਮਸਤਕ ਉਥੇ ਛਪ ਜਾਂਦੀ ਹੈ। ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਵਿੱਦਿਆ ਦਾ ਦਾਇਰਾ ਬਹੁਤ ਵਿਸ਼ਾਲ ਹੋ ਜਾਂਦਾ ਹੈ।

ਪੰਜਾਬ ਵਿਚ ਇਸ ਵਕਤ ਦੋ ਮਸਲੇ ਸਿੱਖੀ ਨੂੰ ਦਰਪੇਸ਼ ਹਨ। ਇਨ੍ਹਾਂ ਵਿਚੋਂ ਪਹਿਲਾ ਹੈ ਧਰਮ ਪ੍ਰਚਾਰ ਦਾ ਨਾ ਹੋਣਾ, ਜਿਸ ਕਰਕੇ ਸਿੱਖ ਧਰਮ ਵਿਚ ਪ੍ਰਚਾਰ ਪੱਖੋਂ ਇੱਕ ਖਲਾਅ ਪੈਦਾ ਹੋ ਗਿਆ ਹੈ। ਇਸ ਖਲਾਅ ਨੂੰ ਭਰਨ ਲਈ ਸਾਧਾਂ-ਸੰਤਾਂ ਦੇ ਡੇਰੇ ਖੁੰਬਾਂ ਵਾਂਗ ਪੁੰਗਰ ਪਏ ਹਨ। ਇਹ ਇੱਕ ਵਿਗਿਆਨਕ ਤੱਥ ਹੈ ਕਿ ਜਿਸ ਜਗ੍ਹਾ ਉਪਰ ਖਲਾਅ ਪੈਦਾ ਹੋ ਜਾਏ, ਉਸ ਨੂੰ ਭਰਨ ਵਾਸਤੇ ਹਲਕੇ ਤੋਂ ਹਲਕੇ ਕਣ ਪਹਿਲਾਂ ਖਿੱਚੇ ਜਾਂਦੇ ਹਨ। ਐਸਜੀਪੀਸੀ ਦੇ ਧਰਮ ਪ੍ਰਚਾਰ ਵਿਚੋਂ ਗ਼ੈਰਹਾਜ਼ਰ ਹੋਣ ਕਰਕੇ ਜੋ ਖਲਾਅ ਸਿੱਖ ਧਰਮ ਪ੍ਰਚਾਰ ਵਿਚ ਪੈਦਾ ਹੋਇਆ ਹੈ, ਉਸ ਨੂੰ ਡੇਰਾਵਾਦ ਨੇ ਕਾਬੂ ਕਰ ਲਿਆ ਹੈ। ਇਸ ਨਾਲ ਜਿੱਥੇ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਨੂੰ ਧੱਕਾ ਲੱਗਾ ਹੈ, ਉਥੇ ਸਮਾਜ ਵਿਚ ਬਦਅਮਨੀ ਦਾ ਮਾਹੌਲ ਵੀ ਪੈਦਾ ਹੋ ਰਿਹਾ ਹੈ। ਧਰਮ ਨੂੰ ਅੱਗੇ ਕਰਨ ਨਾਲ ਅਤੇ ਸਿਆਸਤ ਦਾ ਕਵਚ ਬਣਾਉਣ ਨਾਲ ਅਸੀਂ ਖ਼ੁਦ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਰਾਹ ਖੋਲ੍ਹਣ ਵਿਚ ਭਾਈਵਾਲ ਹਾਂ ਕਿਉਂਕਿ ਵਾਰ ਤਾਂ ਆਖਰ ਕਵਚ 'ਤੇ ਹੀ ਹੁੰਦੇ ਹਨ।

ਦੂਸਰਾ, ਇਤਿਹਾਸ ਤੋਂ ਸਬਕ ਲੈਣਾ ਸਿਰਫ਼ ਦਾਨਿਸ਼ਮੰਦੀ ਹੀ ਨਹੀਂ ਬਲਕਿ ਲਾਜ਼ਮੀ ਹੈ ਕਿ ਪੁਰਾਣੀਆਂ ਗ਼ਲਤੀਆਂ ਨੂੰ ਸੋਧਣ ਦਾ ਅਤੇ ਉਨ੍ਹਾਂ ਤੋਂ ਬਚਣ ਦਾ ਰਾਹ ਸੋਚਿਆ ਜਾ ਸਕੇ। ਜਿਹੜੇ ਲੋਕ, ਜਿਹੜੀਆਂ ਕੌਮਾਂ ਇਤਿਹਾਸ ਤੋਂ ਸਬਕ ਨਹੀਂ ਲੈਂਦੀਆਂ, ਉਹ ਇਤਿਹਾਸਕ ਗ਼ਲਤੀਆਂ ਦੁਹਰਾਉਂਦੀਆਂ ਹਨ। ਅਜਿਹਾ ਹੀ ਅੱਜਕੱਲ੍ਹ ਹੋ ਰਿਹਾ ਹੈ। ਜਦੋਂ ਸਿੱਖ ਲੀਡਰ ਆਪਸੀ ਗੁਟਬੰਦੀ ਦੇ ਕਾਰਨ ਇੱਕ ਦੂਸਰੇ 'ਤੇ ਦੂਸ਼ਣਬਾਜ਼ੀ ਕਰਨ ਵਿਚ ਹੀ ਸਾਰਾ ਸਮਾਂ ਬਰਬਾਦ ਕਰ ਰਹੀ ਹੈ। ਇਸ ਫੁੱਟ ਨੂੰ ਭਾਰਤ ਦੇ ਸਿਆਸਤਦਾਨਾਂ ਨੇ ਬੜੀ ਚਤੁਰਾਈ

ਬਾਕੀ ਸਫ਼ਾ 32 'ਤੇ

# ਸੱਜਰੀ ਸਵੇਰ ਖੁੰਝ ਗਈ ਹੈ ਕੈਪਟਨ ਦੀ ਸਰਕਾਰ

**ਬੀਰ ਦਵਿੰਦਰ ਸਿੰਘ**
(ਸੰਪਰਕ: 98140-33362)
ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ



ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੂੰ ਸਥਾਪਤ ਹੋਇਆਂ ਅੱਜ ਪੂਰੇ 100 ਦਿਨ ਹੋ ਗਏ ਹਨ। ਬੜੀ ਉਮੀਦ ਸੀ ਕਿ 'ਬਾਦਲਾਂ' ਦੀ ਦਸ ਸਾਲਾ ਹਨੇਰਗਰਦੀ ਤੋਂ ਬਾਅਦ ਪੰਜਾਬ ਨੂੰ ਇੱਕ ਵੱਡੀ ਰਾਹਤ ਮਿਲੇਗੀ। ਪੰਜਾਬ ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿੱਚ ਐਲਾਨੇ ਗਏ ਤਹਿਰੀਰੀ ਇਕਰਾਰਨਾਮੇ, ਕੈਪਟਨ ਅਮਰਿੰਦਰ ਸਿੰਘ ਵੱਲੋਂ ਚੋਣ ਜਲਸਿਆਂ ਵਿੱਚ ਪੰਜਾਬ ਦੇ ਆਵਾਮ ਨਾਲ ਅੱਡੀਆਂ ਚੁੱਕ-ਚੁੱਕ ਕੀਤੇ ਗਏ 'ਬੁਲੰਦ ਅਹਿਦਨਾਮੇ', ਅੱਜ ਸੌ ਦਿਨਾਂ ਬਾਅਦ ਵੀ ਲੋਕ ਕੰਨਾਂ ਵਿੱਚ ਗੂੰਜਦੇ ਹਨ। ਪੰਜਾਬ ਦੇ ਹਰ ਦਰੋ-ਦੀਵਾਰ 'ਤੇ ਮੋਟੇ ਅੱਖਰਾਂ ਵਿੱਚ ਲਿਖਿਆ ਹੋਇਆ ਇਹ ਨਾਅਰਾ 'ਚਾਹੁੰਦਾ ਹੈ ਪੰਜਾਬ, ਕੈਪਟਨ ਦੀ ਸਰਕਾਰ', ਛੇਤੀ ਹੀ ਲੋਕ ਮਨਾਂ ਨੂੰ ਛਲਾਵਾ ਜਿਹਾ ਨਜ਼ਰ ਆ ਰਿਹਾ ਹੈ। ਇਹ ਠੀਕ ਹੈ ਕਿ ਜਿਸ ਤਨਜ਼ੀਮੀ ਬੰਦੋਬਸਤ ਦੀ ਸਰਗਮ ਨੂੰ ਬੇਸੁਰ ਤੇ ਬਰਬਾਦ ਕਰਨ ਲਈ ਬਾਦਲ ਪਰਿਵਾਰ ਨੇ ਦਸ ਸਾਲ ਲਗਾਏ ਹੋਣ, ਉਸ ਬਰਬਾਦ ਅਵਸਥਾ ਨੂੰ 100 ਦਿਨਾਂ ਵਿੱਚ ਮੁਕੰਮਲ ਤੌਰ 'ਤੇ ਬਦਲਣਾ ਸੰਭਵ ਨਹੀਂ , ਫਿਰ ਵੀ ਇੱਕ ਨੇਕ ਤੇ ਜ਼ਾਹਰਾ ਸ਼ੁਰੂਆਤ ਤਾਂ ਹੋ ਸਕਦੀ ਸੀ, ਜੋ ਸਰਕਾਰ ਦੇ ਇਰਾਦਿਆਂ ਦੀ ਸਾਫ਼ਗੋਈ ਦੀ ਜ਼ਾਮਨੀ ਭਰਦੀ ਨਜ਼ਰ ਆਉਂਦੀ ਹੋਵੇ। ਪਰ ਅਜਿਹੀ ਸੱਜਰੀ-ਸਵੇਰ ਤਾਂ ਜ਼ਰੂਰ ਖੁੰਝ ਗਈ ਜਾਪਦੀ ਹੈ। ਜਿਸ ਕਾਂਗਰਸ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਪੰਜਾਬ ਦੀ ਕਿਰਸਾਨੀ ਦੇ ਸਾਰੇ ਕਰਜ਼ੇ ਮੁਆਫ਼ ਕਰਨ ਦੀ ਗੱਲ ਕੀਤੀ ਸੀ, ਉਸ ਪਾਰਟੀ ਦੀ ਸਰਕਾਰ ਨੇ ਆਪਣੇ ਪਲੇਠੇ ਬਜਟ ਵਿੱਚ, 'ਊਠ ਦੇ ਮੂੰਹ ਵਿੱਚ ਜੀਰੇ' ਵਾਲੀ ਗੱਲ ਕਰਕੇ ਪੱਲਾ ਝਾੜ ਲਿਆ ਹੈ।

ਕੈਪਟਨ ਦੀ ਸਰਕਾਰ ਨੂੰ ਲੋਕਾਂ ਦਾ ਮੁੱਢਲਾ ਉਲ੍ਹਾਮਾ ਇਹ ਹੈ, ਸਰਕਾਰ ਤਾਂ ਬਦਲ ਗਈ ਹੈ, ਚਿਹਰੇ ਵੀ ਬਦਲ ਗਏ ਹਨ, ਪਰ ਜ਼ਮੀਨੀ ਪੱਧਰ 'ਤੇ ਬਦਲਿਆ ਹਾਲੇ ਕੁੱਝ ਵੀ ਨਹੀਂ। ਤਾਸ਼ ਦੇ ਪੱਤਿਆਂ ਦੀ ਬਾਵਨ-ਪੱਤੀ ਖੇਡ ਵਾਂਗ, ਰੰਗ ਦੀ ਦੁੱਕੀ ਅੱਜ ਵੀ ਬੇਗਮ, ਬਾਦਸ਼ਾਹ ਤੇ ਯੱਕਿਆਂ ਨੂੰ ਕਾਟ ਮਾਰਦੀ ਸਾਫ਼ ਨਜ਼ਰ ਆ ਰਹੀ ਹੈ। ਕੋਈ 'ਅਮਿਤ ਬਹਾਦੁਰ' ਵਰਗਾ ਰਸੋਈਆ, ਕਰੋੜਾਂ ਰੁਪਏ ਦੀਆਂ ਰੇਤ ਦੀਆਂ ਖੱਡਾਂ ਦੀ ਬੋਲੀ ਨੂੰ ਲੁੱਟ ਲੈਂਦਾ ਹੈ! ਬਾਦਲਾਂ ਵਾਲਾ 'ਮਾਫੀਆ ਰਾਜ' ਸਿਲਸਿਲਾ ਹੁਣ ਵੀ ਚੱਲ ਰਿਹਾ ਹੈ। ਸਰਕਾਰ ਦੀ ਨੀਅਤ ਦੀ ਪਛਾਣ, ਉਸਦੇ ਗਠਨ ਦੇ ਪਹਿਲੇ ਦਿਨ ਤੋਂ ਹੀ ਸਾਫ਼ ਨਜ਼ਰ ਆ ਜਾਂਦੀ ਹੈ। ਇਸ ਬਹਾਨੇ ਨੂੰ ਸੁਣਨ ਲਈ ਕੋਈ ਵੀ ਤਿਆਰ ਨਹੀਂ ਕਿ ਹਾਲੇ ਸਰਕਾਰ ਦੇ ਗਠਨ ਨੂੰ ਬਹੁਤਾ ਸਮਾਂ ਨਹੀਂ ਹੋਇਆ। ਕੈਪਟਨ ਅਮਰਿੰਦਰ ਸਿੰਘ ਨੂੰ ਜੋ ਮੈਂ ਪਿਛਲੇ 47 ਸਾਲ ਦੇ ਨਿੱਜੀ ਵਾਸਤੇ ਰਾਹੀਂ ਸਮਝ ਸਕਿਆਂ ਹਾਂ, ਮੁੱਖ ਮੰਤਰੀ ਦੇ ਰੂਪ ਵਿੱਚ, ਉਹ ਉਸ ਤੋਂ ਕਿਤੇ ਭਿੰਨ ਹਨ। ਇਹ ਗੱਲ ਹੋਰ ਵੀ ਗੁੰਝਲਦਾਰ ਹੈ ਕਿ 2017 ਦੇ ਮੁੱਖ ਮੰਤਰੀ ਦੇ ਰੂਪ ਵਿੱਚ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਨਾਲੋਂ ਵੀ ਬੇਮੇਲ ਹਨ। ਉਨ੍ਹਾਂ ਦੇ ਬੋਲਾਂ ਵਿੱਚ ਹੁਣ ਕੋਈ ਤਾਜ਼ਗੀ ਨਹੀਂ ਰਹੀ ਅਤੇ ਦ੍ਰਿੜ ਨਿਸ਼ਚਿਆਂ ਦੀ ਪੁਖ਼ਤਗੀ ਵੀ ਗੁੰਮ ਹੈ। ਇਹ ਇੱਕ ਫ਼ਿਕਰਮੰਦੀ ਦਾ ਮਾਮਲਾ ਹੈ ਕਿ ਉਹ ਲਾਚਾਰ ਤੇ ਥੱਕੇ ਹੋਏ ਨਜ਼ਰ ਆਉਂਦੇ ਹਨ।

ਕੈਪਟਨ ਦੀਆਂ ਦਲੇਰ ਤੇ ਬੇਬਾਕ ਪਹਿਲਕਦਮੀਆਂ ਕਿਧਰੇ ਅਲੋਪ ਹੋ ਗਈਆਂ ਹਨ। ਸਗੋਂ ਇੰਜ ਦਿਸ ਰਿਹਾ ਹੈ ਜਿਵੇਂ ਉਹ ਕਿਸੇ ਮਜਬੂਰ ਅਵਸਥਾ ਵਿੱਚ ਘਿਰ ਗਏ ਹਨ। ਸ਼ਾਇਦ ਇਸੇ ਕਾਰਨ ਉਹ ਮਾਨਸਿਕ ਤੌਰ 'ਤੇ ਅਲੱਗ-ਥਲੱਗ ਦਿੱਸਣ ਲੱਗ ਪਏ ਹਨ। ਅਜਿਹੇ ਵਿੱਚ, ਪੰਜਾਬ ਦੇ ਸੁਚੱਜੇ ਰਾਜ ਪ੍ਰਬੰਧ ਨੂੰ ਯਕੀਨੀ ਬਣਾਉਣ ਵਾਲੀਆਂ, ਪ੍ਰਸ਼ਾਸਨਿਕ ਪਹਿਲਕਦਮੀਆਂ ਉਨ੍ਹਾਂ ਦੀ ਪ੍ਰਾਥਮਿਕਤਾ ਵਿੱਚੋਂ ਪਛੜ ਗਈਆਂ ਜਾਪਦੀਆਂ ਹਨ। ਬਜਟ ਕਿਸੇ ਵੀ ਸਰਕਾਰ ਲਈ ਵੱਡੀ ਵਿੱਤੀ ਅਹਿਮੀਅਤ ਵਾਲਾ ਸਭ ਤੋਂ ਅਹਿਮ ਦਸਤਾਵੇਜ਼ ਮੰਨਿਆ



ਜਾਂਦਾ ਹੈ। ਕੈਪਟਨ ਸਰਕਾਰ ਦਾ ਪਲੇਠਾ ਬਜਟ ਪੇਸ਼ ਹੋਣ ਦੇ ਅਤਿਅੰਤ ਅਹਿਮ ਸਮੇਂ ਮੁੱਖ ਮੰਤਰੀ ਦੀ ਵਿਧਾਨ ਸਭਾ ਵਿੱਚ ਗ਼ੈਰ-ਮੌਜੂਦਗੀ ਸਾਡੇ ਤੌਖ਼ਲਿਆਂ ਦੀ ਤਸਦੀਕ ਕਰਦੀ ਹੈ। ਇਸ ਮੰਜ਼ਰ 'ਤੇ ਹੋਰ ਜ਼ਿਆਦਾ ਟਿਪਣੀ ਇਸ ਲੇਖ ਦਾ ਵਿਸ਼ਾ ਨਹੀਂ ਹੈ। ਇਸ ਨੂੰ ਹੀਰ-ਵਾਰਿਸ ਦੇ ਕਿੱਸੇ ਦੀ ਇਸ ਅਮਰ ਟੂਕ ਨਾਲ ਸਮੇਟ ਕੇ ਅੱਗੇ ਤੁਰਦੇ ਹਾਂ ;

***ਵਾਰਿਸ ਸ਼ਾਹ ਜਵਾਨੀ ਦੀ ਉਮਰ ਗੁਜ਼ਰੀ,***
***ਅਜੇ ਤਬ੍ਹਾ ਨ ਹਿਰਸ ਥੀਂ ਬਾਜ਼ ਆਈ ।।***

ਸਰਕਾਰ ਦੇ 100 ਦਿਨ ਦੀ ਸਮੀਖਿਆ ਦਾ ਕਾਰਜ ਅਸੀਂ ਸਭ ਤੋਂ ਪਹਿਲਾਂ ਮੁੱਖ ਮੰਤਰੀ ਦੇ ਦਫ਼ਤਰ ਦੀ ਪ੍ਰਸ਼ਾਸਕੀ ਬਣਤਰ ਦੀ ਪ੍ਰਕਿਰਿਆਂ ਤੋਂ ਹੀ ਸ਼ੁਰੂ ਕਰਦੇ ਹਾਂ। ਬੜਾ ਜ਼ੋਰ ਦੇ ਕੇ ਕਿਹਾ ਜਾ ਰਿਹਾ ਸੀ ਕਿ ਪੰਜਾਬ ਦਾ ਖਜ਼ਾਨਾ, ਨਾ ਕੇਵਲ ਖਾਲੀ ਹੈ, ਸਗੋਂ ਪੰਜਾਬ ਸਰਕਾਰ ਦੇ ਸਿਰ 'ਤੇ ਲਗਪਗ 1,82,000/- ਕਰੋੜ ਰੁਪਏ ਦੇ ਕਰਜ਼ੇ ਦਾ ਬੋਝ ਵੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਕਿਸਾਨ ਸਿਰ ਵੀ ਇਕ ਲੱਖ ਕਰੋੜ ਦੇ ਨੇੜੇ ਕਰਜ਼ਾ ਹੈ, ਜਿਸ ਨੂੰ ਮੁਆਫ਼ ਕਰਨ ਦਾ ਤਹਿਰੀਰੀ ਇਕਰਾਰ, ਕਾਂਗਰਸ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਕੀਤਾ ਹੋਇਆ ਹੈ। ਪਰ ਕੇਵਲ 1500 ਕਰੋੜ ਦੀ ਨਿਗੂਣੀ ਜਿਹੀ ਰਾਸ਼ੀ ਦੀ ਸਰਕਾਰ ਦੇ ਬਜਟ ਵਿੱਚ ਵਿਵਸਥਾ ਕਰਕੇ ਮਹਿਜ਼ ਇੱਕ ਕਾਲਪਨਿਕ ਸੰਕੇਤ ਦਿੱਤਾ ਹੈ। ਨਵੀਂ ਸਰਕਾਰ ਵੱਲੋਂ ਇਹ ਐਲਾਨ ਵੀ ਕੀਤਾ ਗਿਆ ਸੀ ਕਿ ਉਹ ਆਪਣੇ ਸੀਮਤ ਵਿੱਤੀ ਸਾਧਨਾਂ ਨੂੰ ਵਰਤਣ ਸਮੇਂ, ਹਰ ਪਾਸੇ ਸੰਜਮ ਅਤੇ ਸਾਦਗੀ ਤੋਂ ਕੰਮ ਲਵੇਗੀ, ਪਰ ਉਸ ਨੇ ਜੋ ਨਿਰਣੇ ਲਏ ਹਨ, ਉਹ ਇਨ੍ਹਾਂ ਮਾਪਦੰਡਾਂ ਦੇ ਵਿਪਰੀਤ ਹਨ। ਮਿਸਾਲ ਦੇ ਤੌਰ 'ਤੇ ਮੁੱਖ ਮੰਤਰੀ ਦੇ ਦਫ਼ਤਰ ਵਿੱਚ, ਪ੍ਰਧਾਨ ਮੁੱਖ ਸਕੱਤਰ ਦੀ ਇੱਕ ਨਵੀਂ ਅਸਾਮੀ ਦੀ ਸਿਰਜਣਾ ਕੀਤੀ ਗਈ ਹੈ, ਜਿਸ ਨੂੰ ਭਾਰਤ ਸਰਕਾਰ ਦੇ ਕੈਬਨਿਟ ਸਕੱਤਰ ਦਾ ਤਨਖਾਹ ਸਕੇਲ ਅਤੇ ਰੁਤਬਾ ਦੇ ਕੇ ਨਿਯੁਕਤ ਕੀਤਾ ਗਿਆ ਹੈ। ਪਹਿਲਾਂ ਕਿਸੇ ਵੀ ਮੁੱਖ ਮੰਤਰੀ ਦੇ ਸ਼ਾਸਨ ਕਾਲ ਵਿੱਚ ਅਜਿਹਾ ਨਹੀਂ ਹੋਇਆ। ਭਾਰਤੀ ਪ੍ਰਸ਼ਾਸਨਿਕ ਸੇਵਾ ਦੇ ਪੰਜਾਬ ਕਾਡਰ ਦੇ ਜੋ ਅਧਿਕਾਰੀ ਅਤੇ ਪੰਜਾਬ ਸਿਵਲ ਸਰਵਿਸਿਜ਼ ਦੇ ਅਧਿਕਾਰੀ, ਮੁੱਖ ਮੰਤਰੀ ਦੇ ਦਫ਼ਤਰ ਵਿੱਚ ਨਿਯੁਕਤ ਕੀਤੇ ਗਏ ਹਨ, ਉਹ ਸਾਰੇ ਹੀ ਆਪੋ-ਆਪਣੇ ਕੰਮ ਵਿੱਚ ਨਿਪੁੰਨ ਹਨ। ਅਜਿਹੀ ਸਥਿਤੀ ਵਿਚ ਨਵੀਂ ਨਿਯੁਕਤੀ ਦੀ ਲੋੜ ਕਿਉਂ ? ਇਸ ਨਾਲ ਰਾਜ ਸਰਕਾਰ ਦੇ ਮੁੱਖ ਸਕੱਤਰ ਦੇ ਅਹੁਦੇ ਦਾ ਰੁਤਬਾ ਵੀ ਘਟਿਆ ਹੈ। ਇਥੇ ਹੀ ਬੱਸ ਨਹੀਂ, ਮੁੱਖ ਮੰਤਰੀ ਨੇ ਪ੍ਰਕਾਸ਼ ਸਿੰਘ ਬਾਦਲ ਵਾਂਗ ਹੀ ਸਲਾਹਕਾਰਾਂ, ਨਿਜੀ ਸਕੱਤਰਾਂ, ਰਾਜਸੀ ਸਕੱਤਰਾਂ ਤੇ ਵਿਸ਼ੇਸ਼ ਕਾਰਜ ਅਫਸਰਾਂ (ਓਐਸਡੀਜ਼) ਦੀ ਵੀ ਇੱਕ ਵੱਡੀ ਫੌਜ ਖੜੀ ਕਰ ਲਈ ਹੈ। 100 ਦਿਨ ਬੀਤ ਗਏ ਹਨ, ਹਾਲੇ ਤੱਕ ਇਸ ਫ਼ੌਜ ਦੀ ਕੋਈ ਵੀ ਬਣਦੀ ਜ਼ਿੰਮੇਵਾਰੀ ਨਿਰਧਾਰਤ ਨਹੀਂ ਕੀਤੀ ਗਈ। ਬਿਨਾਂ ਕਿਸੇ ਸੇਵਾ ਤਕਮੀਲੀ ਦੇ ਇਹ ਏਨੀ ਵੱਡੀ ਫੌਜ ਸਰਕਾਰੀ ਖਜ਼ਾਨੇ 'ਤੇ ਬੋਝ ਕਿਉਂ ਬਣੀ ਹੋਈ ਹੈ ?

ਸਰਕਾਰ ਦੇ ਮੁੱਢਲੇ 100 ਦਿਨ ਬੀਤ ਗਏ ਹਨ। ਇਸ ਸਮੇਂ ਵਿੱਚ ਵਿੱਤੀ ਪ੍ਰਬੰਧ ਨੂੰ ਅਨੁਸ਼ਾਸਿਤ ਕਰਨ ਲਈ ਕਿਸੇ ਵੀ ਵਿਸ਼ੇਸ਼ ਆਰਥਿਕ ਨੀਤੀ ਦਾ ਨਿਰਮਾਣ ਕਰਨ ਦੀ ਲੋੜ ਨਹੀਂ ਸਮਝੀ ਗਈ। ਕਾਂਗਰਸ ਦੇ ਚੋਣ ਮਨੋਰਥ ਪੱਤਰ ਵਿੱਚ ਕੀਤੇ ਇਕਰਾਰਾਂ ਦੀ ਪੂਰਤੀ ਲਈ ਲੋੜੀਂਦੇ ਵਿੱਤੀ ਵਸੀਲੇ ਪੈਦਾ ਕਰਨ ਵੱਲ ਕੋਈ ਵੀ ਪਾਰਦਰਸ਼ੀ ਤੇ ਯੋਜਨਾਬੱਧ ਅਮਲ, ਸਰਕਾਰ ਦੇ ਪਲੇਠੇ ਬਜਟ ਵਿੱਚ ਕਿਧਰੇ ਨਜ਼ਰ ਨਹੀ ਆਇਆ। ਆਖ਼ਿਰ ਇਹ ਡੰਗ-ਟਪਾਊ ਛੁਣਛੁਣੇ ਕਿੰਨਾ ਕੁ ਚਿਰ ਲੋਕ ਮਨਾਂ ਨੂੰ ਲੁਭਾਉਂਦੇ ਰਹਿਣਗੇ ?

ਉਚੇਰੀ ਸਿੱਖਿਆ ਦੇ ਖੇਤਰ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਗੁਰੂ ਨਾਨਕ

ਬਾਕੀ ਸਫ਼ਾ 32 'ਤੇ

# ਪੰਜਾਬ ਅਸੈਂਬਲੀ ਵਿਚ ਨਮੋਸ਼ੀ ਭਰਿਆ ਦਿਨ



ਦੁਖਦਾਈ ਗੱਲ ਇਹ ਹੈ ਕਿ ਇਸ ਸਮੇਂ ਕਾਂਗਰਸ ਪਾਰਟੀ ਹਾਕਮ ਧਿਰ ਵਾਲੀ ਥਾਂ 'ਤੇ ਬਿਰਾਜਮਾਨ ਹੈ ਅਤੇ ਸਾਰਾ ਕੋਝਾ ਹੰਗਾਮਾ ਇਸ ਦੀਆਂ ਆਪਣੀਆਂ ਅੱਖਾਂ ਸਾਹਵੇਂ ਵਾਪਰਿਆ। ਕਾਂਗਰਸ ਇੱਕ ਅਜਿਹੀ ਪਾਰਟੀ ਹੈ ਜਿਸ ਨੂੰ ਇਸ ਗੱਲ ਦੀ ਸਭ ਤੋਂ ਵੱਧ ਫ਼ਿਕਰ ਹੋਣੀ ਚਾਹੀਦੀ ਹੈ ਕਿ ਸਾਡੇ ਸੰਵਿਧਾਨਿਕ ਅਦਾਰੇ ਸੁਚੱਜਤਾ ਤੇ ਵਾਜਬ ਢੰਗ ਨਾਲ ਕੰਮ ਕਰਨ। ਮੁੱਖ ਮੰਤਰੀ ਸਦਨ ਦਾ ਆਗੂ ਹੁੰਦਾ ਹੈ; ਉਸ ਉੱਤੇ ਇੱਕ ਸੰਸਥਾਗਤ ਜ਼ਿੰਮੇਵਾਰੀ ਹੁੰਦੀ ਹੈ ਕਿ ਵਿਰੋਧੀ ਧਿਰ ਦੀਆਂ ਭੜਕਾਹਟਾਂ ਅਤੇ ਅੜਿੱਕਿਆਂ ਦੇ ਬਾਵਜੂਦ, ਸਦਨ ਦੀ ਕਾਰਵਾਈ ਮਾਨ-ਮਰਿਆਦਾ ਵਾਲੇ ਢੰਗ ਨਾਲ ਚੱਲੇ।

**ਹਰੀਸ਼ ਖਰੇ**
ਈਮੇਲ: kaffeeklatsch@tribuneindia.com



ਪੰਜਾਬ ਵਿਧਾਨ ਸਭਾ ਵਿਚਲੀਆਂ ਹਾਲੀਆ ਘਟਨਾਵਾਂ ਨੇ ਕਿਸੇ ਦਾ ਵੀ ਮਾਣ ਨਹੀਂ ਵਧਾਇਆ - ਨਾ ਹਾਕਮ ਪਾਰਟੀ ਦਾ, ਨਾ ਅਕਾਲੀ ਦਲ ਦਾ - ਅਤੇ 'ਆਪ' ਦਾ ਸਟੈਂਡ ਵੀ ਸਹੀ ਨਹੀਂ ਕਿਹਾ ਜਾ ਸਕਦਾ। ਵਰ੍ਹਿਆਂ ਤੋਂ ਵਿਧਾਨ ਸਭਾ ਕਵਰ ਕਰਨ ਵਾਲੇ ਮੇਰੇ ਸਹਿਕਰਮੀਆਂ ਨੇ ਦੱਸਿਆ ਕਿ ਇਸ ਤੋਂ ਉਨ੍ਹਾਂ ਪਹਿਲਾਂ ਕਦੇ ਵੀ ਚੰਗੇ ਵਿਹਾਰ ਅਤੇ ਸੰਸਦੀ ਸ਼ਿਸ਼ਟਾਚਾਰ ਦਾ ਅਜਿਹਾ ਘਾਣ ਹੁੰਦਾ ਨਹੀਂ ਦੇਖਿਆ। ਮਹਿਲਾ ਵਿਧਾਇਕਾਂ ਦੀ ਮਾਰਸ਼ਲਾਂ ਵੱਲੋਂ ਧੂਹ ਘੜੀਸ ਤਾਂ ਖ਼ਾਸ ਤੌਰ 'ਤੇ ਮਾੜਾ ਕਾਰਾ ਸੀ।

ਇੱਕ ਤਰ੍ਹਾਂ ਲਛਮਣ ਰੇਖਾ ਉਲੰਘ ਦਿੱਤੀ ਗਈ ਜਾਪਦੀ ਹੈ। ਪੰਜਾਬ ਦੀ ਸਿਆਸਤ ਤਾਂ ਪਹਿਲਾਂ ਹੀ ਕਈ ਕਿਸਮ ਦੇ ਔਗੁਣਾਂ ਨਾਲ ਲਬਰੇਜ਼ ਹੈ - ਹੁਣ ਤਾਂ ਵਿਧਾਨ ਸਭਾ ਦੇ ਪਿੜ ਅੰਦਰ ਵੀ ਵਿਚਾਰ-ਵਟਾਂਦਰੇ ਵਿੱਚ ਸ਼ਿਸ਼ਟਾਚਾਰ ਦੇ ਆਖ਼ਰੀ ਦਿਖਾਵੇ ਨੂੰ ਵੀ ਅਲਵਿਦਾ ਆਖੀ ਜਾ ਰਹੀ ਹੈ। ਚੋਣਾਂ ਦੀਆਂ ਕੜਵਾਹਟਾਂ, ਦੁਸ਼ਮਣੀਆਂ ਅਤੇ ਮਾਯੂਸੀਆਂ ਨਾਲ ਜੁੜੀ ਭੜਾਸ ਨੂੰ ਬਜਟ ਸੈਸ਼ਨ ਵਿੱਚ ਖੁੱਲ੍ਹ ਕੇ ਬਾਹਰ ਕੱਢਿਆ ਗਿਆ। ਇਸ ਨਾਲ ਨੁਕਸਾਨ ਪੰਜਾਬ ਦਾ ਹੋਇਆ।

ਦੁਖਦਾਈ ਗੱਲ ਇਹ ਹੈ ਕਿ ਇਸ ਸਮੇਂ ਕਾਂਗਰਸ ਪਾਰਟੀ ਹਾਕਮ ਧਿਰ ਵਾਲੀ ਥਾਂ 'ਤੇ ਬਿਰਾਜਮਾਨ ਹੈ ਅਤੇ ਸਾਰਾ ਕੋਝਾ ਹੰਗਾਮਾ ਇਸ ਦੀਆਂ ਆਪਣੀਆਂ ਅੱਖਾਂ ਸਾਹਵੇਂ ਵਾਪਰਿਆ। ਕਾਂਗਰਸ ਇੱਕ ਅਜਿਹੀ ਪਾਰਟੀ ਹੈ ਜਿਸ ਨੂੰ ਇਸ ਗੱਲ ਦੀ ਸਭ ਤੋਂ ਵੱਧ ਫ਼ਿਕਰ ਹੋਣੀ ਚਾਹੀਦੀ ਹੈ ਕਿ ਸਾਡੇ ਸੰਵਿਧਾਨਿਕ ਅਦਾਰੇ ਸੁਚੱਜਤਾ ਤੇ ਵਾਜਬ ਢੰਗ ਨਾਲ ਕੰਮ ਕਰਨ। ਮੁੱਖ ਮੰਤਰੀ ਸਦਨ ਦਾ ਆਗੂ ਹੁੰਦਾ ਹੈ; ਉਸ ਉੱਤੇ ਇੱਕ ਸੰਸਥਾਗਤ ਜ਼ਿੰਮੇਵਾਰੀ ਹੁੰਦੀ ਹੈ ਕਿ ਵਿਰੋਧੀ ਧਿਰ ਦੀਆਂ ਭੜਕਾਹਟਾਂ ਅਤੇ ਅੜਿੱਕਿਆਂ ਦੇ ਬਾਵਜੂਦ, ਸਦਨ ਦੀ ਕਾਰਵਾਈ ਮਾਣ-ਮਰਿਆਦਾ ਵਾਲੇ ਢੰਗ ਨਾਲ ਚੱਲੇ।

'ਆਪ' ਇਸ ਮਾਹੌਲ ਵਿੱਚ ਨਵੀਂ ਹੈ। ਉਹ ਨਾ ਤਾਂ ਸੰਸਦੀ ਨਿਯਮਾਂ ਅਤੇ ਕਾਇਦੇ-ਕਾਨੂੰਨਾਂ ਤੋਂ ਵਾਕਫ਼ ਹੈ ਅਤੇ, ਸ਼ਾਇਦ, ਨਾ ਹੀ ਇਨ੍ਹਾਂ ਨੂੰ ਸਿੱਖਣ ਦੀ ਚਾਹਵਾਨ ਹੈ। ਇਸ ਦੇ ਵਿਧਾਇਕ ਗੁੱਸੇ ਤੇ ਸਚਿਆਈ ਦੀ ਸਿਆਸਤ ਦੀ ਉਪਜ ਹਨ ਅਤੇ ਇਹੀ ਸਿਆਸਤ ਖੇਡਣੀ ਜਾਣਦੇ ਹਨ। ਉਹ ਆਸਾਨੀ ਨਾਲ ਉਤੇਜਨਾ ਤੇ ਉਕਸਾਵੇ ਵਿੱਚ ਆ ਗਏ ਅਤੇ ਉਨ੍ਹਾਂ ਨੇ ਹਾਕਮ ਪਾਰਟੀ ਨੂੰ ਬਿਨਾਂ ਪ੍ਰੇਸ਼ਾਨੀ ਬਚ ਨਿਕਲਣ ਦਾ ਮੌਕਾ ਦੇ ਦਿੱਤਾ।

ਸਪੀਕਰ ਨੇ ਵੀ ਹਾਲਾਤ ਨੂੰ ਸੁਖਾਵਾਂ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਸਦਨ ਦੀ ਕਾਰਵਾਈ ਚਲਾਉਣ ਵਾਲੇ ਸਾਰੇ 'ਪੀਠਾਸੀਨ' ਅਧਿਕਾਰੀ, 'ਪਾਰਟੀ ਦੇ ਬੰਦੇ' ਵਜੋਂ ਸ਼ੁਰੂਆਤ ਕਰਦੇ ਹਨ, ਪਰ ਉਨ੍ਹਾਂ ਦਾ ਅਹੁਦਾ ਮੰਗ ਕਰਦਾ ਹੈ ਕਿ ਉਹ ਪਾਰਟੀ ਵਲਗਣਾਂ ਤੋਂ ਉੱਪਰ ਉਠ ਕੇ ਕੰਮ ਕਰਨ। ਅਜੋਕੇ ਅਣਥੱਕ ਪਾਰਟੀਪ੍ਰਸਤੀ ਦੇ ਜ਼ਮਾਨੇ ਵਿੱਚ ਅਜਿਹੇ ਅਧਿਕਾਰੀਆਂ ਲਈ ਜੀ.ਵੀ. ਮਾਵਲੰਕਰ ਦੇ ਸਿਧਾਂਤ ਮੁਤਾਬਿਕ ਚੱਲਣਾ ਮੁਸ਼ਕਿਲ ਹੋ ਜਾਂਦਾ ਹੈ ਕਿ ਸਪੀਕਰ "ਜਾਣ ਬੁੱਝ ਕੇ ਅਨਿਆਂ ਜਾਂ ਵਿਤਕਰੇਬਾਜ਼ੀ ਦਾ ਮੁਜ਼ਾਹਰਾ ਨਹੀਂ ਕਰੇਗਾ।" ਲੋਕ ਸਭਾ ਦੇ ਪਹਿਲੇ ਸਪੀਕਰ ਸ੍ਰੀ ਮਾਵਲੰਕਰ ਇਸ ਗੱਲ ਦਾ ਖ਼ਿਆਲ ਰੱਖਦੇ ਸਨ ਕਿ ਹਾਕਮ ਧਿਰ, ਜਿਸ ਦੀ ਅਗਵਾਈ ਉਦੋਂ ਜਵਾਹਰ ਲਾਲ ਨਹਿਰੂ ਵਰਗੇ ਕੱਦਾਵਰ ਆਗੂ ਕਰਦੇ ਸਨ, ਕਦੇ ਵੀ ਉਨ੍ਹਾਂ ਦੇ ਅਹੁਦੇ ਨੂੰ ਮਨਮਰਜ਼ੀ ਮੁਤਾਬਿਕ ਨਾ ਵਰਤ ਸਕੇ। ਪੰਜਾਬ ਦੇ ਸਪੀਕਰ ਦਾ ਵਤੀਰਾ ਸ੍ਰੀ ਮਾਵਲੰਕਰ ਦੇ ਮਿਆਰਾਂ ਤੋਂ ਊਣਾ ਰਹਿ ਗਿਆ, ਪਰ ਇਸ ਦੇ ਬਾਵਜੂਦ ਅਕਾਲੀ ਦਲ ਦੇ ਆਗੂਆਂ ਵੱਲੋਂ ਉਨ੍ਹਾਂ ਪ੍ਰਤੀ ਬੋਲ ਕੁਬੋਲ ਵੀ ਬਿਲਕੁਲ ਨਾਵਾਜਬ ਗੱਲ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਵੀ ਮਾਮਲੇ ਵਿੱਚ ਦਖ਼ਲ ਨਾ ਦੇ ਕੇ ਅਤੇ ਹਾਲਾਤ ਨੂੰ ਬੇਕਾਬੂ ਹੋਣ ਤੋਂ ਰੋਕਣ ਲਈ ਕੁਝ ਨਾ ਕਰ ਕੇ ਆਪਣਾ ਭਲਾ ਨਹੀਂ ਕੀਤਾ। ਉਨ੍ਹਾਂ ਤੋਂ ਪਹਿਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਅਜਿਹੀ ਸਾਖ਼ ਬਣਾਈ ਸੀ ਕਿ ਉਹ ਸਦਨ ਵਿੱਚ ਗੁੱਸੇ ਨੂੰ ਠੰਢਾ ਕਰਨ ਲਈ ਐਨ ਮੌਕੇ ਸਿਰ ਕਾਰਵਾਈ ਕਰਦੇ ਦਿਖਾਈ ਦਿੰਦੇ ਸਨ।

ਪੰਜਾਬ ਵਿਧਾਨ ਸਭਾ ਅਜਿਹੇ ਕੁਝ ਕੁ ਸਦਨਾਂ ਵਿੱਚ ਸ਼ੁਮਾਰ ਹੈ ਜਿਨ੍ਹਾਂ ਨੂੰ ਹਾਲੇ ਵੀ ਸੰਜੀਦਾ ਸੰਸਦੀ ਕੰਮ-ਕਾਜ ਕਰਨ ਲਈ ਜਾਣਿਆ ਜਾਂਦਾ ਹੈ। ਇਸ ਸਾਖ਼ ਨੂੰ ਕਿਸੇ ਵੀ ਹਾਲਤ ਵਿੱਚ ਢਾਹ ਨਹੀਂ ਲੱਗਣ ਦਿੱਤੀ ਜਾਣੀ ਚਾਹੀਦੀ।

**ਅਸਹਿਮਤੀ ਅਤੇ ਅਸਹਿਣਸ਼ੀਲਤਾ**

ਕਿਤਾਬ 'ਇੰਡੀਆ ਡਿੱਸੈਂਟਜ਼' ਦਾ ਸਬ-ਟਾਈਟਲ 'ਅਸਹਿਮਤੀ, ਸੰਸੇ ਅਤੇ ਬਹਿਸ ਦੇ ਤਿੰਨ ਹਜ਼ਾਰ ਸਾਲ' ਤੋਂ ਹੀ ਸਭ ਕੁੱਝ ਪਾਣੀ ਵਾਂਗ ਸਾਫ਼ ਹੋ ਜਾਂਦਾ ਹੈ। ਸੰਪਾਦਕ ਅਸ਼ੋਕ ਵਾਜਪਾਈ, ਜੋ ਉੱਚ ਦਰਜੇ ਦਾ ਹਿੰਦੀ ਸਾਹਿਤਕਾਰ ਅਤੇ ਇੱਕ ਉੱਘਾ ਸ਼ਾਇਰ ਹੈ, ਇਸ ਕਿਤਾਬ ਵਿੱਚ ਸਾਡੀ ਸੱਭਿਅਕ ਵਿਰਾਸਤ ਦਾ ਕੇਂਦਰ ਰਹੇ ਮਤਭੇਦ ਤੇ ਸ਼ੱਕ ਦੇ ਸੱਭਿਆਚਾਰ, ਜੋ ਅਤਿ-ਲੋੜੀਂਦਾ ਮੁੱਦਾ ਹੈ, ਨੂੰ ਸਫ਼ਲਤਾਪੂਰਨ ਢੰਗ ਨਾਲ ਉਠਾਉਣ ਵਿੱਚ ਕਾਮਯਾਬ ਰਿਹਾ ਹੈ। ਸਾਡੇ ਇਤਿਹਾਸ ਦੇ ਸੁਨਹਿਰੀ ਕਾਲ ਦੌਰਾਨ ਅਵਾਮ ਪ੍ਰਸ਼ਾਸਕਾਂ ਨਾਲ ਸੰਵਾਦ ਰਚਾ ਕੇ ਅਤੇ ਦਿੱਤੀਆਂ ਜਾਣ ਵਾਲੀ ਮੱਤਾਂ ਉੱਤੇ ਸਵਾਲ ਉਠਾ ਕੇ ਸਸ਼ਕਤ ਮਹਿਸੂਸ ਕਰਦਾ ਸੀ।

ਅਸਹਿਣਸ਼ੀਲਤਾ ਖ਼ਿਲਾਫ਼ ਸਾਲ 2015 ਦੇ ਅਖੀਰਲੇ ਮਹੀਨਿਆਂ ਵਿੱਚ ਇਕੱਠੇ ਹੋ ਕੇ ਆਵਾਜ਼ ਬੁਲੰਦ ਕਰਨ ਵਾਲੀਆਂ ਉੱਘੀਆਂ ਸਾਹਿਤਕ ਸ਼ਖ਼ਸੀਅਤਾਂ ਵਿੱਚ ਅਸ਼ੋਕ ਵਾਜਪਾਈ ਸ਼ਾਮਲ ਸੀ। ਤਿੰਨ ਬੁੱਧੀਜੀਵੀਆਂ ਨਰੇਂਦਰ ਦਾਭੋਲਕਰ, ਗੋਵਿੰਦ ਪਨਸਾਰੇ ਅਤੇ ਐੱਮ.ਐੱਮ. ਕਲਬੁਰਗੀ ਨੂੰ ਯਾਦ ਕਰਨ ਦੀ ਲੋੜ ਹੈ, ਜਿਨ੍ਹਾਂ ਨੂੰ 'ਤਰਕਸ਼ੀਲ ਤੇ ਰਚਨਾਤਮਕ ਵਿਰੋਧੀ' ਹੋਣ ਦੇ ਦੋਸ਼ ਹੇਠ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਇਨ੍ਹਾਂ ਹੱਤਿਆਵਾਂ ਨੇ ਬੁੱਧੀਜੀਵੀਆਂ ਦੀ ਸਮੂਹਿਕ ਜ਼ਮੀਰ ਨੂੰ ਹਲੂਣਿਆ ਅਤੇ

ਬਾਕੀ ਸਫ਼ਾ 32 'ਤੇ

# ਮੇਰੀ ਮੰਗਣੀ ਤੇ ਮੇਰਾ ਵਿਆਹ...

**ਅਜਮੇਰ ਸਿੰਘ ਔਲਖ**

ਮੰਗਣੀ: ਪਹਿਲਾਂ ਮੇਰੀ ਮੰਗਣੀ ਦਾ ਬਿਰਤਾਂਤ ਸੁਣੋ। ਇਹ ਗੱਲ ਦਸੰਬਰ 1964 ਦੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੰਜਾਬੀ ਦੀ ਐਮ.ਏ. (ਫਾਇਨਲ) ਦੀ ਪੜ੍ਹਾਈ ਕਰਨ ਵੇਲੇ ਮੈਨੂੰ ਪਿੰਡੋਂ ਮੇਰੀ ਮਾਂ ਦੀ ਚਿੱਠੀ ਆਈ। ਚਿੱਠੀ ਦਾ ਸਾਰ-ਤੱਤ ਇਹ ਸੀ: ਤੈਨੂੰ ਇੱਕ ਕੁੜੀ ਦੇ ਬਾਪ ਨੇ ਵੇਖਣ ਆਉਣੈ। ਇਸ ਲਈ ਤੂੰ ਫਲਾਣੇ ਦਿਨ ਪਿੰਡ ਪਹੁੰਚ ਜਾ...।' ਓਦੋਂ (ਭਾਵ ਜਵਾਨੀ ਵੇਲੇ) ਮੇਰੇ 'ਤੇ ਆਦਰਸਵਾਦ ਦਾ ਭੂਤ ਸਵਾਰ ਸੀ। ਇਸ ਭੂਤ ਨੇ ਮੇਰੇ ਕੋਲੋਂ ਹੋਰ ਹੀ ਕਮਲ਼ ਮਰਵਾ ਦਿੱਤਾ। ਪਿੰਡ ਜਾਣ ਲਈ ਹਾਂ' ਕਹਿਣ ਦੀ ਥਾਂ ਮੈਂ ਮਾਂ ਨੂੰ ਚਿੱਠੀ ਰਾਹੀਂ ਉਸਦੀ ਚਿੱਠੀ ਦਾ ਇਹ ਜਵਾਬ ਦਿੱਤਾ: ਮਾਨਯੋਗ ਬੇ ਜੀ, .. ਤੁਸੀਂ ਕੁੜੀ ਦੇ ਬਾਪ ਨੂੰ ਕਹੋ ਕਿ ਉਹ ਮੈਨੂੰ ਵੇਖਣ ਤੋਂ ਪਹਿਲਾਂ ਸਾਡਾ ਕੱਚਾ ਘਰ ਵੇਖ ਲਵੇ; ਜਮੀਨ ਆਦਿ ਦੀ ਪੂਰੀ ਪੜਤਾਲ ਕਰ ਲਵੇ। ਤੁਸੀਂ ਵੀ ਉਸ ਤੋਂ ਕਿਸੀ ਪਰਕਾਰ ਦਾ ਲੁਕੋਅ ਨਾ ਰੱਖਣਾ। ਉਸ ਨੂੰ ਦੱਸ ਦੇਣਾ ਕਿ ਜਿਹੜੀ ਸਾਡੇ ਘਰ ਦੀ ਮੂਹਰਲੀ ਕੱਚੀ ਕੰਧ ਪਿਛਲੇ ਸਾਲ ਮੀਂਹ ਨੇ ਢਾਹ ਦਿੱਤੀ ਸੀ ਇਹ ਅਸੀਂ ਕਿਸੇ ਘੌਲ ਕਰਕੇ ਨਹੀਂ ਬਲਕਿ ਇਸ ਕਰ ਕੇ ਦੁਬਾਰਾ ਨਹੀਂ ਖੜ੍ਹੀ ਕਰ ਸਕੇ ਕਿਉਂਕਿ ਇਸ ਨੂੰ ਖੜ੍ਹੀ ਕਰਨ ਦੀ ਸਾਡੇ ਵਿੱਚ ਪਹੁੰਚ ਹੀ ਨਹੀਂ। ਜ਼ਮੀਨ ਬਾਰੇ ਵੀ ਅਸਲੀਅਤ ਦੱਸ ਦੇਣੀ ਕਿ ਚਾਰ ਭਾਈਆਂ ਕੋਲ ਕੁਲ ਅੱਠ ਕਿੱਲੇ ਭੋਇੰ ਹੈ। ਇਸ ਵਿੱਚੋਂ ਤਿੰਨ ਕਿੱਲੇ ਨੌਹਰੀਏ ਬਾਣੀਏ ਕੋਲ਼ ਗਹਿਣੇ ਟਿਕੀ ਹੋਈ ਹੈ। ਅੱਠ ਹਜ਼ਾਰ ਜਿਹੜਾ ਕਰਜ਼ਾ ਆਪਣੇ ਸਿਰ ਹੈ, ਉਹ ਵੀ ਦੱਸਣਾ ਨਾ ਭੁੱਲਣਾ। ਨੇਕ (ਮੇਰਾ ਵੱਡਾ ਭਾਈ ਹਰਨੇਕ) ਬਾਰੇ ਵੀ ਜ਼ਰੂਰ ਦੱਸ ਦੇਣਾ ਕਿ ਉਹ ਵੈਲੀਆਂ-ਸ਼ੈਲੀਆਂ ਵਿੱਚ ਬੈਠਦਾ-ਉਠਦਾ ਐ ਤੇ ਸਿਗਰਟ, ਸ਼ਰਾਬ, ਭੰਗ ਆਦਿ ਸਾਰੇ ਨਸ਼ੇ ਛਕ-ਛਕਾ ਲੈਂਦੈ। ਅਖ਼ੀਰੀ ਗੱਲ ਇਹ ਹੈ ਕਿ ਮੈਂ ਰਿਸ਼ਤਾ ਉਦੋਂ ਹੀ ਲਵਾਂਗਾ ਜਦ-ਕਦ ਮੈਨੂੰ ਕਿਤੇ ਕੋਈ ਰੁਜ਼ਗਾਰ ਮਿਲ ਗਿਆ। ਜੇ ਉਪਰੋਕਤ ਸਭ ਕੁਝ ਜਾਨਣ ਤੋਂ ਬਾਦ ਵੀ ਕੁੜੀ ਦਾ ਬਾਪ ਵੇਖਣਾ ਚਾਹੇਗਾ ਤਾਂ ਮੈਂ ਕਿਸੇ ਮਿਥੇ ਦਿਨ ਉੱਤੇ ਪਿੰਡ ਆ ਜਵਾਂਗਾ......। ਹੁਣ ਤੁਸੀਂ ਹੀ ਦੱਸੋ ਕਿ ਅਜਿਹਾ ਕਿਹੜਾ ਬਾਪ ਹੋਏਗਾ ਜਿਹੜਾ ਉਪਰੋਕਤ ਸਭ ਕੁਝ ਜਾਣਦੇ ਹੋਏ ਵੀ ਆਪਣੀ ਧੀ ਨੂੰ ਜਮਾਂ ਸਾਹਮਣੇ ਦਿਸਦੇ ਨਰਕ-ਕੁੰਡ ਵਿੱਚ ਧੱਕਾ ਦੇਣਾ ਚਾਹੇਗਾ? ਤੁਹਾਨੂੰ ਤਾਂ ਕੀ, ਮੈਨੂੰ ਆਪ ਨੂੰ ਵੀ ਪੂਰਾ ਯਕੀਨ ਸੀ ਕਿ ਗੱਲ ਜਿਥੋਂ ਸ਼ੁਰੂ ਹੋਈ ਹੈ ਉਥੇ ਹੀ ਜਾਮ ਹੋ ਜਾਏਗੀ। ਖ਼ੈਰ ਜੀ, ਮੈਂ ਆਪਣੇ ਆਦਰਸ਼ਵਾਦੀ ਰੰਗ ਵਿਚ ਰੰਗਿਆ ਤੇ ਆਪਣੇ-ਆਪ ਨੂੰ ਆਪਣੀ ਮਾਂ ਦਾ ਧਰਮਪੁੱਤਰ' ਸਮਝਦਾ ਹੋਇਆ ਚਿੱਠੀ ਪੋਸਟ ਕਰ ਆਇਆ। ਪਿੰਡ ਪਹੁੰਚੀ ਚਿੱਠੀ ਜਦ ਮਾਂ ਨੇ ਮੇਰੇ ਬਚਪਨ ਦੇ ਦੋਸਤ ਸੁਖਦੇਵ ਤੋਂ ਪੜ੍ਹਾਈ ਤਾਂ ਮਾਂ ਦਾ ਮੂੰਹ ਉੱਤਰਨਾ ਕੁਦਰਤੀ ਹੀ ਸੀ। ਬੁੱਸੇ ਜਿਹੇ ਮੂੰਹ ਨਾਲ਼ ਮਾਂ ਨੇ ਉਹੀ ਚਿੱਠੀ ਮੇਰੇ ਬਣ ਰਹੇ ਵਿਚੋਲੇ ਨੂੰ ਫੜਾ ਦਿੱਤੀ। ਵਿਚੋਲਾ, ਜਿਸਦਾ ਨਾਂ ਅਮਰ ਸਿੰਘ ਧਾਲੀਵਾਲ ਸੀ, ਪਿੰਡ ਵਿੱਚੋਂ ਮੇਰਾ ਤਾਇਆ ਲਗਦਾ ਸੀ। ਉਹ ਬੜਾ ਹੀ ਸਾਫ-ਦਿਲ ਇਨਸਾਨ ਸੀ। ਨਾਲ਼ ਦੀ ਨਾਲ਼ ਉਸਦਾ ਹਾਸੇ-ਠੱਠੇ ਦੇ ਸੁਭਾਅ ਵਾਲਾ ਵੀ ਸੀ। ਉਹ ਮਹਾਰਾਜ ਦਾ ਪਾਠੀ' ਸੀ ਤੇ ਪਾਠ ਕਰਨ ਹਿਤ ਦੋਵੇਂ ਵਕਤ ਪਿੰਡ ਦੇ ਗੁਰਦੁਆਰੇ ਸਾਹਿਬ ਜਾਇਆ ਕਰਦਾ ਸੀ। ਉਸਦਾ ਸਾਡੇ ਘਰ ਰੋਜ਼ ਦਾ ਆਉਣ-ਜਾਣ ਸੀ ਕਿਉਂਕਿ ਗੁਰਦੁਆਰਾ ਸਾਹਿਬ ਜਾਣ ਵਾਸਤੇ ਸਾਡੇ ਘਰ ਰਾਹੀਂ ਜਾਣਾ ਉਸਨੂੰ ਸ਼ਾਟਕੱਟ' (ਨੇੜੇ) ਪੈਂਦਾ ਸੀ। ਉਂਝ ਵੀ ਸਮਾਜਿਕ ਤੇ ਪਰਿਵਾਰਕ ਤੌਰ 'ਤੇ ਅਸੀਂ ਦੋਵੇਂ ਘਰ ਇਕ ਦੂਜੇ ਦੇ ਵਾਹਵਾ ਨੇੜੇ ਸਾਂ। ਤਾਇਆ ਅਮਰ ਸਿੰਘ ਧਾਲੀਵਾਲ ਨੇ ਚਿੱਠੀ ਪੜ੍ਹ ਕੇ ਮੇਰੀ ਮਾਂ ਨੂੰ ਹਸਦਿਆਂ ਕਿਹਾ, ਲੈ ਹਰਨਾਮ ਕੁਰੇ, ਸਮਝ ਲੈ ਹੋ ਗਿਆ ਤੇਰੇ ਮੁੰਡੇ ਦਾ ਰਿਸ਼ਤਾ ਪੱਕਾ! ਲੱਗ-ਜਾ ਗੀਤ ਗਾਉਣ ਅੱਜ ਤੋਂ ਈ ਸ਼ਗਨਾਂ ਦੇ!' ਮਾਂ ਤਾਏ ਦੇ ਮਖ਼ੌਲੀਏ ਸੁਭਾਅ ਤੋਂ ਜਾਣੂ ਸੀ। ਇਸ ਲਈ ਉਸਨੇ ਉਸਦੀ ਗੱਲ ਨੂੰ ਗੰਭੀਰਤਾ ਨਾਲ ਨਾ ਲਿਆ। ਪਰ ਜਾਪਦੈ ਤਾਏ ਨੇ ਨਾ ਹੀ ਮੇਰੀ ਚਿੱਠੀ ਮਖ਼ੌਲ ਵਜੋਂ ਲਈ ਸੀ ਤੇ ਨਾ ਹੀ ਆਪਣੀ ਗੱਲ ਮਖ਼ੌਲ ਵਜੋਂ ਕਹੀ ਸੀ। ਮੇਰੇ ਘਰ ਦੀ ਆਰਥਿਕ ਸਥਿੱਤੀ ਬਾਰੇ ਉਸ ਨੇ ਪਹਿਲਾਂ ਹੀ ਕਾਫੀ ਕੁਝ ਸਹੀ-ਸਹੀ ਕੁੜੀ ਦੇ ਬਾਪ ਨੂੰ ਦੱਸ ਦਿੱਤਾ ਸੀ। ਓਹਲਾ ਰਖਦਾ ਵੀ ਕਾਹਦਾ? ਕੱਚਾ ਘਰ ਤੇ ਢਹੀ ਕੰਧ ਅਗਲੇ ਨੂੰ ਆਪ ਦਿਸ ਪੈਣੀ ਸੀ ਤੇ ਜ਼ਮੀਨ ਦੀ ਅਸਲੀਅਤ ਦਾ ਪਟਵਾਰੀ-ਗਰਦੌਰ ਤੋਂ ਪਤਾ ਲੱਗ ਜਾਣਾ ਸੀ। ਹਾਂ, ਗਹਿਣੇ-ਪਈ ਜ਼ਮੀਨ ਤੇ ਕਰਜ਼ੇ ਦਾ ਸ਼ਾਇਦ ਉਸਨੂੰ ਆਪ ਨੂੰ ਵੀ ਪਤਾ ਨਹੀਂ ਸੀ। ਰਹੀ ਗੱਲ ਮੇਰੇ ਵੱਡੇ ਭਾਈ ਦੇ ਵੈਲਪੁਣੇ ਦੀ? ਅਜਿਹੀ ਗੱਲ ਨੂੰ ਉਹ ਬਹੁਤੀ ਗੰਭੀਰਤਾ ਨਾਲ ਲੈਣ ਵਾਲਾ ਬੰਦਾ ਨਹੀਂ ਸੀ। ਜੱਟ ਦੇ ਚਾਰ ਪੁੱਤਾਂ ਵਿੱਚੋ ਇਕ ਪੁੱਤ ਵਿਹਲੜ-ਸ਼ੇਹਲੜ ਨਿਕਲ ਈ ਜਾਂਦੈ।' ਮਹਾਰਾਜ ਦਾ ਪਾਠੀ ਹੋਣ ਦੇ ਬਾਵਜੂਦ ਅਜਿਹੀ ਜੱਟੂ ਸੋਚ ਦਾ ਧਾਰਨੀ ਸੀ ਤਾਇਆ ਅਮਰ ਸਿੰਘ। ਬਾਦ ਵਿੱਚ ਮੈਨੂੰ ਪਤਾ ਲੱਗਿਆ ਕਿ ਉਂਝ ਵੀ ਉਸਨੇ ਜ਼ੋਰ ਸਿਰਫ ਇਕੋ ਗੱਲ 'ਤੇ ਦਿੱਤਾ ਹੋਇਆ ਸੀ। ਨੰਦ ਸਿਆਂ ਮੁੰਡਾ ਕੀ ਐ, ਨਿਰਾ ਹੀਰਾ ਐ! ਬਸ ਤੂੰ ਯਾਦ ਰੱਖੇਂਗਾ ਬਈ ਮਾਮੇ ਅਮਰ ਸਿੰਘ ਨੇ ਮੁੰਡਾ ਭਾਲ਼ ਕੇ ਦਿੱਤਾ ਸੀ ਮੇਰੀ ਧੀ ਵਾਸਤੇ!' (ਤਾਇਆ ਅਮਰ ਸਿੰਘ ਦੂਰ-ਨੇੜੇ ਦੀ ਰਿਸ਼ਤੇਦਾਰੀ ਵਿੱਚੋਂ ਕੁੜੀ ਦੇ ਬਾਪ ਦਾ ਮਾਮਾ ਲਗਦਾ ਸੀ) ਤਾਇਆ ਅਮਰ ਸਿੰਘ ਨੂੰ ਮੈਂ ਹੀਰਾ' ਸਿਰਫ ਇਸ ਕਰ ਕੇ ਲਗਦਾ ਸੀ ਕਿਉਂਕਿ ਮੈਂ ਇਕ ਗਰੀਬ ਕਿਸਾਨ ਦਾ ਪੁੱਤ ਹੋ ਕੇ ਵੀ ਕਿਵੇਂ ਪੜ੍ਹਾਈ ਦੀ ਪੌੜੀ' ਦੇ ਇਕ ਡੰਡੇ ਤੋਂ ਬਾਅਦ ਦੂਜੇ ਡੰਡੇ ਉਤੇ ਪੈਰ ਧਰਦਾ ਉਤਾਂਹ' ਚੜ੍ਹਦਾ ਜਾ ਰਿਹਾ ਸੀ।



*ਇੱਕ ਸਦੀਵੀ ਯਾਦ:* **ਅਜਮੇਰ ਸਿੰਘ ਔਲਖ ਅਤੇ ਉਨ੍ਹਾਂ ਦੀ ਜੀਵਨ ਸਾਥਣ ਮਨਜੀਤ ਔਲਖ ਜਿਨ੍ਹਾਂ ਨੇ ਸਾਰੀ ਉਮਰ ਉੱਚੇ ਆਦਰਸ਼ਾਂ ਤੇ ਅਸੂਲਾਂ ਉੱਤੇ ਪਹਿਰਾ ਦਿੰਦਿਆਂ ਅਪਣੀ ਜਿੰਦਗੀ ਲੋਕਾਂ ਦੇ ਲੇਖੇ ਲਾਈ।**

ਲਉ ਜੀ ਤਾਇਆ ਅਮਰ ਸਿੰਘ ਧਾਲੀਵਾਲ ਨੇ ਆਪਣੀ ਦਿਬ-ਦ੍ਰਿਸ਼ਟੀ ਦੇ ਵਿਸ਼ਵਾਸ ਦੇ ਸਿਰ 'ਤੇ ਮੇਰੇ ਵਾਲੀ ਚਿੱਠੀ ਅੱਗੋਂ ਆਪਣੇ ਭਾਣਜੇ, ਜਾਨੀ ਕੁੜੀ ਦੇ ਬਾਪ ਨੰਦ ਸਿੰਘ ਦੇ ਹੱਥ 'ਤੇ ਜਾ ਧਰੀ। ਨੰਦ ਸਿੰਘ ਨੇ ਚਿੱਠੀ ਪੜ੍ਹੀ ਤੇ ਪੜ੍ਹ ਕੇ ਕੁਝ ਸੋਚਾਂ ਜਿਹੀਆਂ ਵਿੱਚ ਪੈ ਗਿਆ। ਕੁਝ ਚਿਰ ਚੁੱਪ ਰਿਹਾ। ਤਾਇਆ ਅਮਰ ਸਿੰਘ ਉਸਦੇ ਚਿਹਰੇ ਦੇ ਹਾਵ-ਭਾਵ ਪੜ੍ਹਣ ਦੀ ਕੋਸ਼ਿਸ਼ ਕਰਦਾ ਰਿਹਾ। ਥੋੜ੍ਹੇ ਚਿਰ ਪਿੱਛੋਂ ਨੰਦ ਸਿੰਘ ਫ਼ਿਲਾਸਫ਼ਰਾਂ ਵਾਲੀ ਗ਼ਹਿਰ-ਗੰਭੀਰ ਆਵਾਜ਼ ਵਿੱਚ ਬੋਲਿਆ, ਮਾਮਾ ਜੀ, ਲਗਦੈ ਅਕਾਲ ਪੁਰਖ ਨੇ ਮੇਰੀ ਧੀ ਦਾ ਸੰਯੋਗ ਇਸੇ ਲੜਕੇ ਸੰਗ ਲਿਖਿਐ। ਜਦ ਮੁੰਡਾ ਕਿਸੇ ਰੁਜ਼ਗਾਰ 'ਤੇ ਲੱਗ ਗਿਆ, ਮੈਨੂੰ ਖ਼ਬਰ ਕਰ ਦਿਉ।'

ਜਦੋਂ ਮੈਂ ਇੱਕ ਛੁੱਟੀ ਵਾਲੇ ਦਿਨ ਪਟਿਆਲੇ ਤੋਂ ਪਿੰਡ ਆਇਆ ਤੇ ਮੈਨੂੰ ਸਾਰੀ ਕਹਾਣੀ ਦਾ ਪਤਾ ਚਲਿਆ ਤਾਂ ਮੈਨੂੰ ਬੇਹੱਦ ਹਰਾਨੀ ਹੋਈ। ਹਰਾਨੀ ਨਾਲ ਕੁਝ ਕੁਝ ਖ਼ੁਸ਼ੀ ਵੀ। ਖ਼ੁਸ਼ੀ ਇਸ ਗੱਲ ਦੀ ਬਈ ਚਲੋ ਮੇਰੇ ਵਿਚਾਰਾਂ ਨਾਲ਼ ਮਿਲਦਾ-ਜੁਲਦਾ ਕੋਈ ਬੰਦਾ ਤਾਂ ਹੈ ਜਿਸਦੀ ਧੀ ਨਾਲ ਮੇਰੇ ਰਿਸ਼ਤਾ ਦੀ ਗੱਲ ਚੱਲ ਰਹੀ ਹੈ। ਪਰ ਨਾਲ਼ ਦੀ ਨਾਲ ਮਨ ਅੰਦਰ ਕਈ ਤਰ੍ਹਾਂ ਦੇ ਸ਼ੰਕੇ ਵੀ ਆਪਣਾ ਸਿਰ ਚੁੱਕਣ ਲੱਗੇ? ਕਿਉਂ ਕਰ ਰਿਹੈ ਮੇਰੇ ਵਰਗੇ ਨੰਗ-ਮੁਲੰਗ ਨੂੰ ਆਪਣੀ ਕੁੜੀ ਦਾ ਰਿਸ਼ਤਾ? ਕਿਤੇ ਕੁੜੀ ਵਿੱਚ ਕੋਈ ਨੁਕਸ ਹੀ ਨਾ ਹੋਵੇ? ਕੁੜੀ ਲੰਗੜੀ-ਲੂਹਲੀ ਜਾਂ ਕਰੈਕਟਰ ਕਰੂਕਟਰ....?...? ਜੇ ਇਹ ਗੱਲ ਐ ਤਾਂ ਉਸ ਭਲੇ ਮਾਣਸ ਨੇ ਇਹ ਕਿਵੇਂ ਸਮਝ ਲਿਆ ਬਈ ਮੈਂ ਬਿਨਾ ਦੇਖੇ, ਬਿਨਾ ਪੁੱਛ-ਪੜਤਾਲ ਦੇ ਉਸਦੀ ਧੀ ਦਾ ਰਿਸ਼ਤਾ ਕਬੂਲ ਕਰ ਲਵਾਂਗਾ....?' ਪਰ ਫੇਰ ਇਹ ਖ਼ਿਆਲ ਵੀ ਆਇਆ ਕਿ ਜੇ ਕੋਈ ਐਸੀ-ਵੈਸੀ ਗੱਲ ਹੁੰਦੀ ਤਾਂ ਤਾਇਆ ਅਮਰ ਸਿੰਘ ਵਿੱਚ ਕਿਉਂ ਪੈਂਦਾ? ਸਾਡੇ ਨਾਲ਼ ਉਸਦੀ ਐਨੀ ਨੇੜਤਾ ਹੈ, ਅਜਿਹੀ ਘਟੀਆ ਗੱਲ ਤਾਂ ਉਹ ਕਦੇ ਸੋਚ ਵੀ ਨਹੀਂ ਸਕਦਾ।' ਇਹ ਸੋਚ ਕੇ ਮੈਂ ਤਾਇਆ ਅਮਰ ਸਿੰਘ ਕੋਲ਼ ਗੱਲ ਕਰਨੀ ਵੀ ਮੁਨਾਸਿਬ ਨਾ ਸਮਝੀ। ਫੇਰ ਚਲੋ ਜਦੋਂ ਅੱਗੇ ਗੱਲ ਚੱਲੀ, ਓਦੋਂ ਵੇਖੀ ਜਾਊ, ਅਜੇ ਤਾਂ ਮੈਂ ਐਮ.ਏ. ਦਾ ਇਮਤਿਹਾਨ ਦੇਣੈਂ, ਨੌਕਰੀ ਲੱਭਣੀ ਐਂ।' ਸੋਚ ਕੇ ਸ਼ੰਕੇ-ਫੰਕੇ ਦਿਮਾਗ ਵਿੱਚੋਂ ਝਾੜ ਛਡੇ।

ਲਉ ਜੀ, ਮੈਂ ਐਮ.ਏ. ਦਾ ਇਮਤਿਹਾਨ ਦਿੱਤਾ, ਨਤੀਜਾ ਵੀ ਆ ਗਿਆ; ਚੰਗੇ ਭਾਗਾਂ ਨੂੰ ਚੰਗੇ ਨੰਬਰ ਵੀ ਆ ਗਏ। ਓਂਦੂ ਵੀ ਚੰਗੇ ਭਾਗਾਂ ਨੂੰ ਨਤੀਜਾ ਨਿਕਲਨ ਤੋਂ ਬਾਦ ਬੀਹ ਦਿਨਾਂ ਦੇ ਅੰਦਰ-ਅੰਦਰ ਬਿਨਾ ਕਿਸੇ ਵਿਸ਼ੇਸ਼ ਭੱਜ-ਨੱਠ ਦੇ ਮੇਰੇ ਆਪਣੇ ਇਲਾਕੇ ਦੇ ਮਾਨਸਾ ਕਸਬੇ ਵਿਖੇ ਨਵੇਂ ਖੁੱਲ੍ਹੇ ਨਹਿਰੂ ਮੈਮੋਰੀਅਲ ਕਾਲਜ ਵਿੱਚ ਮੈਨੂੰ ਪੰਜਾਬੀ ਦੇ ਲੈਕਚਰਰ ਦੀ ਚੰਗੀ ਨੌਕਰੀ ਵੀ ਮਿਲ ਗਈ।.....ਨੌਕਰੀ 'ਤੇ ਲੱਗੇ ਨੂੰ ਅਜੇ ਪੰਜ-ਛੀ ਮਹੀਨੇ ਹੀ ਹੋਏ ਸੀ ਕਿ ਇਕ ਦਿਨ ਕਾਲਜ ਵਿੱਚ ਮੈਨੂੰ ਕੁੜੀ ਦਾ ਬਾਪ' ਮਿਲਣ ਲਈ ਆ ਪਹੁੰਚਿਆ। ਵੇਖਣੀ-ਪਰਖਣੀ ਤੋਂ ਇਕ ਚੰਗਾ ਪੜ੍ਹਿਆ-ਲਿਖਿਆ ਸੂਝਵਾਨ ਸਜਨ ਪੁਰਸ਼ ਜਾਪਦਾ ਸੀ। ਮੈਂ ਉਸਨੂੰ ਕਾਲਜ ਦੀ ਕੰਟੀਨ ਵਾਲੇ ਪਾਸੇ ਲੈ ਗਿਆ ਤੇ ਅਸੀਂ ਕੰਟੀਨ ਨਾਲ-ਲਗਵੇਂ ਇਕ ਗਰਾਉਂਡ ਵਿੱਚ ਬੈਠ ਗਏ। ਗੱਲਬਾਤ ਚਲੀ ਤਾਂ ਮੈਂ ਉਸਨੂੰ ਆਪਣੀ ਚਿੱਠੀ ਵਿਚਲੀਆਂ ਗੱਲਾਂ ਯਾਦ ਕਰਵਾਉਂਦਿਆਂ ਕਿਹਾ, ਤੁਸੀਂ ਮੇਰੀ ਚਿੱਠੀ ਨੂੰ ਐਵੇਂ ਮੁੰਡਿਆਂ-ਖੁੰਡਿਆਂ ਵਾਲੀ ਗੱਲ ਈ ਨਾ ਸਮਝ ਲੈਣਾ। ਮੈਂ ਜੋ ਲਿਖਿਆ ਸੀ ਸਹੀ ਤੇ ਸੰਜੀਦਗੀ ਨਾਲ ਲਿਖਿਆ ਸੀ......।' ਮੇਰੀ ਗੱਲ ਸੁਣ ਕੇ ਉਸ ਨੇ ਜਵਾਬ ਦਿੱਤਾ, ਮੈਨੂੰ ਸਭ ਪਤਾ ਐ। ਅਸਲ ਵਿੱਚ ਸਭ ਕੁਝ ਦਾ ਪਤਾ ਮੈਂ ਪਹਿਲਾਂ ਹੀ ਕਰ ਲਿਆ ਸੀ। ਸੱਚੀ ਗੱਲ ਤਾਂ ਇਹ ਐ ਕਿ ਸਭ ਕੁਝ ਪਤਾ ਲੱਗਣ 'ਤੇ ਮੈਂ ਆਪ ਹੀ ਮਨ ਵਿੱਚ ਫ਼ੈਸਲਾ ਕਰ ਲਿਆ ਸੀ ਕਿ ਮੈਂ ਇਸ ਘਰ ਆਪਣੀ ਧੀ ਕਦਾਚਿਤ ਨਹੀਂ ਵਿਆਹਾਂਗਾ। ਪਰ ਤੇਰੀ ਚਿੱਠੀ ਨੇ ਮੇਰਾ ਇਰਾਦਾ ਬਦਲ ਦਿੱਤਾ। ਤੇਰੀ ਚਿੱਠੀ ਪੜ੍ਹ ਕੇ ਮੈਨੂੰ ਇਸ ਤਰ੍ਹਾਂ ਦਾ ਅਹਿਸਾਸ ਹੋਇਆ ਕਿ ਇਹ ਨੌਜਵਾਨ ਜੀਵਨ ਵਿੱਚ ਕੋਈ ਵੱਡਾ ਮਾਇਆਧਾਰੀ ਬਣੇ, ਚਾਹੇ ਨਾ ਬਣੇ ਪਰ ਇਹ ਭੁੱਖਾ ਕਦੇ ਨਹੀਂ ਮਰੇਗਾ। ਮੇਰੀ ਧੀ ਸੁਖੀ ਰਹੂ ਇਹ ਸੰਯੋਗ ਪਾ ਕੇ।... ਕਾਕਾ, ਮੈਨੂੰ ਤੂੰ ਪਸੰਦ ਐਂ। ਮੇਰੀ ਧੀ, ਮੇਰੇ ਘਰਵਾਰ ਬਾਰੇ ਤੂੰ ਪਤਾ ਕਰ ਕੇ ਆਪਣੀ ਰਾਇ ਦੱਸ ਦੇਵੀਂ।'...... ਤੇ ਉਹ ਚਲਿਆ ਗਿਆ। ਉਸ ਦੇ ਚਲੇ ਜਾਣ ਤੋਂ ਬਾਦ ਮੈਂ ਦੋ-ਤਿੰਨ ਮਹੀਨਿਆਂ ਅੰਦਰ ਸਭ ਕੁਝ' ਦੀ ਤਸੱਲੀ ਕਰ ਲਈ ਮੈਂ ਰਿਸ਼ਤੇ ਲਈ ਹਾਂ' ਕਰ ਦਿੱਤੀ। ਮੰਗਣੀ ਦਾ ਦਿਨ ਵੀ ਨਿਸ਼ਚਿਤ ਕਰ ਦਿੱਤਾ। ਪਰ ਜਿਸ ਦਿਨ ਮੇਰੇ ਕੱਚੇ ਤੇ ਢਹੀ ਕੰਧ ਵਾਲੇ ਘਰ ਵਿੱਚ ਮੇਰੀ ਮੰਗਣੀ ਹੋਈ ਤਾਂ ਇਕ ਗੜਬੜ ਹੋ ਗਈ। ਮੰਗਣੀ ਦੀ ਰਸਮ ਤੋਂ ਬਾਦ ਜਦ ਮੈਂ ਸ਼ਗਨਾਂ ਵਾਲਾ ਪਰਨਾ ਆਪਣੀ ਮਾਂ ਦੇ ਚਰਨਾਂ ਵਿੱਚ ਧਰਿਆ ਤਾਂ ਸ਼ਗਨਾਂ ਵਾਲੇ ਪੈਸਿਆਂ ਵਿਚੋਂ ਮਾਂ ਨੂੰ ਸਿਉਨੇ ਦੀ ਇਕ ਮੋਹਰ ਮਿਲ ਗਈ। ਦੇਖ ਕੇ ਮੈਨੂੰ ਹੈਰਾਨੀ ਵੀ ਹੋਈ ਤੇ ਗੁੱਸਾ ਵੀ ਆਇਆ ਬਈ ਐਨਾ ਕਹਿਣ ਦੇ ਬਾਵਜੂਦ...? ਮੈਂ ਤਾਂ ਸਾਰੇ ਪਿੰਡ, ਦੋਸਤਾਂ-ਮਿੱਤਰਾਂ ਤੇ ਰਿਸ਼ਤੇਦਾਰਾਂ 'ਚ ਫੜ੍ਹ ਮਾਰੀ ਹੋਈ ਸੀ ਕਿ ਮੈਂ ਇਕ ਆਦਰਸ਼ ਤੇ ਅਗਾਂਹਵਧੂ ਵਿਆਹ-ਮੰਗਣੀ ਕਰਨ ਜਾ ਰਿਹਾ ਹਾਂ। ਹੁਣ ਉਹ ਸਾਰੇ ਕੀ ਸੋਚਣਗੇ। ਇਹੋ ਕਿ ਹਾਥੀ ਦੇ ਦੰਦ ਖਾਣ ਨੂੰ ਹੋਰ ਤੇ ਦਿਖਾਉਣ ਨੂੰ ਹੋਰ?' ਕਿਵੇਂ ਵਿਖਾਵਾਂਗਾ ਮੂੰਹ ਦੋਸਤ-ਮਿੱਤਰਾਂ ਨੂੰ? ਬੜੀ ਪੁਜ਼ੀਸ਼ਨ ਆਕਵਰਡ ਹੁੰਦੀ ਜਾਪੀ। ਕੀ ਕੀਤਾ ਜਾਵੇ। ਐਨੀ ਮੇਰੇ 'ਚ ਹਿੰਮਤ ਨਾ ਪਈ ਕਿ ਭਰੀ ਪੰਚਾਇਤ ਵਿੱਚ ਜਾ ਕੇ ਮੋਹਰ ਉਸ ਭਲੇ-ਮਾਣਸ ਭਾਵ ਆਪਣੇ ਬਣ ਚੁੱਕੇ ਸਹੁਰਾ ਸਾਹਿਬ ਦੇ ਪੈਰਾਂ ਵਿੱਚ ਵਗਾਹ ਮਾਰਾਂ। ਉਸ ਆਦਮੀ ਦਾ ਮੇਰੇ ਉੱਤੇ ਪ੍ਰਭਾਵ ਹੀ ਅਜਿਹਾ ਪੈ ਚੁੱਕਾ ਸੀ ਕਿ ਮੈਂ ਉਸਨੂੰ ਦੇਵਤਾ ਪੁਰਸ਼' ਸਮਝਣ ਲੱਗ ਪਿਆ ਸਾਂ। ਦੂਜੀ ਗੱਲ, ਜਿਹੜੀ ਅੱਜ ਮੇਰੇ ਦਿਮਾਗ ਵਿੱਚ ਆ ਰਹੀ ਹੈ, ਇਹ ਕਿ ਹੋ ਸਕਦੈ ਮੋਹਰ ਨੂੰ ਵੇਖ ਕੇ ਮੇਰੇ ਮਨ ਅੰਦਰ ਹੀ ਕੋਈ ਕਮਜ਼ੋਰੀ ਆ ਗਈ ਹੋਵੇ! ਭਾਵੇਂ ਮੋਹਰ ਕੋਈ ਵਡਮੁੱਲੀ ਵਸਤੂ ਨਹੀਂ ਸੀ ਪਰ ਆਰਥਿਕ ਪੱਖੋਂ ਟੁੱਟੇ ਘਰ ਦੇ ਮੇਰੇ ਵਰਗੇ ਨੌਜਵਾਨ ਦੇ ਪੈਰ ਉਖੇੜਨ ਲਈ ਤਾਂ ਇਸ ਨਿੱਕੀ ਜਿਹੀ ਸੋਨ-ਮੋਹਰ ਦਾ ਹੀ ਲਿਸ਼ਕਾਰਾ ਕਾਫੀ ਹੁੰਦੈ। ਮਾਂ ਮੇਰੇ ਧਰਮ-ਸੰਕਟ ਨੂੰ ਸਮਝ ਗਈ ਤੇ ਸਮਝਦਿਆਂ ਉਸ ਮੈਨੂੰ ਨਸੀਹਤ' ਦਿੱਤੀ, "ਚਲ ਚੁੱਪ ਕਰ। ਹੁਣ ਇਸ ਸਮੇਂ ਰੌਲਾ ਪਾਉਂਦਾ ਚੰਗਾ ਨਹੀਂ ਲਗਦਾ। ਜੋ ਕੁਝ ਕਰਨਾ ਹੋਇਆ ਵਿਆਹ ਵੇਲ਼ੇ ਕਰ-ਲੀ।" ਲਗਦੈ ਮਾਂ ਦਾ ਦਿਲ ਵੀ ਅੰਦਰਖਾਤੇ ਲਲਚਾ ਗਿਆ ਸੀ। ਉਸ ਦਾ ਗਰੀਬ ਦਿਲ ਸ਼ਾਇਦ ਦੁਨੀਆਂ ਨੂੰ ਇਹ ਕਹਿਣਾ ਚਾਹੁੰਦਾ ਸੀ, "ਦੇਖੋ, ਮੇਰੇ ਪੁੱਤ ਨੂੰ ਮੋਹਰਾਂ ਪੈਂਦੀਐਂ! ਐਵੇ ਨਾ ਸਮਝ ਲਿਉ ਤੁਸੀਂ ਕਿਤੇ ਸਾਨੂੰ?" ਖ਼ੈਰ ਜੀ, ਮੇਰੀ ਕਮਜ਼ੋਰੀ ਆਖੋ ਜਾਂ ਕੁਝ ਹੋਰ, ਪਰ ਇੱਕ ਗੱਲ ਜਮਾਂ ਸੱਚੀ ਹੈ ਕਿ ਮੈਂ ਮੋਹਰ ਵਾਪਿਸ ਨਾ ਕਰ ਸਕਿਆ। ਪਰ ਨਾਲ਼ ਦੀ ਨਾਲ਼ ਵਿਆਹ ਤੋਂ ਪਹਿਲਾਂ-ਪਹਿਲਾਂ ਸਾਰੀ ਸਮੱਸਿਆ ਨਾਲ਼ ਕਰੜਾਈ ਨਾਲ਼ ਨਜਿੱਠਣ ਦੀਆਂ ਸਕੀਮਾਂ ਵੀ ਸੋਚਣ ਲੱਗਾ। ਵਿਆਹ ਵੇਲ਼ੇ ਮੈਂ ਇਸ ਨੂੰ ਕਿਵੇਂ ਨਜਿੱਠਿਆ, ਜਾਂ ਕਿਵੇਂ ਨਾ ਨਜਿੱਠਿਆ, ਇਹ ਗੱਲ ਆਪਣੀ ਵਿਆਹ-ਕਥਾ ਬਿਆਨ ਕਰਨ ਵੇਲ਼ੇ ਦੱਸਾਂਗਾ ਪਰ ਹਾਲ ਦੀ ਘੜੀ ਉਹ ਸੁਣ ਲਵੋ ਜੋ ਮੈਂ ਵਿਆਹ ਤੋਂ ਪਹਿਲਾਂ ਕੀਤਾ। ਜਿਉਂ-ਜਿਉਂ ਮੈਂ ਇਸ ਵਰਤਾਰੇ ਬਾਰੇ ਵਿਚਾਰ ਕਰਦਾ ਰਿਹਾ ਤਿਉਂ-ਤਿਉਂ ਮੇਰੀ ਜ਼ਮੀਰ ਮੈਨੂੰ ਲਾਹਣਤਾਂ ਪਾਉਂਦੀ ਰਹੀ। ਦੋ ਕੁ ਮਹੀਨੇ ਮੈਂ ਅੰਦਰੇ-ਅੰਦਰ ਹੀ ਕਰਿਝਦਾ ਜਿਹਾ ਰਿਹਾ। ਅਖ਼ੀਰ ਕਾਫੀ ਕਰਿਝਣ ਤੋਂ ਬਾਦ ਇਕ ਲੰਬੀ ਜਿਹੀ ਚਿੱਠੀ ਸਹੁਰਾ ਸਾਹਿਬ ਨੂੰ ਲਿਖ ਮਾਰੀ ਜਿਸਦਾ ਸਾਰੰਸ਼ ਕੁਝ ਇਸ ਪ੍ਰਕਾਰ ਸੀ: ਮਾਨਯੋਗ ਬਾਪੂ ਜੀ, ਮੈਂ ਬਹੁਤ ਹੀ ਅਫ਼ਸੋਸ ਅਤੇ ਦੁੱਖੀ ਮਨ ਨਾਲ਼ ਆਪ ਜੀ ਨੂੰ ਲਿਖ ਰਿਹਾ ਹਾਂ। ਦੁੱਖ ਅਤੇ ਅਫ਼ਸੋਸ ਵਾਲੀ ਗੱਲ ਇਹੋ ਹੈ ਕਿ ਮੇਰੇ ਵਾਰ-ਵਾਰ ਕਹਿਣ ਦੇ ਬਾਵਜੂਦ ਤੁਸੀਂ ਮੇਰੇ ਨਾਲ ਕੀਤੇ ਵਾਹਦਿਆਂ 'ਤੇ ਪੂਰੇ ਨਹੀਂ ਉਤਰੇ। ਸ਼ਗਨ ਵਿਚ ਮੋਹਰ ਪਾ ਕੇ ਤੁਸੀਂ ਮੇਰਾ ਮਾਨ ਨਹੀਂ, ਸਗੋਂ ਅਪਮਾਨ ਕੀਤਾ ਹੈ। ਜੇ ਤੁਸੀਂ ਵਿਆਹ ਵੇਲ਼ੇ ਵੀ ਇਸ ਤਰ੍ਹਾਂ ਦਾ ਹੀ ਕੁਝ ਕਰਨਾ ਹੈ ਤਾਂ ਮੇਰੀ ਵੱਲੋਂ ਵਿਆਹ ਲਈ ਅੱਜ ਤੋਂ ਹੀ ਜਵਾਬ ਸਮਝੋ।' ਹੌਸਲਾ ਜਿਹਾ ਕਰਕੇ ਮੈਂ ਚਿੱਠੀ ਪੋਸਟ ਕਰ ਆਇਆ। ਘਰ ਦੇ ਕਿਸੇ ਹੋਰ ਜੀਅ ਕੋਲ ਇਸਦੀ ਗੱਲ ਨਾ ਕੀਤੀ। ਕੁਝ ਦਿਨਾਂ ਬਾਦ ਹੀ ਮੈਨੂੰ ਮੇਰੀ ਚਿੱਠੀ ਜਾ ਜਵਾਬ ਆ ਗਿਆ। ਚਿੱਠੀ ਪੰਜਾਬੀ ਵਿੱਚ ਸੀ ਪਰ ਲਿਖੀ ਹੋਈ ਫਾਰਸੀ ਲਿਪੀ ਵਿੱਚ ਸੀ। ਮੈਂ ਆਪਣੇ ਇਕ ਪ੍ਰੋਫ਼ੈਸਰ ਸਾਥੀ ਕੋਲੋ ਇਹ ਪੜ੍ਹਾਈ। ਚਿੱਠੀ ਵਿੱਚ ਸਹੁਰਾ ਸਾਹਿਬ ਨੇ ਆਪਣੀ ਗ਼ਲਤੀ ਲਈ ਮਾਫ਼ੀ ਮੰਗੀ ਸੀ ਤੇ ਵਿਆਹ ਵੇਲ਼ੇ ਇਸ ਕਿਸਮ ਦੀ ਕੋਈ ਗ਼ਲਤੀ ਨਾ-ਦੁਹਰਾਉਣ ਦਾ ਇਕਰਾਰ ਕੀਤਾ ਸੀ।........ਤੇ ਇਸ ਤੋਂ ਪਹਿਲਾਂ ਕਿ ਮੇਰਾ ਸਹੁਰਾ ਸਾਹਿਬ ਆਪਣਾ ਕੀਤਾ ਇਕਰਾਰ ਨਿਭਾਉਂਦੇ, ਚਿੱਠੀ ਲਿਖਣ ਤੋਂ ਅੱਠ-ਦੱਸ ਦਿਨਾਂ ਬਾਦ ਹੀ ਦਿਲ ਦਾ ਦੌਰਾ ਪੈਣ ਕਾਰਨ ਉਹ ਇਸ ਦੁਨੀਆਂ ਤੋਂ ਵਿਦਾ ਹੋ ਗਏ।........

ਮੇਰਾ ਵਿਆਹ: ਹੁਣੋ ਸੁਣੋ ਮੇਰੇ ਵਿਆਹ ਦੀ ਵਾਰਤਾ....... ਮੰਗਣੀ ਦੀ ਰਸਮ ਤੋਂ ਬਾਦ ਤੇ ਵਿਆਹ ਤੋਂ ਪਹਿਲਾਂ ਮੇਰੇ ਸਹੁਰੇ ਦੀ ਮੌਤ ਹੋ ਜਾਣ ਕਾਰਨ ਮੇਰੇ ਸਹੁਰਾ-ਘਰ ਦੇ ਆਪਣੇ ਪਰਸਪਰ ਤੇ ਮੇਰੇ ਉਸ ਘਰ ਨਾਲ ਬਣੇ ਰਿਸ਼ਤੇ ਦੇ ਕੁਝ ਸਮੀਕਰਨ ਜਿਹੇ ਵਿਗੜ ਗਏ। ਹੁਣ ਤਕ ਜੋ ਗੱਲਬਾਤ ਹੋਈ ਸੀ ਉਹ ਮੁਖ ਤੌਰ 'ਤੇ ਮੇਰੇ ਸਹੁਰੇ ਨਾਲ਼ ਹੀ ਹੋਈ ਸੀ। ਪਰ ਹੁਣ ਉਸ ਘਰ ਦੇ ਹੋਰ ਮੈਂਬਰ ਮੂਹਰੇ ਆਉਣੇ ਸ਼ੁਰੂ ਹੋ ਗਏ ਸਨ ਤੇ ਗੱਲਬਾਤ ਇਕ ਤਰ੍ਹਾਂ ਨਾਲ ਬਿਲਕੁਲ ਨਵੇਂ ਸਿਰਿਉਂ ਸ਼ੁਰੂ ਕਰਨੀ ਪੈਣੀ ਸੀ। ਮੇਰੀ ਮੰਗੇਤਰ, ਜਿਸ ਦਾ ਨਾਂ ਮਨਜੀਤ ਸੀ, ਦੀਆਂ ਦੋ ਭੈਣਾਂ ਸਨ। ਇਕ ਉਸ ਤੋਂ ਵੱਡੀ ਸੀ ਤੇ ਇਕ ਛੋਟੀ। ਦੋਵੇਂ ਹੀ ਵਿਆਹੀਆਂ ਹੋਈਆਂ ਸਨ। ਭਾਈ (ਭਰਾ) ਕੋਈ ਨਹੀਂ ਸੀ ਤੇ ਮਾਂ ਸਧਾਰਨ ਕਿਸਮ ਦੀ ਔਰਤ ਸੀ। ਸੋ ਵਿਆਹ ਦਾ ਜੋ ਢਮ-ਢਮਾ ਕਰਨਾ ਸੀ ਉਹ ਮੇਰੇ ਸਾਢੂਆਂ (ਸਾਂਢੂਆਂ) ਤੇ ਮਨਜੀਤ ਦੀਆਂ ਭੈਣਾਂ ਨੂੰ ਹੀ ਮੂਹਰੇ ਲਗ ਕੇ ਕਰਨਾ ਪੈਣਾ ਸੀ। ਉਹਨਾਂ ਵਿੱਚੋਂ ਵੀ ਵਿਸ਼ੇਸ਼ ਤੌਰ 'ਤੇ ਵੱਡੇ ਸਾਂਢੂ ਸਾਹਿਬ ਨੂੰ। ਮੇਰੇ ਸਹੁਰੇ ਦੀ ਮੌਤ ਤੋਂ ਬਾਦ ਮੈਂ ਵੀ ਉਸ ਘਰ ਆਮ ਆਉਣ-ਜਾਣ ਲੱਗ ਪਿਆ ਸੀ ਤੇ ਮੇਰੀ ਸਾਰਿਆਂ ਨਾਲ ਚੰਗੀ ਜਾਣ-ਪਹਿਚਾਣ ਹੋ ਗਈ ਸੀ। ਇਸ ਲਈ ਮੈਂ ਬੇਝਿਜਕ ਹੋ ਕੇ ਕਹਿ ਦਿੱਤਾ ਕਿ ਵਿਆਹ ਉਹਨਾਂ ਸ਼ਰਤਾਂ 'ਤੇ ਹੀ ਹੋਏਗਾ ਜੋ ਬਾਪੂ ਜੀ ਨਾਲ਼ ਤਹਿ ਹੋਈਆਂ ਸਨ। ਇਸ ਲਈ ਉਹਨਾਂ ਨੂੰ ਮੰਨਣਾ ਪਿਆ। ਭਾਵੇਂ ਉਨ੍ਹਾਂ ਲਈ ਇਹ ਜ਼ਰਾ ਮੁਸ਼ਕਿਲ ਸੀ ਕਿਉਂਕਿ ਇਕ ਤਾਂ ਉਹਨਾਂ ਨੇ ਆਪਣੇ ਵਿਆਹਾਂ ਵੇਲ਼ੇ ਲੈਣ-ਦੇਣ ਕੀਤਾ ਸੀ ਤੇ ਦੂਜੇ ਸ਼ਾਇਦ ਉਹ ਇਹ ਸਮਝਦੇ ਹੋਣ ਕਿ ਮਤੇ ਦੁਨੀਆਂ ਇਹ ਆਖੇ ਕਿ ਸਾਂਢੂਆਂ ਨੇ ਮੋਹਰੀ ਬਣ ਕੇ ਜਾਣ ਕੇ ਕੁਝ ਨਹੀਂ ਕਰਨ ਦਿੱਤਾ। ਖ਼ੈਰ, ਇਕ ਵਾਰ ਤਾਂ ਉਹ ਮੇਰਾ ਕਿਹਾ ਸਭ ਕੁਝ ਮੰਨ ਗਏ।

ਮੈਂ ਵਿਆਹ ਤਾਂ ਕੁਝ ਚਿਰ ਠਹਿਰ ਕੇ ਕਰਵਾਉਣਾ ਚਾਹੁੰਦਾ ਸੀ, ਇਕ ਤਾਂ ਸਹੁਰਾ ਸਾਹਿਬ ਦੀ ਹੁਣੇ ਹੋਈ ਮੌਤ ਕਰ ਕੇ, ਅਤੇ ਦੂਜੇ ਆਪਣੀ ਖਿੰਡਰੀ-ਪੁੰਡਰੀ ਆਰਥਿਕ ਹਾਲਤ ਕਰ ਕੇ। ਪਰ ਉਸ ਘਰ ਆਮ ਆਉਣ-ਜਾਣ ਤੇ ਵਿੱਚ-ਵਿੱਚ ਮਨਜੀਤ ਨੂੰ ਮਿਲਣ-ਜੁਲਣ ਕਾਰਨ ਸਹੁਰਾ-ਪਰਿਵਾਰ ਅੰਦਰ ਕੋਈ ਡਰ ਜਿਹਾ ਪੈਦਾ ਹੋ ਗਿਆ (ਜਿਹੜਾ ਕਿ ਬਿਲਕੁਲ ਐਨ ਹੀ ਕੁਦਰਤੀ ਸੀ), ਇਸ ਲਈ ਮੈਂ ਵਿਆਹ ਲੇਟ ਪਾਉਣ 'ਤੇ ਜ਼ੋਰ ਨਾ ਪਾ ਸਕਿਆ। ਸੋ ਵਿਆਹ ਦੀ ਮਿਤੀ 6 ਫਰਵਰੀ 1967 ਰੱਖ ਲਈ ਗਈ। ਭਾਵੇਂ ਸਭ ਕੁਝ ਸਾਦ-ਮੁਰਾਦਾ ਹੀ ਕਰਨਾ ਸੀ ਪਰ ਇਹ ਸਾਦ-ਮੁਰਾਦਾ' ਕਰਨ ਲਈ ਵੀ ਮੇਰੇ

ਵਿੱਚ ਸਮਰਥਾ ਨਹੀਂ ਸੀ। ਜ਼ਮੀਨ ਜਿਉਂ-ਦੀ-ਤਿਉਂ ਗਹਿਣੇ ਪਈ ਹੋਈ ਸੀ ਤੇ ਘਰ ਸਿਰ ਅੱਠ ਹਜ਼ਾਰ ਦਾ ਕਰਜ਼ਾ ਵੀ ਉਵੇਂ-ਦਾ-ਉਵੇਂ ਹੀ ਮੂੰਹ ਟੱਡੀਂ ਖੜ੍ਹਾ ਸੀ। ਤੇ ਉਹਨਾਂ ਦਿਨਾਂ ਵਿੱਚ ਸਾਡੇ ਘਰ ਵਰਗੇ ਕਿਸਾਨੀ ਪਰਿਵਾਰ ਲਈ ਅੱਠ ਹਜ਼ਾਰ ਦਾ ਕਰਜ਼ਾ ਲਾਹੁਣਾ ਖ਼ਾਲ਼ਾ ਜੀ ਦਾ ਵਾੜਾ' ਨਹੀਂ ਸੀ। ਹੁਣ ਹੋਰ ਕਰਜ਼ਾ ਚੁੱਕਣ ਦੀ ਮੂਰਖਤਾ ਮੈਂ ਨਹੀਂ ਸੀ ਕਰ ਸਕਦਾ। ਇਸ ਲਈ ਹਰ ਪਾਸਿਉਂ ਹੀ ਮੈਂ ਵੱਧ ਤੋਂ ਵੱਧ ਮੁੱਠੀ ਘੁੱਟਣ ਦੀ ਕੋਸ਼ਿਸ਼ ਕੀਤੀ। ਵਿਆਹ ਸਿਆਲ ਦੀ ਰੁੱਤ ਦਾ ਸੀ। ਜੇ ਬਹੁਤਾ ਨਹੀਂ ਤਾਂ ਘੱਟੋ ਘੱਟ ਵਿਆਹ ਵੇਲੇ ਇਕ ਗਰਮ ਕੋਟ-ਪੈਂਟ ਦੀ ਲੋੜ ਤਾਂ ਹੈ ਹੀ ਸੀ। ਇਸ ਸਬੰਧੀ ਮੈਂ ਆਪਣੇ ਇੱਕ ਪ੍ਰੋਫੈਸਰ-ਮਿੱਤਰ ਐਸ.ਪੀ. ਸਭਰਵਾਲ, ਜਿਸ ਨੇ ਨਵਾਂ-ਨਵਾਂ ਗਰਮ ਸੂਟ ਸੰਵਾਇਆ ਸੀ, ਬੇਨਤੀ ਕੀਤੀ ਕਿ ਉਹ ਮੇਰੀ ਖ਼ਾਤਰ ਮੇਰੇ ਵਿਆਹ ਤਕ ਆਪਣਾ ਨਵਾਂ ਸੂਟ ਨਾ ਪਹਿਣੇ ਅਤੇ ਵਿਆਹ ਦੇ ਦੋ-ਤਿੰਨ ਦਿਨਾਂ ਲਈ ਇਹ ਮੈਨੂੰ ਦੇ ਦੇਵੇ। ਭਲਾ ਹੋਵੇ ਪ੍ਰੋਫੈਸਰ ਸਭਰਵਾਲ ਦਾ, ਉਸ ਭੱਦਰ ਪੁਰਸ਼ ਨੇ ਮੇਰੇ ਵਾਸਤੇ ਇਹ ਕੁਰਬਾਨੀ ਕਰ ਹੀ ਦਿੱਤੀ। ਘਰੇ ਮਾਂ ਦਬਾਅ ਪਾਉਣ ਲਗੀ ਕਿ ਉਸਦੇ ਕਹੇ ਤੋਂ ਹੋਰ ਕੁਸ਼ ਭਾਵੇਂ ਕਰਾਂ ਜਾਂ ਨਾ ਕਰਾਂ ਪਰ ਬਹੂ' ਲਈ ਘੱਟੋ ਘੱਟ ਇਕ ਸ਼ਗਨਾਂ ਦਾ ਸੂਟ ਜ਼ਰੂਰ ਬਣਾ ਕੇ ਲੈ ਜਾਵਾਂ। ਇਥੇ ਮਾਂ ਦੇ ਜਜ਼ਬਾਤ ਮੂਹਰੇ ਆ ਖੜੋਤੇ। ਮਾਂ ਹੀ ਘਰ ਵਿੱਚ ਇੱਕਲਾ ਇਕ ਅਜਿਹਾ ਜੀਅ ਸੀ ਜੋ ਪੜ੍ਹਾਈ ਲਈ ਮੈਨੂੰ ਹੱਲਾ-ਸ਼ੇਰੀ ਦਿੰਦੀ ਰਹੀ ਸੀ ਤੇ ਮੇਰੀ ਪੜ੍ਹਾਈ ਲਈ ਉਸਨੇ ਕਿਹੜੀਆਂ-ਕਿਹੜੀਆਂ ਮੁਸੀਬਤਾਂ ਦਾ ਸਾਹਮਣਾ ਨਹੀਂ ਸੀ ਕੀਤਾ? ਹੁਣ ਵਿਆਹ ਦੇ ਪੁੱਠੇ' ਰੰਗਾਂ-ਢੰਗਾਂ ਵਿੱਚ ਵੀ ਉਹ ਬਚਾਰੀ ਕੋਈ ਦਖ਼ਲ-ਅੰਦਾਜ਼ੀ ਨਹੀਂ ਸੀ ਕਰ ਰਹੀ। ਹੁਣ ਮੈਂ ਮਾਂ ਦੇ ਐਨੇ ਕੁ ਜਜ਼ਬਾਤਾਂ ਦਾ ਵੀ ਖ਼ਿਆਲ ਨਾ ਰੱਖਾਂ? ਲਾਹਣਤ ਐ ਮੇਰੇ ਅਜਿਹੇ ਪੁੱਤ ਹੋਣ 'ਤੇ। ਇਹ ਖ਼ਿਆਲ ਮੇਰੇ 'ਤੇ ਭਾਰੂ ਹੋ ਗਿਆ। ਤੇ ਮੈਂ ਮਾਂ ਦੇ ਜਜ਼ਬਾਤ ਦਾ ਖ਼ਿਆਲ' ਇਸ ਸ਼ਰਤ 'ਤੇ ਰੱਖਿਆ ਕਿ ਸੂਟ ਖ਼ਰੀਦਿਆ ਨਹੀਂ, ਸਗੋਂ ਇਧਰੋਂ-ਉਧਰੋਂ ਉਧਾਰਾ ਫੜ ਕੇ ਸਾਰ ਲਿਆ ਜਾਵੇਗਾ। ਸੂਟ ਦਾ ਕੋਈ ਦਿਖਾਵਾ ਨਹੀਂ ਹੋਵੇਗਾ ਅਤੇ ਇਹ ਬਾਦ ਵਿਚ ਕੁੜੀ ਵਾਲਿਆਂ ਤੋਂ ਵਾਪਿਸ ਲੈ ਲਿਆ ਜਾਵੇਗਾ। ਮਾਂ ਬਚਾਰੀ ਇਸ 'ਤੇ ਵੀ ਮੰਨ ਗਈ ਸੀ ਹਾਲਾਂ-ਕਿ, ਅੱਜ ਮੈਂ ਸੋਚਦਾ ਹਾਂ ਕਿ ਇਹ ਘਟੀਆ' ਜਿਹੀ ਗੱਲ ਸੀ (ਆਰਥਿਕ ਮਜਬੂਰੀਆਂ ਦੇ ਮਾਰੇ ਬੰਦਿਆਂ ਨੂੰ ਅਜਿਹੀਆਂ ਘਟੀਆ' ਗੱਲਾਂ ਅਕਸਰ ਕਰਨੀਆਂ ਪੈ ਜਾਂਦੀਆਂ ਹਨ)। ਚਿਕਨ ਟੈਰਾਲੀਨ' ਦਾ ਇਹ ਸੂਟ ਮੈਂ ਰਿਸ਼ਤੇਦਾਰੀ ਵਿੱਚੋਂ ਲਗਦੀ ਆਪਣੀ ਇਕ ਭਾਣਜ-ਨੂੰਹ ਤੋਂ ਲੈ ਕੇ ਆਇਆ। ਪਿਛਲੇ ਅਠਾਈ-ਤੀਹ ਸਾਲਾਂ ਵਿੱਚ ਸਾਡੇ ਘਰ ਕੋਈ ਵਿਆਹ ਨਹੀਂ ਸੀ ਹੋਇਆ। ਮੇਰੇ ਵਿਆਹ ਤੋਂ ਪਹਿਲਾਂ ਘਰ ਵਿੱਚ ਮੇਰੇ ਬਾਪੂ ਜੀ ਦਾ ਵਿਆਹ ਹੋਇਆ ਸੀ। ਇਸ ਲਈ ਹੁਣ ਤੱਕ ਅਸੀਂ ਰਿਸ਼ਤੇਦਾਰੀਆਂ ਅਤੇ ਭਾਈਚਾਰੇ ਦੇ ਵਿਆਹਾਂ ਵਿੱਚ ਦੂਜਿਆਂ ਨੂੰ ਦਿੱਤਾ ਹੀ ਦਿੱਤਾ ਸੀ, ਕਿਸੇ ਤੋਂ ਲੈਣ ਦਾ ਕਦੇ ਮੌਕਾ ਨਹੀਂ ਸੀ ਆਇਆ। ਹੁਣ ਲੈਣ ਦੀ ਵਾਰੀ ਸੀ। ਸਾਰੇ ਪਰਿਵਾਰ ਦੀ ਅੰਦਰੇ-ਅੰਦਰ ਇੱਛਾ ਸੀ ਕਿ ਸਾਰੀਆਂ ਚਾੜ੍ਹੀਆਂ ਬਿੜ੍ਹੀਆਂ ਉਤਾਰ ਲਈਆਂ



ਜਾਣ। ਪਰ ਮੇਰੇ ਕਮਲਪੁਣੇ' ਮੂਹਰੇ ਬੋਲਣ ਦੀ ਕਿਸੇ ਦੀ ਹਿੰਮਤ ਨਹੀਂ ਸੀ ਪੈ ਰਹੀ। ਮੈਂ ਸਾਰੇ ਰਿਸ਼ਤੇਦਾਰਾਂ ਨੂੰ ਚਿੱਠੀਆਂ ਪਾ ਜਾਂ ਸਨੇਹੇ ਭੇਜ ਦਿੱਤੇ ਕਿ ਵਿਆਹ ਅਤੀ ਸਾਦਾ ਹੋ ਰਿਹਾ ਹੈ। ਕਿਰਪਾ ਕਰ ਕੇ ਵਿਆਹ ਵਿੱਚ ਆਪਜੀ ਦੇ ਪਰਿਵਾਰ ਦਾ ਇਕੋ ਜੀਅ ਆਵੇ। ਕਿਸੇ ਤਰ੍ਹਾਂ ਦਾ ਕੋਈ ਕਪੜਾ-ਲੀੜਾ ਲਿਆਉਣ ਦੀ ਖ਼ੇਚਲ ਨਾ ਕੀਤੀ ਜਾਵੇ ਅਤੇ ਨਾ ਹੀ ਇਥੋਂ ਲੈ ਕੇ ਜਾਣ ਦੀ ਇੱਛਾ ਤੇ ਆਸ ਨਾਲ ਆਵੇ। ਅੰਤ ਵਿੱਚ ਇਹ ਵੀ ਲਿਖ ਦਿੱਤਾ ਕਿ ਜੇ ਕਿਸੇ ਭਾਈ-ਭੈਣ ਨੂੰ ਇਹ ਗੱਲਾਂ ਪਸੰਦ ਨਾ ਆਉਂਦੀਆਂ ਹੋਣ ਉਹ ਬੇਸ਼ਕ ਇਸ ਵਿਆਹ ਵਿੱਚ ਸ਼ਰੀਕ ਹੋ ਕੇ ਆਪਣਾ ਚਿੱਤ ਭੈੜਾ ਨਾ ਕਰਨ।ਬਨਵਿਆਹ ਲਈ ਨਾ ਹੀ ਮੈਂ ਮਿਠਿਆਈ ਬਣਵਾਈ। ਸਿਰਫ ਇਕ ਡੱਬਾ ਸ਼ਹਿਰੋਂ ਮੁੱਲ ਲਿਆ ਸੀ। ਉਹ ਵੀ ਸਹੁਰੇ-ਪਰਿਵਾਰ ਵੱਲੋਂ ਬਹੂ' ਨਾਲ ਲਿਆਉਣ ਵਾਲੇ ਉਸ ਦੇ ਗੱਡੀ ਵਾਲਿਆਂ' ਵਾਸਤੇ। ਮੈਂ ਐਲਾਨ' ਕਰ ਦਿੱਤਾ ਕਿ ਬਾਜਰੇ ਦੀ ਰੋਟੀ ਤੇ ਸਾਗ ਤੋਂ ਬਿਨਾ ਹੋਰ ਕੁਝ ਨਹੀਂ ਚਲੇਗਾ। ਸਭ ਨੇ ਮੇਰੀ ਇਸ ਮੂਰਖਤਾ' ਅੱਗੇ ਹਥਿਆਰ ਸੁੱਟ ਦਿੱਤੇ। ਜੰਞ ਲਈ ਮੈਂ ਦੋ ਕਾਰਾਂ ਕਰਾਏ 'ਤੇ ਕੀਤੀਆਂ (ਬਾਦ ਵਿੱਚ ਮੈਂ ਇਹ ਵੀ ਸੋਚਦਾ ਰਿਹਾ ਕਿ ਇਕ ਕਾਰ ਵਾਧੂ ਕਰ ਕੇ ਗਲਤੀ ਕੀਤੀ ਸੀ)? ਜੰਞ ਵਿਚ ਅਸੀਂ ਕੁਲ ਸੱਤ ਜਣੇ ਗਏ- ਚਾਰ ਮੇਰੇ ਦੋਸਤ, ਇੱਕ ਸ਼ਰੀਕੇ ਵਿੱਚੋਂ ਚਾਚਾ ਜੀ, ਇਕ ਵਿਚੋਲਾ ਅਤੇ ਸਤਵਾਂ ਮੈਂ। ਨਾ ਬਾਪੂ ਨਾ ਤਾਇਆ ਤੇ ਨਾ ਹੀ ਭਾਈ।

ਮੇਰੇ ਸਹੁਰੇ-ਪਰਿਵਾਰ ਨਾ ਜੱਦੀ ਸੰਬੰਧ ਤਾਂ ਜ਼ਿਲਾ ਬਠਿੰਡੇ ਦੇ ਪਿੰਡ ਦਾਨ ਸਿੰਘ ਵਾਲਾ ਨਾਲ ਸੀ ਪਰ ਬਾਦ ਵਿੱਚ ਨੌਕਰੀ ਦੇ ਕਾਰਨ ਮੇਰੇ ਸਹੁਰੇ ਨੇ ਬਠਿੰਡੇ ਮਕਾਨ ਖ਼ਰੀਦ ਕੇ ਉਥੇ ਹੀ ਕਾਫ਼ੀ ਚਿਰ ਤੋਂ ਪੱਕੀ ਰਿਹਾਇਸ਼ ਕੀਤੀ ਹੋਈ ਸੀ। ਬਠਿੰਡਾ ਮੇਰੇ ਪਿੰਡ ਕਿਸ਼ਨਗੜ੍ਹ ਫਰਵਾਹੀ ਤੋਂ ਕੋਈ 70 ਕਿਲੋਮੀਟਰ ਹੈ। ਮੇਰੇ ਵੱਡੇ ਸਾਂਢੂ ਨੇ ਮੈਨੂੰ ਤਾੜਨਾ ਕੀਤੀ ਸੀ ਕਿ ਅਸੀਂ ਹਰ ਹਾਲਤ ਵਿੱਚ ਸਵੇਰੇ ਅੱਠ ਵਜੇ ਬਠਿੰਡੇ ਪਹੁੰਚ ਜਾਈਏ, ਉਹ ਠੀਕ 8 ਵਜੇ ਰਾਜਿੰਦਰਾ ਕਾਲਜ ਕੋਲ਼ ਸਾਡੇ ਸਵਾਗਤ ਲਈ ਖੜ੍ਹੇ ਹੋਣਗੇ। ਅਸੀਂ 8 ਵਜਣ ਤੋਂ ਕੋਈ ਪੰਦਰਾਂ-ਵੀਹ ਮਿੰਟ ਪਹਿਲਾਂ ਹੀ ਨਿਸ਼ਚਿਤ ਕੀਤੀ ਥਾਂ 'ਤੇ ਪਹੁੰਚ ਗਏ ਪਰ ਸਾਡੇ ਸਵਾਗਤ ਲਈ ਉਥੇ ਕੋਈ ਨਹੀਂ ਸੀ। ਕੋਈ ਪੌਣਾ ਘੰਟਾ ਅਸੀਂ ਉਥੇ ਖੜ੍ਹੇ ਉਡੀਕਦੇ ਰਹੇ ਪਰ ਕੋਈ ਨਾ ਪਹੁੰਚਿਆ। ਅਖ਼ੀਰ ਵਿਚੋਲੇ ਨੇ ਜਾ ਕੇ ਖ਼ਬਰ ਕੀਤੀ। ਫੇਰ ਸਵਾਗਤ-ਕਰਤਾ' ਜੁੱਤੀਆਂ ਘਸੀਟਦੇ ਭੱਜੇ ਭੱਜੇ ਆਏ। ਉਹ ਸਾਨੂੰ ਇਕ ਨਿੱਕੀ ਜਿਹੀ ਥ੍ਹਾਈ (ਧਰਮਸ਼ਾਲਾ) ਵਿੱਚ ਲੈ ਗਏ। ਚਾਹ-ਪਾਣੀ ਪੀਣ ਤੋਂ ਬਾਅਦ ਅਸੀਂ ਆਨੰਦ-ਕਾਰਜ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿੱਚ ਜਾ ਬੈਠੇ। ਜਦੋਂ ਮੈਂ ਮੱਥਾ ਟੇਕ ਕੇ ਗਦੈਲੇ ਉਥੇ ਬੈਠਿਆ ਤਾਂ ਬੈਠਣ ਤੋਂ ਬਾਦ ਮੈਨੂੰ ਚੇਤਾ ਆਇਆ ਕਿ ਬੈਠਣ ਤੋਂ ਪਹਿਲਾਂ ਮੈਨੂੰ ਆਪਣੇ ਮੰਗਵੇਂ ਕੋਟ ਦਾ ਲਾਇਆ ਬਟਣ ਖੋਲ੍ਹ ਲੈਣਾ ਚਾਹੀਦਾ ਸੀ। ਕੋਟ ਕਾਫੀ ਤੰਗ ਹੋਣ ਕਾਰਨ ਉਸ ਵਿੱਚ ਮੇਰਾ ਢਿਡ ਕਸਿਆ ਗਿਆ ਸੀ। (ਭਾਵੇਂ ਉਹਨਾਂ ਦਿਨਾਂ ਵਿੱਚ ਮੈਂ ਵੀ ਕਾਫੀ ਪਤਲਾ ਸੀ ਪਰ ਪ੍ਰੋਫੈਸਰ ਸਭਰਵਾਲ ਮੇਰੇ ਨਾਲੋਂ ਵੀ ਵੱਧ 'ਗਜ਼ੀ ਪਹਿਲਵਾਨ' ਸੀ)। ਹੌਲੀ-ਹੌਲੀ ਕਿਸੇ ਬਹਾਨੇ ਕਿਵੇਂ-ਨਾ-ਕਿਵੇਂ ਬੱਟਣ ਖੋਲ੍ਹਿਆ ਤੇ ਢਿਡ ਦੀ ਕਸ-ਕਸਾਈ ਦੀ ਮੁਸੀਬਤ ਤੋਂ ਖਹਿੜਾ ਛਡਾਇਆ।ਅਨੰਦ-ਕਾਰਜ ਉਂਝ ਤਾਂ ਠੀਕ-ਠਾਕ ਹੋ ਗਏ ਪਰ ਪਤਾ ਨਹੀਂ ਕਿਵੇਂ ਅਰਦਾਸ ਕਰਨ ਵੇਲੇ ਭਾਈ ਜੀ ਤੋਂ ਕਾਕਾ ਅਜਮੇਰ ਸਿੰਘ ਸਪੁੱਤਰ ਸ. ਕੌਰ ਸਿੰਘ ਦੀ ਥਾਂ ਕਾਕਾ ਕੌਰ ਸਿੰਘ ਸਪੁੱਤਰ ਸ. ਅਜਮੇਰ ਸਿੰਘ' ਕਿਹਾ ਗਿਆ। ਭੁੱਲ-ਚੁੱਕ' ਦੀ ਇਹ 'ਸੋਧ' ਵੀ ਕਿਸੇ ਭਲੇ-ਮਾਣਸ ਨੇ ਨਾ ਕਰਵਾਈ। (ਸ਼ੁਕਰ ਐ ਮੈਂ ਬਾਪੂ ਜੀ ਨੂੰ ਨਾਲ ਨਹੀਂ ਸੀ ਲੈ ਕੇ ਆਇਆ) ਪਿੱਛੇ ਬੈਠੇ। ਮੇਰੇ ਜਾਨੀ (ਜਾਵੀਂ) ਪ੍ਰੋਫੈਸਰ-ਮਿੱਤਰ ਤਾਂ ਮੁਸਕੜੀਏ ਹੱਸਣ ਵੀ ਲੱਗ ਪਏ ਤੇ ਬਾਦ ਵਿੱਚ ਕਿੰਨਾ ਚਿਰ ਮੈਨੂੰ ਮਖ਼ੌਲ ਕਰ-ਕਰ ਸੁਆਦ ਵੀ ਲੈਂਦੇ ਰਹੇ।

ਖ਼ੈਰ ਜੀ, ਇਸ ਭੁੱਲ-ਚੁੱਕ' ਦੇ ਬਾਵਜੂਦ ਮੈਂ ਤੇ ਮਨਜੀਤ ਅੱਜ ਤੱਕ ਸਮਾਜ ਵੱਲੋਂ ਪਤੀ-ਪਤਨੀ ਦੇ ਤੌਰ 'ਤੇ ਪਰਵਾਨ ਕੀਤੇ ਇਕੱਠੇ ਰਹਿੰਦੇ ਤੁਰੇ ਆ ਰਹੇ ਹਾਂ।ਸਭ ਕੁਝ ਸੁੱਖੀਂ-ਸਾਂਦੀਂ ਨੇਪਰੇ ਚੜ੍ਹ ਗਿਆ। ਪਰ ਸਾਡੇ ਵਿਦਾ ਹੋਣ ਤੋਂ ਕੁਝ ਚਿਰ ਪਹਿਲਾਂ ਇਕ ਝੰਝਟ ਖੜ੍ਹਾ ਹੋ ਗਿਆ। ਮੇਰਾ ਵੱਡਾ ਸਾਂਢੂ ਮੇਰੇ ਕੋਲ ਆ ਕੇ ਕਹਿਣ ਲੱਗਾ, ਕਿਸੇ ਟੈਂਪੂ-ਟਰਾਲੀ' ਦਾ ਪ੍ਰਬੰਧ ਕਰ।' ਮੈਨੂੰ ਗੱਲ ਸਮਝ ਨਾ ਆਈ। ਹਰਾਨ ਜਿਹਾ ਹੁੰਦਿਆਂ ਮੈਂ ਪੁੱਛਿਆ, ਕਿਉਂ?' ਕਿਉਂ ਕੀ, ਸਮਾਨ ਨੀ ਲਜਾਣਾ ਆਪਣਾ?' ਸਾਂਢੂ ਨੇ ਹੁਕਮੀਆ ਲਹਿਜ਼ੇ ਵਿੱਚ ਜਵਾਬ ਦਿੱਤਾ। ਮੈਂ ਸਭ ਕੁਝ ਸਮਝ ਗਿਆ ਤੇ ਸਖ਼ਤ ਤੇ ਗੁਸੈਲੇ ਲਹਿਜ਼ੇ ਵਿੱਚ ਇਨਕਾਰ ਕਰਦਿਆਂ ਕਿਹਾ, ਮੈਂ ਕੋਈ ਸਮਾਨ-ਸਮੂਨ ਨੀ ਲੈ ਕੇ ਜਾਣਾ! ਲੱਖ ਵਾਰੀ ਕਹਿਣ 'ਤੇ ਵੀ ਥੋਡੇ ਦਿਮਾਗ ਵਿੱਚ ਨੀ ਪਈ!!? ਹੱਦ ਹੋ-ਗੀ ਥੋਡੇ ਵਾਲੀ ਵੀ!' ਪਰ ਸਾਂਢੂ ਤਾਂ ਬਚਾਰਾ ਉਵੇਂ ਸਟੈਂਡ ਲੈ ਰਿਹਾ ਸੀ ਜਿਵੇਂ ਉਸਨੂੰ ਅੰਦਰੋਂ ਸਮਝਾਇਆ' ਗਿਆ ਸੀ। ਇਸ ਲਈ ਆਪਣੇ ਸਟੈਂਡ 'ਤੇ ਅੜਿਆ ਰਿਹਾ ਤੇ ਬੋਲਿਆ, ਸਮਾਨ ਤਾਂ ਥੋਨੂੰ ਲਜਾਣਾ ਪਊ ਜਦ ਥੋਡੇ ਵਾਸਤੇ ਈ ਬਣਾਇਐ। ਬੜਾ ਰਫੜ ਖੜਾ ਹੋਇਆ। ਕਿਹੋ ਜਿਹੇ ਬੰਦਿਆਂ ਨਾਲ ਵਾਹ ਪੈ ਗਿਆ ਅਜਮੇਰ ਸਿਆਂ ਤੇਰਾ! ਵਿਚੋਲੇ ਤਾਏ ਅਮਰ ਸਿੰਘ ਨਾਲ ਗੱਲ ਕੀਤੀ ਤਾਂ ਉਹ ਕਹਿਣ ਲੱਗਾ, ਤੈਨੂੰ ਤਾਂ ਇਹ ਕੁਸ਼ ਨੀ ਦੇ ਰਹੇ, ਨਾ ਸਾਇਕਲ, ਨਾ ਘੜੀ, ਅਤੇ ਨਾ ਹੀ ਕੋਈ ਸੂਟ-ਬੂਟ। ਨਾ ਘਰ ਦੇ ਜਾਂ ਕਿਸੇ ਰਿਸ਼ਤੇਦਾਰ ਵਾਸਤੇ ਕੋਈ ਹੋਰ ਚੀਜ਼। ਇਹ ਤਾਂ ਕੁੜੀ ਲਈ ਨੇ ਪੰਜ-ਛੀ ਬਿਸਤਰੇ ਜੇ। ਹੁਣ ਧੀ ਆਲੇ ਆਪਣੀ ਧੀ ਨੂੰ ਵੀ ਨਾ ਕੁਸ਼ ਦੇਣ?' ਪਰ ਮੈਂ ਆਪਣੀ ਹਿੰਡ ਨਾ ਛੱਡੀ ਸਗੋਂ ਗੁੱਸੇ ਵਿਚ ਕਿਹਾ, ਕਿਉਂ ਸਾਡੇ ਘਰ ਇਹਨਾਂ ਦੀ ਕੁੜੀ ਨੂੰ ਬਿਸਤਰੇ ਨੀ ਮਿਲਣਗੇ?' (ਹਾਲਾਂ-ਕਿ ਮੈਨੂੰ ਪਤਾ ਸੀ ਇਹੋ-ਜਿਹੇ ਨਵੇਂ ਨਕੋਰ ਬਿਸਤਰੇ ਸੱਚ-ਮੁੱਚ ਸਾਡੇ ਘਰ ਨਹੀਂ ਸਨ) ਵਾਹਵਾ ਰੌਲ਼ਾ-ਰੱਪਾ ਪੈਂਦਾ ਰਿਹਾ। ਥੋੜੇ ਚਿਰ ਪਿੱਛੋਂ ਮੈਨੂੰ ਅੰਦਰੋਂ ਸੁਨੇਹਾ ਆਇਆ। ਇਹ ਸੁਨੇਹਾ ਮੇਰੀ ਜੀਵਨ ਸਾਥਨ ਮਨਜੀਤ ਦਾ ਸੀ। ਉਸਨੇ ਮੈਨੂੰ ਦੱਸਿਆ, ਇਹਨਾਂ ਬਿਸਤਰਿਆਂ ਨਾਲ ਮੇਰੇ ਘਰਦਿਆਂ ਦਾ ਕੋਈ ਲਾਗਾ-ਦੇਗਾ ਨਹੀਂ; ਇਹ ਮੈਂ ਆਪਣੀ ਤਨਖਾਹ ਵਿੱਚੋਂ ਆਪ ਬਣਾਏ ਹਨ। ਇਹ ਮੈਂ ਬੜੀ ਰੀਝ ਨਾਲ ਬਣਾਏ ਹਨ, ਪਲੀਜ਼ ਤੁਸੀਂ ਇਨ੍ਹਾਂ ਤੋਂ ਇਨਕਾਰ ਨਾ ਕਰੋ। ਵਿਆਹ ਤੋਂ ਪਹਿਲਾਂ ਕਈ ਵਾਰ ਮਿਲਣ ਕਰ ਕੇ ਮਨਜੀਤ ਵੱਲ ਮੈਂ ਖ਼ਾਸਾ ਖਿੱਚਿਆ-ਜਿਹਾ ਗਿਆ ਸਾਂ, ਇਸ ਲਈ ਮੈਂ ਹਥਿਆਰ ਸੁੱਟ ਦਿੱਤੇ। ਬਿਸਤਰਿਆਂ ਵਾਲੀ ਉਹ ਪੇਟੀ ਮੈਨੂੰ ਲਿਆਉਣੀ ਪਈ। ਉਹਨਾਂ ਦਿਨਾਂ ਵਿਚ ਮੇਰੇ ਵਿਆਹ ਉਤੇ ਕੁਲ ਸਾਢੇ ਸੱਤ ਸੌ ਰੁਪਏ ਖ਼ਰਚ ਆਏ ਸਨ। ਇਹਨਾਂ ਵਿੱਚ ਵੀ, ਮੇਰੇ ਅਨੁਸਾਰ ਮੇਰੇ ਕੋਲ ਦੋ ਫ਼ਜ਼ੂਲ-ਖਰਚੀਆਂ ਹੋ ਗਈਆਂ ਸਨ: ਇਕ ਤਾਂ, ਇਕ ਕਾਰ ਵੱਧ ਕਰਨ ਦੀ, ਅਤੇ ਦੂਜੀ ਬਿਸਤਰਿਆਂ ਵਾਲਾ ਸੰਦੂਕ ਲਿਆਉਣ ਵਾਸਤੇ ਕਿਰਾਏ 'ਤੇ ਇਕ ਟਰੱਕ ਕਰਨ ਦੀ। ਮੇਰੀ ਮੰਗਣੀ ਤੇ ਮੇਰੇ ਵਿਆਹ ਨਾਲ ਜੁੜੀਆਂ ਮੇਰੀਆਂ ਦੋ ਨਮੋਸ਼ੀਆਂ ਜਾਂ ਕਮਜ਼ੋਰੀਆਂ ਅੱਜ ਵੀ ਮੇਰੀ ਜ਼ਮੀਰ ਦੇ ਕਿਸੇ ਕੋਨੇ ਵਿੱਚੋ ਸਿਰ ਚੁੱਕ ਕੇ ਮੇਰੇ ਸਾਹਮਣੇ ਆ ਖੜੋਂਦੀਆਂ ਹਨ: ਪਹਿਲੀ ਸਿਉਨੇ ਦੀ ਮੋਹਰ ਵਾਪਿਸ ਨਾ ਕਰਨ ਦੀ, ਅਤੇ ਦੂਜੀ ਬਿਸਤਰਿਆਂ ਵਾਲਾ ਸੰਦੂਕ ਲੈ ਕੇ ਆਉਣ ਦੀ। ਪਰ ਫਿਰ ਵੀ ਜਦ ਮੈਂ ਸਮੁੱਚੇ ਤੌਰ 'ਤੇ ਆਪਣੇ ਵਿਆਹ ਦੀਆਂ ਘਟਨਾਵਾਂ ਆਪਣੇ ਮਨ ਵਿੱਚ ਚਿਤਵਦਾ ਹਾਂ ਤਾਂ ਮੈਨੂੰ ਇਕ ਅਜੀਬ-ਜਿਹੀ ਰੂਹਾਨੀਅਤ ਅਹਿਸਾਸ ਹੁੰਦਾ ਹੈ।

(ਸੀਰਤ ਮੈਗਜ਼ੀਨ ਤੋਂ ਧੰਨਵਾਦ ਸਹਿਤ)

# ਬਾਦਲਾਂ ਦੀ ਸ਼ਰੀਕੇਬਾਜ਼ੀ ਦਿਨੋਂ ਦਿਨ ਸਿਖ਼ਰ ਵਲ

## *ਚਚੇਰੇ ਭਰਾਵਾਂ ਦੀ 'ਸਿਆਸੀ ਜੰਗ' ਨੂੰ ਭੋਰਾ ਵੀ ਨਹੀਂ ਸਮਾਜਿਕ ਮਿਆਰਾਂ ਦੀ ਸ਼ਰਮ*

**ਚੰਡੀਗੜ੍ਹ/ਬਿਊਰੋ ਨਿਊਜ਼**, ਚਚੇਰੇ ਭਰਾਵਾਂ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਚਕਾਰ ਚੱਲ ਰਹੀ ਸ਼ਬਦੀ ਜੰਗ ਨੇ ਸਿਆਸੀ ਹਲਕਿਆਂ ਨੂੰ ਹੈਰਾਨ ਕਰ ਦਿੱਤਾ ਹੈ। ਵਿਧਾਨ ਸਭਾ ਦੇ ਹੁਣੇ ਖ਼ਤਮ ਹੋਏ ਬਜਟ ਸੈਸ਼ਨ ਦੌਰਾਨ ਬਜਟ ਉਪਰ ਬਹਿਸ ਅਤੇ ਸਦਨ ਵਿੱਚ ਬੋਲਣ ਦੇ ਕਈ ਮੌਕਿਆਂ 'ਤੇ ਵਿੱਤ ਮੰਤਰੀ ਨੇ ਸੁਖਬੀਰ ਸਿੰਘ ਬਾਦਲ ਬਾਰੇ ਕਈ ਫਿਕਰੇ ਕੱਸੇ। ਵਿੱਤ ਮੰਤਰੀ ਵੱਲੋਂ ਅਕਾਲੀ ਦਲ ਦੇ ਪ੍ਰਧਾਨ ਨੂੰ 'ਠਿੱਠ' ਕਰਨ ਲਈ ਵਰਤੀ ਸ਼ਬਦਾਵਲੀ ਦੇ ਜਵਾਬ ਵਿੱਚ ਅੱਜ ਛੋਟੇ ਬਾਦਲ ਨੇ ਵੀ ਆਪਣੇ ਚਚੇਰੇ ਭਰਾ ਬਾਰੇ ਤਿੱਖੀਆਂ ਟਿੱਪਣੀਆਂ ਕੀਤੀਆਂ। ਅਕਾਲੀ ਦਲ ਦੇ ਪ੍ਰਧਾਨ ਨੇ ਇੱਥੋਂ ਤੱਕ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਨੇ ਪਹਿਲਾਂ ਅਕਾਲੀ ਸਰਕਾਰ ਨੂੰ ਖ਼ਤਰੇ ਵਿੱਚ ਪਾਇਆ ਸੀ ਤੇ ਹੁਣ ਕਾਂਗਰਸ ਨੂੰ ਵੀ ਕਈ ਤਰ੍ਹਾਂ ਦੇ ਖ਼ਤਰੇ ਖੜ੍ਹੇ ਕਰੇਗਾ। ਸੁਖਬੀਰ ਸਿੰਘ ਬਾਦਲ ਜਦੋਂ ਵਿੱਤ ਮੰਤਰੀ ਸਬੰਧੀ ਗੱਲਬਾਤ ਕਰ ਰਹੇ ਸਨ ਤਾਂ ਉਨ੍ਹਾਂ ਦੇ ਲਹਿਜ਼ੇ ਵਿੱਚੋਂ 'ਸ਼ਰੀਕੇਬਾਜ਼ੀ' ਸਪੱਸ਼ਟ ਝਲਕ ਰਹੀ ਸੀ। ਸਾਬਕਾ ਉਪ ਮੁੱਖ ਮੰਤਰੀ ਨੇ ਕਿਹਾ "ਮਨਪ੍ਰੀਤ ਦੀ ਅੱਖ ਤਾਂ ਬੱਸ ਮੁੱਖ ਮੰਤਰੀ ਦੀ ਕੁਰਸੀ ਉਤੇ ਹੈ ਅਤੇ ਉਹ ਤਾਂ ਕੁਰਸੀ ਖਾਲੀ ਹੋਣ ਦੀ ਤਾਕ ਵਿੱਚ ਹੈ।" ਹਾਲਾਂਕਿ ਸੁਖਬੀਰ ਬਾਦਲ ਨੇ ਆਪਣੇ ਸੰਬੋਧਨ ਵਿੱਚ ਵਿੱਤ ਮੰਤਰੀ ਨੂੰ ਕਈ ਵਾਰੀ 'ਮੇਰਾ ਭਰਾ' ਆਖ ਕੇ ਸੰਬੋਧਨ ਵੀ ਕੀਤਾ ਅਤੇ ਕਿਹਾ "ਆਖਰ ਹੈ ਤਾਂ ਸਾਡਾ ਖ਼ੂਨ ਹੀ।" ਮੀਡੀਆ ਨਾਲ ਰੂ-ਬ-ਰੂ ਹੋ ਕੇ ਉਨ੍ਹਾਂ ਵਿੱਤ ਮੰਤਰੀ ਨੂੰ



ਬਜਟ ਦੇ ਬਹਾਨੇ ਨਿਸ਼ਾਨਾ ਬਣਾਇਆ।

ਸੁਖਬੀਰ ਸਿੰਘ ਬਾਦਲ ਨੇ ਆਪਣੇ ਚਚੇਰੇ ਭਰਾ ਬਾਰੇ ਇੱਥੋਂ ਤੱਕ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਵੱਲੋਂ ਬਜਟ ਵਿੱਚ ਗਲਤ ਤੱਥ ਪੇਸ਼ ਕੀਤੇ ਗਏ ਹਨ। ਇਸ ਲਈ ਵਿੱਤ ਮੰਤਰੀ ਨੂੰ ਤੁਰੰਤ ਬਰਖਾਸਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 2007 ਵਿੱਚ ਜਦੋਂ ਮਨਪ੍ਰੀਤ ਸਿੰਘ ਬਾਦਲ ਨੇ ਅਕਾਲੀ-ਭਾਜਪਾ ਸਰਕਾਰ ਵਿੱਚ ਵਿੱਤ ਮੰਤਰੀ ਹੁੰਦਿਆਂ ਪਹਿਲਾ ਬਜਟ ਪੇਸ਼ ਕੀਤਾ ਸੀ ਤਾਂ ਇਤਫਾਕਨ ਉਸ ਸਮੇਂ ਵੀ 20 ਜੂਨ ਦਾ ਦਿਨ ਸੀ ਅਤੇ ਮੌਜੂਦਾ ਵਿੱਤ ਮੰਤਰੀ ਵੱਲੋਂ ਜਿਸ ਤਰ੍ਹਾਂ ਦੀਆਂ ਟਿੱਪਣੀਆਂ ਸਾਬਕਾ ਅਕਾਲੀ-ਭਾਜਪਾ ਸਰਕਾਰ ਲਈ ਕੀਤੀਆਂ ਗਈਆਂ ਹਨ, ਐਨ ਉਸੇ ਤਰ੍ਹਾਂ ਦੀ ਸ਼ਬਦਾਵਲੀ ਅਤੇ ਸ਼ੇਅਰ ਕੈਪਟਨ ਅਮਰਿੰਦਰ ਸਿੰਘ ਦੀ ਸਾਲ 2002 ਤੋਂ 2007 ਤੱਕ ਦੇ ਸ਼ਾਸਨ ਸਬੰਧੀ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਮਨਪ੍ਰੀਤ ਨੇ 10 ਸਾਲ ਪਹਿਲਾਂ ਬਾਦਲ ਸਰਕਾਰ ਦਾ ਬਜਟ ਪੇਸ਼ ਕਰਦਿਆਂ ਸੂਬੇ ਦਾ ਮਾਲੀਆ ਚਾਰ ਸਾਲਾਂ ਵਿੱਚ ਸਰਪਲੱਸ ਕਰਨ ਦੇ ਦਾਅਵੇ ਕੀਤੇ ਸਨ ਅਤੇ ਇਹੀ ਗੱਲ ਇਸ ਵਾਰੀ ਦੇ ਬਜਟ ਵਿੱਚ ਸੁਣਨ ਨੂੰ ਮਿਲੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪ੍ਰਤੀ ਪੂਰੀ ਸ਼ਰਧਾ ਦਿਖਾਉਂਦਿਆਂ ਅਦਬ ਅਤੇ ਸਤਿਕਾਰ ਨਾਲ ਸੰਬੋਧਨ ਕੀਤਾ। ਉਨ੍ਹਾਂ ਦੀ ਬੋਲਬਾਣੀ ਵਿੱਚੋਂ ਅਜਿਹਾ ਸਤਿਕਾਰ ਆਪਣੇ ਚਚੇਰੇ ਭਰਾ ਪ੍ਰਤੀ ਬਿਲਕੁਲ ਦਿਖਾਈ ਨਹੀਂ ਸੀ ਦੇ ਰਿਹਾ, ਸਗੋਂ ਤਿੱਖੇ ਸ਼ਬਦਾਂ ਨਾਲ ਵਿੰਨ੍ਹਣ ਦਾ ਯਤਨ ਵਾਰ ਵਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਾਂਗਰਸ ਵੱਲੋਂ ਕਰਜ਼ਾ ਮੁਆਫੀ ਦੇ ਨਾਂ 'ਤੇ ਜਿਹੜੀ ਚਲਾਕੀ ਖੇਡੀ ਗਈ ਹੈ, ਉਸ ਨੇ ਸਿਰਫ਼ ਪੰਜਾਬ ਦੇ ਕਿਸਾਨ ਨੂੰ ਹੀ ਸਸ਼ੋਪੰਜ ਵਿੱਚ ਨਹੀਂ ਪਾਇਆ, ਸਗੋਂ ਸਾਰੇ ਲੋਕਾਂ ਵੱਲੋਂ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਛੋਟੇ ਅਤੇ ਸੀਮਾਂਤ ਕਿਸਾਨਾਂ ਨਾਲ ਧੋਖਾ ਕੀਤਾ ਗਿਆ ਹੈ।

### ਮੈਨੂੰ ਵਿੱਤੀ ਸਲਾਹਕਾਰ ਬਣਾ ਲਓ: ਸੁਖਬੀਰ ਬਾਦਲ

ਸੁਖਬੀਰ ਬਾਦਲ ਨੇ ਆਪਣੇ ਆਪ ਨੂੰ 'ਵਿੱਤੀ ਮਾਹਿਰ' ਗਰਦਾਨਦਿਆਂ ਇੱਥੋਂ ਤੱਕ ਕਿਹਾ ਕਿ "ਮਨਪ੍ਰੀਤ ਸਿੰਘ ਬਾਦਲ ਨੇ ਤਾਂ ਕਾਨੂੰਨ ਦੀ ਪੜ੍ਹਾਈ ਕੀਤੀ ਹੈ, ਜਦੋਂ ਕਿ ਮੈਂ ਐਮਬੀਏ (ਫਾਈਨਾਂਸ) ਕੀਤੀ ਹੋਈ ਹੈ।" ਸਾਬਕਾ ਉਪ ਮੁੱਖ ਮੰਤਰੀ ਨੇ ਕੈਪਟਨ ਸਰਕਾਰ ਨੂੰ ਸਲਾਹਕਾਰ ਬਣਨ ਦੀ ਪੇਸ਼ਕਸ਼ ਵੀ ਕੀਤੀ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਸੂਬੇ ਦਾ ਮਾਲੀਆ ਵਧਾ ਕੇ ਹਰ ਖੇਤਰ ਵਿੱਚ ਵਿਕਾਸ ਕੀਤਾ ਤੇ ਕਾਂਗਰਸ ਵਿਕਾਸ ਨੂੰ ਲੀਹ ਤੋਂ ਲਾਹ ਰਹੀ ਹੈ।

# 'ਆਪ' ਨੂੰ ਝਟਕਾ : ਵਿਧਾਇਕਾਂ ਵਿਰੁੱਧ ਸੁਣਵਾਈ ਜਾਰੀ ਰੱਖੇਗਾ ਚੋਣ ਕਮਿਸ਼ਨ

**ਨਵੀਂ ਦਿੱਲੀ/ਬਿਊਰੋ ਨਿਊਜ਼** : ਆਮ ਆਦਮੀ ਪਾਰਟੀ (ਆਪ) ਨੂੰ ਝਟਕਾ ਦਿੰਦਿਆਂ ਚੋਣ ਕਮਿਸ਼ਨ ਨੇ ਆਦੇਸ਼ ਦਿੱਤਾ ਕਿ ਉਹ ਪਾਰਟੀ ਦੇ 21 ਵਿਧਾਇਕਾਂ ਵਿਰੁੱਧ ਲਾਭ ਵਾਲੇ ਅਹੁਦੇ ਦੇ ਮਾਮਲੇ ਵਿਚ ਸੁਣਵਾਈ ਜਾਰੀ ਰੱਖੇਗਾ। ਹਾਲਾਂਕਿ ਹਾਈ ਕੋਰਟ ਨੇ ਇਨ੍ਹਾਂ ਵਿਧਾਇਕਾਂ ਦੀ ਸੰਸਦੀ ਸਕੱਤਰਾਂ ਵਜੋਂ ਨਿਯੁਕਤੀ ਰੱਦ ਕਰ ਦਿੱਤੀ ਸੀ। ਆਪ' ਨੇ ਦਲੀਲ ਦਿੱਤੀ



ਕਿ ਦਿੱਲੀ ਹਾਈ ਕੋਰਟ ਦੇ ਹੁਕਮਾਂ ਮਗਰੋਂ ਉਸ ਦੇ ਵਿਧਾਇਕਾਂ ਵਿਰੁੱਧ ਕੇਸ ਖ਼ਤਮ ਕਰ ਦੇਣਾ ਚਾਹੀਦਾ ਹੈ ਪਰ ਕਮਿਸ਼ਨ ਨੇ ਦਿੱਤੇ ਆਪਣੇ ਆਦੇਸ਼ ਵਿਚ ਤਰਕ ਦਿੱਤਾ ਕਿ ਇਹ ਕੋਈ ਆਧਾਰ ਨਹੀਂ। ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਇਸ ਪਾਰਟੀ ਦੇ ਵਿਧਾਇਕਾਂ ਵਿਰੁੱਧ ਲਾਭ ਵਾਲੇ ਅਹੁਦੇ ਸਬੰਧੀ ਇਹ ਪਟੀਸ਼ਨ ਪ੍ਰਸ਼ਾਂਤ ਪਟੇਲ ਨੇ ਦਾਖ਼ਲ ਕੀਤੀ ਸੀ। ਬਾਅਦ ਵਿਚ ਜਰਨੈਲ ਸਿੰਘ ਵਿਰੁੱਧ ਦੋਸ਼ ਵਾਪਸ ਲੈ ਲਏ ਗਏ ਕਿਉਂਕਿ ਉਨ੍ਹਾਂ ਪੰਜਾਬ ਵਿਧਾਨ ਸਭਾ ਚੋਣਾਂ ਲੜਨ ਲਈ ਰਾਜੌਰੀ ਗਾਰਡਨ ਹਲਕੇ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ। ਚੋਣ ਕਮਿਸ਼ਨ ਨੇ ਕਿਹਾ ਕਿ ਇਹ ਵਿਧਾਇਕ ਅਸਲ ਵਿਚ 13 ਮਾਰਚ 2015 ਤੋਂ 8 ਸਤੰਬਰ 2016 ਤੱਕ ਸੰਸਦੀ ਸਕੱਤਰ ਰਹੇ। ਬਿਨੈਕਾਰ ਨੇ ਕਿਹਾ ਕਿ ਅਦਾਲਤੀ ਹੁਕਮ ਚੋਣ ਕਮਿਸ਼ਨ ਵਲੋਂ ਸੁਣੇ ਜਾ ਰਹੇ ਇਸ ਮਾਮਲੇ ਉਤੇ ਅਸਰਅੰਦਾਜ਼ ਨਹੀਂ ਹੋਣੇ ਚਾਹੀਦੇ ਕਿਉਂਕਿ ਹਾਈ ਕੋਰਟ ਦੇ ਨਿਯੁਕਤੀਆਂ ਰੱਦ ਕਰਨ ਤੱਕ ਇਹ ਵਿਧਾਇਕ ਇਨ੍ਹਾਂ ਅਹੁਦਿਆਂ ਦੇ ਲਾਭ ਹਾਸਲ ਕਰਦੇ ਰਹੇ।

ਕਮਿਸ਼ਨ ਨੇ ਕਿਹਾ ਕਿ ਦਿੱਲੀ ਹਾਈ ਕੋਰਟ ਨੇ 8 ਸਤੰਬਰ 2016 ਦੇ ਆਪਣੇ ਹੁਕਮ ਵਿਚ ਇਨ੍ਹਾਂ ਵਿਧਾਇਕਾਂ ਦੀ ਨਾ ਸਿਰਫ਼ ਸੰਸਦੀ ਸਕੱਤਰਾਂ ਵਜੋਂ ਨਿਯੁਕਤੀ ਰੱਦ ਕੀਤੀ, ਸਗੋਂ ਅਜਿਹੇ ਅਹੁਦੇ ਸਿਰਜਣ ਦਾ ਫੈਸਲਾ ਵੀ ਖਾਰਜ ਕੀਤਾ। ਇਸ ਉਤੇ ਟਿੱਪਣੀ ਕਰਦਿਆਂ ਆਪ' ਨੇ ਕਿਹਾ ਕਿ

ਬਾਕੀ ਸਫ਼ਾ 32 'ਤੇ

FLY AIR TRAVEL
Fly Air Travel
Best Deals to India
Flights-Hotels-Cars-Vacations
Visa & Passport Services
Best Deals to
India - Fiji - Europe
Australia - Asia
Corporate Travel Management
Domestic Special Fares & Packages
Group Specials
Fly Air Travel
39111 Paseo Padre Parkway Suite 201A
Fremont, CA 94538
Please Contact : Preeti Kang
Phone : 510-744-5152, 510-509-8890
Email: info@flyairtravel.us
VISA MasterCard DISCOVER AMERICAN EXPRESS



Opening Soon
Help wanted
★ Cook
★ Tandoria
★ server and
★ other helpers
Please call Manit Nagra at 317-750-1900.
Tiffin Indian Restaurant
1480 N State Road 1, Cambridge City, IN 47327
Truckers Best Truck Stop Dhaba Restaurant

Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد ETIHAD AIRWAYS
Lufthansa
QATAR AIRWAYS القطرية
BBB IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


SAVE $2500
ON DIESEL PER TRUCK WITH
ONE CALL!
10¢
TRANS-ALLIANCE
KHALSA
FUEL CARD
1243 6756 7698 3421
TRANS EXPRESS
DISCOUNT PER GALLON
✓ No more Pre-Paid Cards
✓ Get Rid of Bank Wires
✓ Low Transaction Fee
MORE: SAVINGS.
SAVE
$40
OIL CHANGE AND
ANY SYNTHETIC BOX
CHANGE SERVICE.
We Proudly Feature: Mobil Delvac
TA TRUCK SERVICE
MORE: BAYS. EXPERTISE. SOLUTIONS.
MORE: EXPERTISE.
To Get You Rolling.
Highly-trained ASE and
TIA-certified technicians.
All major tire brands serviced roadside.
TA TRUCK SERVICE
ROADSQUAD
YOU BREAK DOWN. WE SHOW UP.
844-698-1923
NEW PHONE NUMBER JUST FOR TRANS-ALLIANCE MEMBERS!
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਾਲਨਟ

20001 ਈਸਟ, ਵਾਲਨਟ ਡ੍ਰਾਇਵ ਸਾਊਥ, ਵਾਲਨਟ ਕੈਲੀਫੋਰਨੀਆ 91789, ਸੰਪਰਕ ਫੋਨ : (909) 869-6165



## ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ

## 411ਵਾਂ ਸ਼ਹੀਦੀ ਦਿਵਸ

**ਮੰਗਲਵਾਰ, 04 ਜੁਲਾਈ 2017**

ਸਵੇਰੇ 06:00 ਵਜੇ ਤੋਂ ਬਾਅਦ ਦੁਪਹਿਰ 3:30 ਵਜੇ ਤੱਕ ਗੁਰੁਦਆਰਾ ਸਾਹਿਬ ਵਾਲਨਟ ਵਿਖੇ ਮਨਾਇਆ ਜਾ ਰਿਹਾ ਹੈ

- ਆਸਾ ਦੀ ਵਾਰ ਦਾ ਰਸਭਿੰਨਾ ਕੀਰਤਨ ਲਾਸ ਏਂਜਲਸ ਦੇ ਅਖੰਡ ਕੀਰਤਨੀ ਜਥੇ ਦੁਆਰਾ ਕੀਤਾ ਜਾਵੇਗਾ।
- ਕੀਰਤਨੀ ਜਥਿਆਂ ਦਾ ਵਿਸ਼ੇਸ਼ ਪ੍ਰਬੰਧ ਹੈ ਜਿਸ ਵਿੱਚ ਭਾਰਤ ਅਤੇ ਕੈਲੀਫੋਰਨੀਆ ਦੇ ਗੁਰਦੁਆਰਾ ਸਾਹਿਬਾਨ ਦੇ ਰਾਗੀ ਜਥੇ ਤੋਂ ਇਲਾਵਾ ਗਿਆਨੀ ਹਰਜਿੰਦਰ ਸਿੰਘ ਸਾਭਰਾ (ਕਥਾਵਾਚਕ) ਅਤੇ ਪ੍ਰੋਫੈਸਰ ਸੁਰਿੰਦਰ ਸਿੰਘ ਯੂ.ਕੇ. ਕੀਰਤਨ ਸਮਾਗਮ ਵਿਚ ਹਾਜ਼ਰੀ ਭਰਨਗੇ।
- ਪੰਜਾਬੀ ਅਤੇ ਗੁਰਮਤਿ ਸਕੂਲ ਕੈਲੀਫੋਰਨੀਆ ਦੇ ਨੌਜਵਾਨ ਅਤੇ ਬੱਚੇ ਵੀ ਕੀਰਤਨ ਕਰਨਗੇ।



ਗਿਆਨੀ ਹਰਜਿੰਦਰ ਸਿੰਘ ਸਾਭਰਾ



ਪ੍ਰੋਫੈਸਰ ਸੁਰਿੰਦਰ ਸਿੰਘ ਯੂ.ਕੇ.

ਦੱਖਣੀ ਕੈਲੀਫੋਰਨੀਆ ਦੀ ਸਿੱਖ ਸੰਗਤ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੇ ਪਰਿਵਾਰਾਂ ਅਤੇ ਮਿੱਤਰਾਂ ਨਾਲ ਇਸ ਸਮਾਗਮ ਵਿੱਚ ਹਾਜ਼ਰੀ ਭਰਨ। ਆਓ ਇਸ ਮੌਕੇ ਦਾ ਫ਼ਾਇਦਾ ਉਠਾਉਂਦੇ ਹੋਏ ਆਪਣੇ ਬੱਚਿਆਂ ਨੂੰ ਉਹਨਾਂ ਦੇ ਮਹਾਨ ਸਿੱਖ ਵਿਰਸੇ, ਸਿੱਖ ਸਿਧਾਂਤਾਂ, ਸਿੱਖ ਵਿਸ਼ਵਾਸ਼ ਤੇ ਮਾਨਵਤਾ ਲਈ ਗੁਰੂ ਸਹਿਬਾਨ ਦੀਆਂ ਅਦੁੱਤੀ ਕੁਰਬਾਨੀਆਂ ਦੀ ਜਾਣਕਾਰੀ ਦੇਈਏ।

*ਸਵੇਰ ਤੋਂ ਦੁਪਹਿਰ ਤੱਕ ਚਾਹ, ਨਾਸ਼ਤਾ, ਛਬੀਲ (ਕੱਚੀ ਲੱਸੀ) ਅਤੇ ਤਾਜ਼ਾ ਗੰਨੇ ਦੇ ਰਸ ਦਾ ਪ੍ਰਬੰਧ ਹੋਵੇਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।*

**ਲੰਗਰ ਦੀ ਸੇਵਾ : ਭਾਈ ਪਰਮਜੀਤ ਸਿੰਘ ਅਤੇ ਸਾਥੀ**

ਸੇਵਾਦਾਰ ਗੁਰਦੁਆਰਾ ਵਾਲਨਟ : ਸਤਪਾਲ ਸਿੰਘ ਗੋਤਰਾ (909) 569-9545, ਸੁਰਿੰਦਰ ਸਿੰਘ ਭੋਗਲ (909) 861-5767
ਗੁਰਬਚਨ ਸਿੰਘ ਜੁਨੇਜਾ (909) 228-1556, ਕੁਲਬੀਰ ਸਿੰਘ ਭੁੱਲਰ (626) 675-2233, ਜਗਜੀਤ ਸਿੰਘ ਇਰਾਨੀ (626) 239-5621

*ਕੀਰਤਨ ਅਤੇ ਲੰਗਰ ਸੇਵਾ ਲਈ ਸੰਪਰਕ ਕਰੋ : ਹਨਵੰਤਬੀਰ ਸਿੰਘ ਸਾਹਨੀ (626) 369-3305, ਭਾਈ ਰਘਬੀਰ ਸਿੰਘ ਜੀ (626) 833-8240*

ਵਿਸ਼ੇਸ਼ ਨੋਟ : ਗਿਆਨੀ ਹਰਜਿੰਦਰ ਸਿੰਘ ਜੀ ਸਾਭਰਾ ਵਲੋਂ 05 ਜੁਲਾਈ 2017 ਤੋਂ 12 ਜੁਲਾਈ 2017 ਤੱਕ ਰੋਜ਼ਾਨਾ ਗੁਰਮਤਿ ਵਿਚਾਰ ਕਥਾ ਸ਼ਾਮ 07 ਵਜੇ ਤੋਂ ਰਾਤ 8:15 ਵਜੇ ਤੱਕ ਹੋਵੇਗੀ ਅਤੇ ਐਤਵਾਰ ਵਾਲੇ ਦਿਨ ਬਾਅਦ ਦੁਪਹਿਰ 12:00 ਵਜੇ ਤੋਂ 1:00 ਵਜੇ ਤੱਕ ਹੋਵੇਗੀ

# SINGH TRANSPORT INC



- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
- ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778,
ਜਗਤਾਰ ਸਿੰਘ (510) 918-2439, (510) 943-9578

# Website Design & Development

- ➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
- ➡ ਈ-ਕਾਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

## SERVICES

- ✔ WEB DEVELOPMENT
- ✔ WEB DESIGNING
- ✔ WEB RE-DESIGN
- ✔ LOGO DESIGN
- ✔ SEO SERVICES
- ✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747

info@webmediaart.com
www.webmediaart.com



Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# Scholarships Awards

**For students graduated in year 2017 from High/Middle school in Southern California, with one or both parents being Sikhs**

For application forms, guidelines for applicants, or more information, send email to:scholarshipandawards@gmail.com

## Academic Excellence Awards

*High School Graduates – TenAwards $1000 - $2500*

Middle School (8th grade) Graduates – Five Awards$250 - $600

**Eligibility Criteria:**
*GPA B or higher for Academic Excellence Awards, C or higher for Outstanding Achievement Awards,&one or both parents being Sikhs*

## Outstanding Achievement Awards

*High School Graduates:$750*
*1-Sports;2-Visual & Performing Arts;*
*3-Community Service*

*Special Awards:$200/each for Perfect score in SAT*
*$100/each for 80% or higher score on quiz*
*(quiz material supplied in advance)*

**Middle School Graduates:**Visual & Performing Arts
*Two ($250 and $200), $100/each for 80% or higher score on quiz (quiz material supplied in advance)*

Last date for receipt of completed applications: **Monday,July 23, 2017**

**Winners to receive awards at a Gala Lunch event**
August 6, 2017 at 11 am

**For More Info Call : Gurcharan Bains 661-877-6461, Sukhi Sandhu 805-402-5050, Baljit Toor 909-844-1600, Gurcharan Singh Dhillon 661-586-6485, Kajal Kalra 949-244-6452**

**Sponsored by: Sikh American Heritage Society**


PANNU'S
LEGAL SERVICES
G.S. Pannu
ivisapass@gmail.com • FAX 510.279.7624
510.677.5200
IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT
STUDENT VISA (EDUCATE YOUR CHILDREN IN USA)
DIVORCE
★ CHILD SUPPORT ★ CHILD VISITATION ★ CHILD CUSTODY ★ MODIFICATION
PANNU'S
PASSPORT & VISA SERVICES
indiavisa123@gmail.com • FAX 510.279.7624
VISA IN ONE DAY
M.K. Pannu
(Owner)
VISA IN ONE DAY
Indian Passport
India Visa in 1 Day
OCI
US Passport
Power of Attorney & Other Services
510.677.8440
40757, Grimmer Blvd.
FREMONT
CA-94538
3810 Eau Claire Ave, Ceres,
MODESTO/CERES
CA-95307
220 Bush St/Montgomery St, #445
SAN FRANCISCO
(OPPOSITE INDIA VISA CENTER)


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF
All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99
All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF
Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar


$20 Off For
Trans-Alliance Carriers
SPECIAL TIRE PRICING
TRANS-ALLIANCE
TOGETHER WE SAVE
MARATHON LMT
TRAILER TIRES STARTING AT
$259*
REGULAR RETAIL $324
ROADMASTER TIRES
ENGINEERED BY COOPERTIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR
MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
TRUCK BUS AGRO OTR
FORMULA
By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA
Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਸੀ.ਬੀ.ਐੱਸ.ਈ. ਸਕੂਲਾਂ ’ਚ ਪੰਜਾਬੀ ਨਾਲ ਧੱਕੇ ਵਿਰੁਧ ਪੰਜਾਬ ਸਰਕਾਰ ਤੁਰੰਤ ਕਾਰਵਾਈ ਕਰੇ : ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਹੈ ਕਿ ਸੀ.ਬੀ. ਐੱਸ.ਈ. ਨਾਲ ਜੁੜੇ ਪੰਜਾਬ ਦੇ ਸਕੂਲਾਂ ਵੱਲੋਂ ਆਪਣੇ ਸਿਲੇਬਸ ਵਿੱਚੋਂ ਪੰਜਾਬੀ ਨੂੰ ਪਿੱਛੇ ਰੱਖਣਾ ਰਾਜ ਭਾਸ਼ਾ ਨਾਲ ਅਨਿਆਂ ਹੈ, ਜਿਸ ਦਾ ਪੰਜਾਬ ਸਰਕਾਰ ਨੂੰ ਤੁਰੰਤ ਨੋਟਿਸ ਲੈਣਾ



ਚਾਹੀਦਾ ਹੈ . ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਇਥੇ ਜਾਰੀ ਬਿਆਨ ‘ਚ ਆਖਿਆ ਕਿ ਸੀ. ਬੀ. ਐੱਸ. ਈ. ਦੇ ਸਿਲੇਬਸ ਅਨੁਸਾਰ ਪੜ੍ਹਾਈ ਕਰਵਾ ਰਹੇ ਪੰਜਾਬ ਦੇ ਸਕੂਲਾਂ ਵੱਲੋਂ ਪੰਜਾਬੀ ਭਾਸ਼ਾ ਨੂੰ ਨਜ਼ਰਅੰਦਾਜ਼ ਕਰਨ ‘ਤੇ ਪੰਜਾਬ ਸਰਕਾਰ ਨੂੰ ਕਾਰਵਾਈ ਕਰਨੀ ਚਾਹੀਦੀ ਹੈ । ਉਨ੍ਹਾਂ ਕਿਹਾ ਕਿ ਰਾਜ ਭਾਸ਼ਾ ਨੂੰ ਸੂਬੇ ਵਿਚਲੇ ਸਕੂਲਾਂ ਅੰਦਰ ਯਕੀਨੀ ਬਣਾਉਣਾ ਸੂਬਾ ਸਰਕਾਰ ਦੀ ਹੀ ਜ਼ਿੰਮੇਵਾਰੀ ਹੈ। ਉਨ੍ਹਾਂ ਇਸ ਮਸਲੇ ਬਾਰੇ ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਸੁਰੇਸ਼ ਕੁਮਾਰ ਆਈ. ਏ. ਐੱਸ. ਨੂੰ ਇਕ ਪੱਤਰ ਲਿਖ ਕੇ ਵੀ ਮੰਗ ਕੀਤੀ ਹੈ ਕਿ ਸਬੰਧਿਤ ਵਿਭਾਗ ਦੁਆਰਾ ਕਾਰਵਾਈ ਨੂੰ ਅਮਲ ਵਿਚ ਲਿਆ ਕੇ ਸੂਬੇ ਅੰਦਰ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਯਕੀਨੀ ਬਣਾਇਆ ਜਾਵੇ।

ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਮਨੁੱਖ ਦੀ ਵਿਦਿਅਕ ਬੁਨਿਆਦ ਨਰਸਰੀ ਦੇ ਸਿਲੇਬਸ ਵਿੱਚੋਂ ਹੀ ਸੀ. ਬੀ. ਐੱਸ. ਈ. ਦੇ ਸਕੂਲਾਂ ਅੰਦਰ ਮਾਤ-ਭਾਸ਼ਾ ਪੰਜਾਬੀ ਮਨਫੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਵਰਤਾਰਾ ਨਿੰਦਣਯੋਗ ਹੈ, ਜਿਸ ’ਤੇ ਤੁਰੰਤ ਰੋਕ ਲਗਾ ਕੇ ਪੰਜਾਬੀ ਨੂੰ ਨਰਸਰੀ ਤੋਂ ਲੈ ਕੇ ਉਪਰਲੀਆਂ ਜਮਾਤਾਂ ਤਕ ਲਾਜ਼ਮੀ ਵਿਸ਼ਾ ਬਣਾਇਆ ਜਾਵੇ।

# ਦਰਬਾਰ ਸਾਹਿਬ ਦੀ ਦਰਸ਼ਨੀ ਡਿਓਢੀ ਦੀ ਕਾਰ ਸੇਵਾ ਸ਼ੁਰੂ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਢੀ ਦੇ ਅੰਦਰੂਨੀ ਹਿੱਸੇ ਦੀ ਮੁਰੰਮਤ ਕਰਨ ਲਈ ਐਤਵਾਰ ਨੂੰ ਕਾਰ ਸੇਵਾ ਸ਼ੁਰੂ ਹੋਈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਆਖਿਆ ਕਿ ਇਸ ਇਤਿਹਾਸਕ ਇਮਾਰਤ ਦੀ ਮੁਰੰਮਤ ਕਰਨ ਵੇਲੇ ਇਸ ਦੇ ਪੁਰਾਤਨ ਸਰੂਪ ਨਾਲ ਕੋਈ ਛੇੜਛਾੜ ਨਹੀਂ ਕੀਤੀ ਜਾਵੇਗੀ। ਜਾਣਕਾਰੀ ਅਨੁਸਾਰ ਦਰਸ਼ਨੀ ਡਿਓਢੀ ਦੇ ਉਪਰਲੇ ਹਿੱਸੇ ਦੀ ਖ਼ਸਤਾ ਹੋ ਰਹੀ ਹਾਲਤ ਕਰਕੇ ਮੁਰੰਮਤ ਦੀ ਲੋੜ ਹੈ। ਇਹ ਉਹ ਥਾਂ ਹੈ, ਜਿੱਥੇ ਤੋਸ਼ਾਖਾਨਾ ਹੈ ਅਤੇ ਵੱਖ-ਵੱਖ ਸਮਿਆਂ ‘ਤੇ ਗੁਰੂ ਘਰ ਨੂੰ ਭੇਟ ਕੀਤੀਆਂ ਬੇਸ਼ਕੀਮਤੀ ਵਸਤਾਂ ਸੰਭਾਲ ਕੇ ਰੱਖੀਆਂ ਗਈਆਂ ਹਨ। ਇਨ੍ਹਾਂ ਵਸਤਾਂ ਦੀ ਵਰਤੋਂ ਜਲੌਅ ਸਮੇਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਦਰਸ਼ਨੀ ਡਿਓਢੀ ਤੋਂ ਹਰ ਸਾਲ ਬੰਦੀ ਛੋੜ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਜਾਂਦਾ ਹੈ। ਇਸ ਇਮਾਰਤ ਦੀ ਕਾਰ ਸੇਵਾ ਦਾ ਕੰਮ ਬਾਬਾ ਕਸ਼ਮੀਰ ਸਿੰਘ ਕਾਰ ਸੇਵਾ ਸੰਪਰਦਾ ਭੂਰੀ ਵਾਲਿਆਂ ਨੂੰ ਸੌਂਪਿਆ ਗਿਆ ਹੈ। ਕਾਰ ਸੇਵਾ



ਦਰਸ਼ਨੀ ਡਿਓਢੀ ਦੀ ਮੁਰੰਮਤ ਲਈ ਕਾਰ ਸੇਵਾ ਸ਼ੁਰੂ ਕੀਤੇ ਜਾਣ ਮੌਕੇ ਦਾ ਦ੍ਰਿਸ਼।

ਦੀ ਸ਼ੁਰੂਆਤ ਮੌਕੇ ਭਾਈ ਸਲਵਿੰਦਰ ਸਿੰਘ ਵੱਲੋਂ ਅਰਦਾਸ ਕੀਤੀ ਗਈ ਅਤੇ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਅਤੇ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੇ ਸਾਂਝੇ ਰੂਪ ਵਿੱਚ ਟੱਕ ਲਾ ਕੇ ਕਾਰ ਸੇਵਾ ਦੀ ਸ਼ੁਰੂਆਤ ਕੀਤੀ।

ਇਸ ਤੋਂ ਪਹਿਲਾਂ ਪ੍ਰੋ. ਬਡੂੰਗਰ ਨੇ ਸ਼੍ਰੋਮਣੀ ਕਮੇਟੀ ਦੇ ਦਫਤਰ ਵਿੱਚ ਵੱਖ-ਵੱਖ ਵਿਭਾਗਾਂ ਦੇ ਇੰਚਾਰਜ ਪੱਧਰ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਸੰਸਥਾ ਦੇ ਕੰਮ ਵਿੱਚ ਪਾਰਦਰਸ਼ਤਾ ਲਿਆਉਣ ਲਈ ਆਖਿਆ। ਉਨ੍ਹਾਂ ਕਿਹਾ ਕਿ ਇਹ ਧਾਰਮਿਕ ਸੰਸਥਾ ਹੈ ਅਤੇ ਇੱਥੇ ਕੰਮ ਕਰਦੇ ਕਰਮਚਾਰੀਆਂ ਦਾ ਵਿਹਾਰ ਆਮ ਨਾਲੋਂ ਵੱਖਰਾ ਤੇ ਸਤਿਕਾਰ ਵਾਲਾ ਹੋਣਾ ਜ਼ਰੂਰੀ ਹੈ। ਉਨ੍ਹਾਂ ਨੇ ਸੰਸਥਾ ਦੇ ਕੰਮ ਦੀ ਸਮੀਖਿਆ ਵੀ ਕੀਤੀ ਅਤੇ ਖਾਮੀਆਂ ਤੇ ਤਰੁਟੀਆਂ ਦੂਰ ਕਰਨ ਦੇ ਆਦੇਸ਼ ਦਿੱਤੇ।

# ਪੰਜਾਬ ਸਰਕਾਰ ਮਾਸਟਰ ਤਾਰਾ ਸਿੰਘ ਦੀ ਯਾਦਗਾਰ ਬਣਾਏਗੀ

## *ਅੱਜ ਦੇ ਅਕਾਲੀਆਂ ਅਤੇ ਮਾਸਟਰ ਤਾਰਾ ਸਿੰਘ ਵਿਚਾਲੇ ਵੱਡਾ .ਫਰਕ-ਨਵਜੋਤ ਸਿੱਧੂ*

**ਅੰਮ੍ਰਿਤਸਰ/ਬਿਊਰੋ ਨਿਊਜ਼,** ਪੰਜਾਬ ਦੀ ਕਾਂਗਰਸ ਸਰਕਾਰ ਨੇ ਮਾਸਟਰ ਤਾਰਾ ਸਿੰਘ ਦੀ ਯਾਦਗਾਰ ਬਣਾਉਣ ਦਾ ਐਲਾਨ ਕੀਤਾ ਹੈ। ਇਹ ਐਲਾਨ ਐਤਵਾਰ ਨੂੰ ਇੱਥੇ ਮਾਸਟਰ ਤਾਰਾ ਸਿੰਘ ਦੀ ਯਾਦ ਵਿੱਚ ਕਰਾਏ ਰਾਜ ਪੱਧਰੀ ਸਮਾਗਮ ਦੌਰਾਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕੀਤਾ। ਸਮਾਗਮ ਵਿੱਚ ਮਾਸਟਰ ਤਾਰਾ ਸਿੰਘ ਦੇ ਪਰਿਵਾਰਕ ਮੈਂਬਰਾਂ ਦਾ ਸਨਮਾਨ ਵੀ ਕੀਤਾ ਗਿਆ।

ਮਾਸਟਰ ਤਾਰਾ ਸਿੰਘ ਦੇ 132ਵੇਂ ਜਨਮ ਦਿਨ ਮੌਕੇ ਕਰਾਏ ਸੂਬਾ ਪੱਧਰੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਮਾਸਟਰ ਤਾਰਾ ਸਿੰਘ ਦੀ ਯਾਦਗਾਰ ਉਨ੍ਹਾਂ ਦੇ ਪਰਿਵਾਰ ਦੀ ਇੱਛਾ ਮੁਤਾਬਕ ਬਣਾਈ ਜਾਵੇਗੀ। ਪਰਿਵਾਰ ਜਿੱਥੇ ਇਹ ਯਾਦਗਾਰ ਬਣਾਉਣ ਲਈ ਇੱਛਾ ਪ੍ਰਗਟਾਏਗਾ, ਯਾਦਗਾਰ ਉਥੇ ਹੀ ਬਣਾਈ ਜਾਵੇਗੀ। ਉਨ੍ਹਾਂ ਮਾਸਟਰ ਤਾਰਾ ਸਿੰਘ ਨੂੰ ਯਾਦ ਕਰਦਿਆਂ ਆਖਿਆ ਕਿ ਉਹ ਅਜਿਹੇ ਆਗੂ ਸਨ, ਜਿਨ੍ਹਾਂ ਨੇ ਸਾਰੀ ਉਮਰ ਪੰਥ ਦੇ ਭਲੇ ਅਤੇ ਇਕਜੁੱਟਤਾ ਦੇ ਲੇਖੇ ਲਾ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਦੇ ਅਕਾਲੀਆਂ ਅਤੇ



ਮਾਸਟਰ ਤਾਰਾ ਸਿੰਘ ਵਿਚਾਲੇ ਵੱਡਾ ਫ਼ਰਕ ਹੈ। ਸ੍ਰੀ ਸਿੱਧੂ ਨੇ ਆਖਿਆ ਕਿ ਮਾਸਟਰ ਤਾਰਾ ਸਿੰਘ ਆਪਣੀ ਸਕੂਲ ਦੀ 150 ਰੁਪਏ ਪ੍ਰਤੀ ਮਹੀਨਾ ਤਨਖ਼ਾਹ ਵਿੱਚੋਂ 135 ਰੁਪਏ ਦਾਨ ਕਰ ਦਿੰਦੇ ਸਨ। ਇਸ ਮੌਕੇ ਮਾਸਟਰ ਤਾਰਾ ਸਿੰਘ ਦੀ ਪੋਤ ਨੂੰਹ ਡਾ. ਜਸਪ੍ਰੀਤ ਕੌਰ ਨੇ ਉਨ੍ਹਾਂ ਦੇ ਸੁਤੰਤਰਤਾ ਸੰਗਰਾਮ, ਗੁਰਦੁਆਰਾ ਸੁਧਾਰ ਲਹਿਰ ਤੇ ਪੰਜਾਬੀ ਸੂਬੇ ਲਈ ਯੋਗਦਾਨ ਨੂੰ ਯਾਦ ਕਰਦਿਆਂ ਅਤੀਤ ਦੇ ਕਈ ਵਰਕੇ ਫਰੋਲੇ। ਉਨ੍ਹਾਂ ਦਾਅਵਾ ਕੀਤਾ ਕਿ ਮਾਸਟਰ ਤਾਰਾ ਸਿੰਘ ਦੇ ਯਤਨਾਂ ਨਾਲ ਹੀ ਦੇਸ਼ ਵੰਡ ਵੇਲੇ ਪੰਜਾਬ ਭਾਰਤ ਦਾ ਹਿੱਸਾ ਬਣ ਸਕਿਆ ਸੀ, ਨਹੀਂ ਤਾਂ ਉਸ ਵੇਲੇ ਸਮੁੱਚਾ ਪੰਜਾਬ ਪਾਕਿਸਤਾਨ ਵਿੱਚ ਸ਼ਾਮਲ ਹੋ ਜਾਣਾ ਸੀ। ਇਸ ਮੌਕੇ ਸੰਤ ਸਿੰਘ ਸੁੱਖਾ ਸਿੰਘ ਸੰਸਥਾਵਾਂ ਦੇ ਚੇਅਰਮੈਨ ਪ੍ਰਿੰਸੀਪਲ ਜਗਦੀਸ਼ ਸਿੰਘ ਅਤੇ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦਿੱਲੀ ਦੇ ਪ੍ਰੋਫੈਸਰ ਅਮਨਪ੍ਰੀਤ ਸਿੰਘ ਗਿੱਲ ਨੇ ਵੀ ਸੰਬੋਧਨ ਕੀਤਾ। ਸ੍ਰੀ ਸਿੱਧੂ ਨੇ ਮਾਸਟਰ ਤਾਰਾ ਸਿੰਘ ਦੀ ਪੋਤ ਨੂੰਹ ਡਾ. ਜਸਪ੍ਰੀਤ ਕੌਰ ਅਤੇ ਪੜ੍ਹਦੋਹਤੇ ਨਵਰੀਤ ਸਿੰਘ ਦਾ ਸਨਮਾਨ ਕੀਤਾ।

# ਮੁਤਵਾਜ਼ੀ ਜਥੇਦਾਰਾਂ ਵਲੋਂ ਸਿੱਖ ਮਸਲਿਆਂ ਦੇ ਹੱਲ ਲਈ 21 ਮੈਂਬਰੀ ਵ.ਫਦ ਦਾ ਐਲਾਨ

**ਤਲਵੰਡੀ ਸਾਬੋ/ਬਿਊਰੋ ਨਿਊਜ਼ :**
ਮੁਤਵਾਜ਼ੀ ਜਥੇਦਾਰਾਂ ਵਲੋਂ 21 ਮੈਂਬਰੀ ਵਫ਼ਦ ਦਾ ਐਲਾਨ ਕੀਤਾ ਗਿਆ ਹੈ ਜੋ ਬਰਗਾੜੀ, ਬਹਿਬਲ ਕਲਾਂ ਅਤੇ ਹੋਰ ਸਿੱਖ ਮਸਲਿਆਂ ਦੇ ਹੱਲ ਲਈ ਜਲਦੀ ਹੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕਰੇਗਾ। ਇਹ ਜਾਣਕਾਰੀ ਸਰਬੱਤ ਖ਼ਾਲਸਾ ਵਲੋਂ ਥਾਪੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਮੀਡੀਆ ਨੂੰ ਜਾਰੀ ਕੀਤੇ ਇੱਕ ਸਾਂਝੇ ਬਿਆਨ ਰਾਹੀਂ ਦਿੱਤੀ। ਤਿੰਨੇ ਮੁਤਵਾਜ਼ੀ ਜਥੇਦਾਰਾਂ ਵਲੋਂ ਜਾਰੀ ਕੀਤੇ ਬਿਆਨ ਵਿਚ ਕਿਹਾ ਹੈ ਕਿ ਸਿੱਖ ਆਗੂਆਂ ਦਾ ਇਹ ਵਫ਼ਦ ਜਲਦੀ ਹੀ ਮੁੱਖ ਮੰਤਰੀ ਪੰਜਾਬ ਨਾਲ ਸਿੱਖ ਮਸਲਿਆਂ ਦੇ ਹੱਲ ਸਬੰਧੀ ਗੱਲਬਾਤ ਕਰੇਗਾ। ਇਨ੍ਹਾਂ ਮਸਲਿਆਂ ਵਿਚ ਬਰਗਾੜੀ ਸਮੇਤ ਹੋਰਨਾਂ ਥਾਵਾਂ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਕੇ ਸਜ਼ਾਵਾਂ ਦਿਵਾਉਣਾ, ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਕੋਈ ਠੋਸ ਨੀਤੀ ਬਣਾਉਣਾ, ਬਹਿਬਲ ਕਲਾਂ ਗੋਲੀਕਾਂਡ ਦੇ ਦੋਸ਼ੀ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਨਾ, ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਕੈਦੀਆਂ ਨੂੰ ਰਿਹਾਅ ਕਰਵਾਉਣਾ, ਸਰਬੱਤ ਖ਼ਾਲਸਾ ਵਲੋਂ ਥਾਪੇ ਅਕਾਲ ਤਖ਼ਤ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਦਿੱਲੀ ਦੀ ਜੇਲ੍ਹ ਵਿਚੋਂ ਪੰਜਾਬ ਤਬਦੀਲ ਕਰਵਾਉਣਾ, ਸ਼੍ਰੋਮਣੀ ਕਮੇਟੀ ਚੋਣਾਂ ਤੁਰੰਤ ਕਰਵਾਉਣਾ ਅਤੇ ਬਾਦਲ ਸਰਕਾਰ ਦੌਰਾਨ ਸਿੱਖਾਂ ’ਤੇ ਝੂਠੇ ਦਰਜ ਕੀਤੇ ਕੇਸਾਂ ਨੂੰ ਰੱਦ ਕਰਵਾਉਣਾ ਸ਼ਾਮਲ ਹਨ।

ਮੁਤਵਾਜ਼ੀ ਜਥੇਦਾਰਾਂ ਦੇ ਬਿਆਨ ਮੁਤਾਬਕ ਮੁੱਖ ਮੰਤਰੀ ਨਾਲ ਮੁਲਾਕਾਤ ਲਈ ਐਲਾਨੇ 21 ਮੈਂਬਰੀ ਵਫ਼ਦ ਵਿਚ ਬਾਬਾ ਪ੍ਰਦੀਪ ਸਿੰਘ ਚਾਂਦਪੁਰਾ, ਭਾਈ ਮੋਹਕਮ ਸਿੰਘ, ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਭਾਈ ਗੁਰਦੀਪ ਸਿੰਘ ਬਠਿੰਡਾ, ਪ੍ਰੋਫੈਸਰ ਮਹਿੰਦਰਪਾਲ ਸਿੰਘ, ਬਾਬਾ ਫੌਜਾ ਸਿੰਘ ਸੁਭਾਨੇ ਵਾਲੇ, ਬਾਬਾ ਦਰਸ਼ਨ ਸਿੰਘ ਢੱਕੀ ਵਾਲੇ, ਐਡਵੋਕੇਟ ਅਮਰ ਸਿੰਘ ਚਾਹਲ ਨੂੰ ਸ਼ਾਮਲ ਕੀਤਾ ਗਿਆ ਹੈ।

# ਪਿਸ਼ਾਵਰ ’ਚ ਸਿੱਖ ਵਿਦਿਆਰਥੀਆਂ ਲਈ ਧਾਰਮਿਕ ਸਿਖਿਆ ਦੇ ਪ੍ਰਬੰਧ





**ਅੰਮ੍ਰਿਤਸਰ/ਬਿਊਰੋ ਨਿਊਜ਼:** ਪਾਕਿਸਤਾਨ ਦੇ ਸੂਬਾ ਖ਼ੈਬਰ ਪਖਤੂਨਖਵਾ ਦੇ ਪਿਸ਼ਾਵਰ ਸ਼ਹਿਰ ਦੇ ਗੁਰੂ ਅੰਗਦ ਦੇਵ ਜੀ ਖਾਲਸਾ ਧਾਰਮਿਕ ਸਕੂਲ ਅਤੇ ਭਾਈ ਜੋਗਾ ਸਿੰਘ ਖ਼ਾਲਸਾ ਧਾਰਮਿਕ ਸਕੂਲ ਦੇ ਸਿੱਖ ਵਿਦਿਆਰਥੀਆਂ ਨੇ ਗੁਰਬਾਣੀ ਤੇ ਸਿੱਖ ਇਤਿਹਾਸ ਦਾ ਸਲਾਨਾ ਇਮਤਿਹਾਨ ਦਿੱਤਾ ਜਿਸ ’ਚ ਵਿਦਿਆਰਥੀਆਂ ਪਾਸੋਂ ਲਿਖਤੀ ਤੇ ਜ਼ਬਾਨੀ ਸਿੱਖ ਇਤਿਹਾਸ, ਨਿਤਨੇਮ ਤੇ ਕੀਰਤਨ ਬਾਰੇ ਜਾਣਕਾਰੀ ਲਈ ਗਈ। ਪਿਸ਼ਾਵਰ ਤੋਂ ਜਾਣਕਾਰੀ ਦਿੰਦਿਆਂ ਸ. ਚਰਨਜੀਤ ਸਿੰਘ ਨੇ ਦੱਸਿਆ ਕਿ ਉਪਰੋਕਤ ਧਾਰਮਿਕ ਸਿੱਖ ਸਕੂਲ ਪਿਛਲੇ ਕਰੀਬ 35 ਵਰ੍ਹਿਆਂ ਤੋਂ ਸੇਵਾਵਾਂ ਦੇ ਰਹੇ ਹਨ। ਉਪਰੋਕਤ ਦੋਵੇਂ ਸਕੂਲਾਂ ’ਚ 850 ਦੇ ਕਰੀਬ ਵਿਦਿਆਰਥੀ ਧਾਰਮਿਕ ਸਿੱਖਿਆ ਲੈ ਰਹੇ ਹਨ। ਪਿਸ਼ਾਵਰ ’ਚ ਰਹਿੰਦੇ ਸਿੱਖ ਪਰਿਵਾਰਾਂ ਦੇ ਵਧੇਰੇ ਬੱਚੇ ਸਵੇਰੇ 7:00 ਵਜੇ ਸ਼ਹਿਰ ਦੇ ਅੰਗਰੇਜ਼ੀ ਮਾਧਿਅਮ ਸਕੂਲ ’ਚ ਪੜ੍ਹਾਈ ਕਰਨ ਜਾਂਦੇ ਹਨ ਅਤੇ ਦੁਪਹਿਰ ਡੇਢ ਵਜੇ ਸਕੂਲ ਤੋਂ ਛੁੱਟੀ ਹੋਣ ਤੋਂ ਬਾਅਦ ਉਹ ਨਿਯਮ ਨਾਲ ਉਪਰੋਕਤ ਸਕੂਲਾਂ ’ਚ **ਬਾਕੀ ਸਫ਼ਾ 32 ’ਤੇ**

# ਵਲਟੋਹਾ ਦਾ ਦੋਸ਼-ਬੁਢਾਪਾ ਪੈਨਸ਼ਨ ਵਿਚੋਂ ਹਿੱਸਾ ਮੰਗ ਰਿਹੈ ਕਾਂਗਰਸੀ ਵਿਧਾਇਕ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸਾਬਕਾ ਅਕਾਲੀ ਵਿਧਾਇਕ ਤੇ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਪ੍ਰੋ. ਵਿਰਸਾ ਸਿੰਘ ਵਲਟੋਹਾ ਨੇ ਇੱਥੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਭੁੱਲਰ ਅਤੇ ਉਸ ਦੇ ਪਿਤਾ ਸਾਬਕਾ ਮੰਤਰੀ ਗੁਰਚੇਤ ਸਿੰਘ ਭੁੱਲਰ ’ਤੇ ਦੋਸ਼ ਲਾਇਆ ਕਿ ਉਹ ਹਲਕੇ ਦੇ ਸਰਪੰਚਾਂ ਉਤੇ ਦਬਾਅ ਪਾ ਰਹੇ ਹਨ ਕਿ ਸਰਕਾਰ ਵਲੋਂ ਜਾਰੀ ਕੀਤੀ ਬੁਢਾਪਾ ਪੈਨਸ਼ਨ ਦੀ ਰਕਮ ਵਿਚੋਂ ਕੁਝ ਹਿੱਸਾ ਉਨ੍ਹਾਂ ਨੂੰ ਦਿੱਤਾ ਜਾਵੇ।

ਪ੍ਰੈੱਸ ਕਾਨਫਰੰਸ ਦੌਰਾਨ ਸ੍ਰੀ ਵਲਟੋਹਾ ਨੇ ਕੁਝ ਆਡੀਓ ਰਿਕਾਰਡਿੰਗ ਵੀ ਮੀਡੀਆ ਨੂੰ ਜਾਰੀ ਕੀਤੀਆਂ, ਜਿਸ ਵਿੱਚ ਭੁੱਲਰ ਪਰਿਵਾਰ ਦੇ ਇਕ ਨੇੜਲੇ ਨੂੰ ਸਰਪੰਚ ਨਾਲ ਗੱਲਬਾਤ ਕਰਦੇ ਸੁਣਿਆ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭੁੱਲਰ ਪਰਿਵਾਰ ਦਾ ਇਹ ਨੇੜਲਾ ਵਿਅਕਤੀ ਮਨਜੀਤ ਸਿੰਘ ਭੁੱਲਰ ਉਨ੍ਹਾਂ ਦਾ ਰਿਸ਼ਤੇਦਾਰ ਹੈ ਅਤੇ ਗੁਰਚੇਤ ਸਿੰਘ ਭੁੱਲਰ ਦਾ ਨਿੱਜੀ ਸਹਾਇਕ ਵੀ ਰਿਹਾ ਹੈ, ਜੋ ਸਰਪੰਚਾਂ ਕੋਲੋਂ ਬੁਢਾਪਾ ਪੈਨਸ਼ਨਾਂ ਦਾ ਹਿੱਸਾ ਮੰਗ ਰਿਹਾ ਹੈ। ਉਨ੍ਹਾਂ ਸਰਪੰਚਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਬੁਢਾਪਾ ਪੈਨਸ਼ਨ ਵਿਚੋਂ 50 ਫੀਸਦੀ ਹਿੱਸਾ ਉਨ੍ਹਾਂ ਨੂੰ ਦੇਣ। ਸ੍ਰੀ ਵਲਟੋਹਾ ਨੇ ਦਾਅਵਾ ਕੀਤਾ ਕਿ ਇਸ ਸਬੰਧੀ ਟੈਲੀਫੋਨ ’ਤੇ ਹੋਈ ਗੱਲਬਾਤ ਨੂੰ ਰਿਕਾਰਡ ਕੀਤਾ ਗਿਆ ਹੈ। ਜਿਨ੍ਹਾਂ ਪੰਚਾਇਤਾਂ ਵਲੋਂ ਮੰਗੀ ਰਕਮ ਨਹੀਂ ਦਿੱਤੀ ਜਾ ਰਹੀ, ਉਨ੍ਹਾਂ ਦੀਆਂ ਪੈਨਸ਼ਨਾਂ ਰੋਕੀਆਂ ਜਾ ਰਹੀਆਂ ਹਨ। ਸ੍ਰੀ ਵਲਟੋਹਾ ਨੇ ਆਖਿਆ ਕਿ ਇਹ ਆਡੀਓ ਰਿਕਾਰਡਿੰਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਭੇਜ ਦਿੱਤੀ ਹੈ। ਉਨ੍ਹਾਂ ਭੁੱਲਰ ਸਮਰਥਕ ਇਸ ਵਿਅਕਤੀ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ, ਜੋ ਸੁਖਪਾਲ ਭੁੱਲਰ ਦੇ ਸਮਾਗਮਾਂ ਵਿੱਚ ਦਿਖਾਈ ਦੇ ਰਿਹਾ ਹੈ।

ਦੂਜੇ ਪਾਸੇ ਸਾਬਕਾ ਮੰਤਰੀ ਗੁਰਚੇਤ ਸਿੰਘ ਭੁੱਲਰ ਨੇ ਇਨ੍ਹਾਂ ਦੋਸ਼ਾਂ ਨੂੰ



ਅੰਮ੍ਰਿਤਸਰ ਵਿੱਚ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ।

ਬੇਬੁਨਿਆਦ ਦੱਸਿਆ। ਉਨ੍ਹਾਂ ਦੱਸਿਆ ਕਿ ਹਲਕੇ ਵਿੱਚ ਜਾਅਲੀ ਪੈਨਸ਼ਨਾਂ ਦੀ ਜਾਂਚ ਕੀਤੀ ਜਾ ਰਹੀ ਹੈ, ਜਿਸ ਕਰ ਕੇ ਇਹ ਬੇਲੋੜਾ ਵਿਵਾਦ ਖੜ੍ਹਾ ਕਰਨ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਾਬਕਾ ਵਿਧਾਇਕ ਅਤੇ ਉਸ ਦੇ ਕੁਝ ਸਮਰਥਕ ਸਰਪੰਚਾਂ ਨੇ ਸਰਕਾਰੀ ਰਕਮ ਦੀ ਦੁਰਵਰਤੋਂ ਕੀਤੀ ਹੈ। ਇਸ ਸਬੰਧੀ ਜਾਅਲੀ ਲਾਭਪਾਤਰੀ ਦਿਖਾਏ ਗਏ ਸਨ। ਹੁਣ ਉਹ ਆਪਣੇ ਆਪ ਨੂੰ ਬਚਾਉਣ ਲਈ ਬੇਸਿਰ ਪੈਰ ਦੇ ਦੋਸ਼ ਲਾ ਰਹੇ ਹਨ। ਉਨ੍ਹਾਂ ਕਿਹਾ ਕਿ ਮਨਜੀਤ ਸਿੰਘ ਭੁੱਲਰ ਸਿਰਫ਼ ਇਕ ਕਾਂਗਰਸੀ ਸਮਰਥਕ ਹੈ। ਇਸ ਬਾਰੇ ਵਿਧਾਇਕ ਸੁਖਪਾਲ ਭੁੱਲਰ ਨਾਲ ਸੰਪਰਕ ਨਹੀਂ ਹੋਇਆ।

# ਕੇਵਲ ਕਰਜ਼ਾ ਹੀ ਨਹੀਂ ਹੋਰ ਵੀ ਕਾਰਨ ਨੇ ਕਿਸਾਨਾਂ ਦੀ ਖ਼ੁਦਕੁਸ਼ੀ ਦੇ

**ਮੇਜਰ ਸਿੰਘ**

ਜਲੰਧਰ:ਪੰਜਾਬ ਸਰਕਾਰ ਨੇ ਕਰਜ਼ੇ ਦੀ ਮਾਰ ਹੇਠ ਆਏ ਕਿਸਾਨਾਂ ਦਾ ਕੁਝ ਕਰਜ਼ਾ ਮੁਆਫ਼ ਕਰਕੇ ਉਨ੍ਹਾਂ ਨੂੰ ਵੱਡੀ ਰਾਹਤ ਦੇਣ ਦਾ ਦਾਅਵਾ ਕੀਤਾ ਹੈ, ਪਰ ਕਿਸਾਨ ਖ਼ੁਦਕੁਸ਼ੀਆਂ ਦਾ ਸਿਲਸਿਲਾ ਰੁਕਣ ਦਾ ਨਾਂਅ ਹੀ ਨਹੀਂ ਲੈ ਰਿਹਾ। 20 ਜੂਨ ਤੋਂ 26 ਜੂਨ ਦੇ ਪਿਛਲੇ ਛੇ ਦਿਨਾਂ ਵਿਚ 15 ਕਿਸਾਨ ਤੇ ਖੇਤ ਮਜ਼ਦੂਰ ਆਪਣੀ ਜੀਵਨ ਲੀਲ੍ਹਾ ਖ਼ਤਮ ਕਰ ਗਏ ਹਨ। ਕਿਸਾਨਾਂ ਤੇ ਖੇਤ ਮਜ਼ਦੂਰਾਂ ਅੰਦਰ ਵਾਪਰ ਰਹੀ ਏਨੀ ਵੱਡੀ ਤ੍ਰਾਸਦੀ ਦੇ ਬਾਵਜੂਦ ਨਾ ਤਾਂ ਕਰਜ਼ਾ ਮੁਆਫ਼ ਕਰਨ ਵਾਲੀ ਹੁਕਮਰਾਨ ਧਿਰ ਤੇ ਨਾ ਹੀ ਕਰਜ਼ਾ ਮੁਆਫ਼ੀ ਨੂੰ ਅਧੂਰਾ ਕਹਿਣ ਵਾਲੇ ਵਿਰੋਧੀ ਕਿਸੇ ਕਿਸਾਨ ਜਾਂ ਮਜ਼ਦੂਰ ਦੇ ਸੱਥਰ ਉੱਪਰ ਜਾ ਕੇ ਬੈਠੇ ਹਨ, ਇਥੋਂ ਤੱਕ ਕਿ ਕਿਸਾਨ ਹਿਤੈਸ਼ੀ ਅਖਵਾਉਂਦੀਆਂ ਕਿਸਾਨ ਜਥੇਬੰਦੀਆਂ ਨੇ ਵੀ ਖ਼ੁਦਕੁਸ਼ੀਆਂ ਨੂੰ ਨਿਤ ਦਿਨ ਦਾ ਝੰਜਟ ਸਮਝ ਕੇ ਇਸ ਬਾਰੇ ਗੱਲ ਕਰਨ ਤੋਂ ਟਾਲਾ ਵੱਟ ਰੱਖਿਆ ਹੈ। ਜੇਕਰ ਹਾਕਮ, ਵਿਰੋਧੀ ਜਾਂ ਕਿਸਾਨ ਸੰਗਠਨਾਂ 'ਚੋਂ ਕੋਈ ਕਿਸਾਨਾਂ ਬਾਰੇ ਸੁਹਿਰਦ ਹੋਵੇ ਤਾਂ ਉਹ ਮਾਰੇ ਗਏ ਕਿਸਾਨ ਦੇ ਸੱਥਰ ਉੱਪਰ ਬੈਠ ਕੇ ਲੋਕਾਂ ਨੂੰ ਪੁੱਛੇ ਤਾਂ ਸਹੀ ਕਿ ਉਹ ਅਜੇ ਵੀ ਕਿਉਂ ਜਾਨਾਂ ਦੀ ਆਹੂਤੀ ਦੇਈ ਜਾ ਰਹੇ ਹਨ ? ਗੱਲ ਹੁਣ ਇਹ ਵੀ ਸੋਚਣ ਵਾਲੀ ਹੈ ਕਿ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਮੌਤ ਦੇ ਮੂੰਹ ਵੱਲ ਵਹੀਰਾਂ ਘੱਤਣ ਦਾ ਇਕੋ-ਇਕ ਤੇ ਵੱਡਾ ਕਾਰਨ ਕਰਜ਼ਾ ਹੀ ਹੈ ਜਾਂ ਕਿਤੇ ਸਾਡੇ ਸਮਾਜਿਕ ਤਾਣੇ-ਬਾਣੇ ਦਾ ਤਬਾਹ ਹੋਣਾ ਤਾਂ ਨਹੀਂ ? ਪੰਜਾਬੀ ਸਮਾਜ ਦੀ ਮੁੱਢ ਤੋਂ ਹੀ ਖ਼ੂਬਸੂਰਤੀ ਲੋੜਵੰਦ ਤੇ ਨਿਆਸਰੇ ਦੀ ਢੋਈ ਬਣਨ ਦੀ ਰਹੀ ਹੈ। ਪਰ ਲੱਗਦਾ ਹੈ ਕਿ ਹੁਣ ਖੇਤੀ ਧੰਦੇ ਵਿਚ ਵੀ ਤੇ ਸਮੁੱਚੇ ਪੇਂਡੂ ਭਾਈਚਾਰੇ ਵਿਚ ਵੀ ਢੋਈ ਦੇਣ ਵਾਲੀ ਬਿਰਤੀ ਦੀ ਥਾਂ ਨਿੱਜਵਾਦ ਨੇ ਲੈ ਲਈ ਹੈ। ਭਾਈਚਾਰੇ ਦੀ ਥਾਂ ਨਿੱਜੀ ਖਾਹਿਸ਼ਾਂ ਤੇ ਲੋੜਾਂ ਭਾਰੂ ਹੋ ਗਈਆਂ ਹਨ। ਇਸ ਦਾ ਨਤੀਜਾ ਹੀ ਹੈ ਕਿ 'ਕੱਲੇ-'ਕੱਲੇ ਕਿਸਾਨ ਮੌਤ ਨੂੰ ਗਲੇ ਲਾਉਣ ਲਈ ਮਜਬੂਰ ਹੋ ਰਹੇ ਹਨ ਤੇ ਦੂਜੇ ਦੀ ਪੀੜ ਨੂੰ ਆਪਣੀ ਪੀੜ ਸਮਝਣ ਦਾ ਜ਼ਮਾਨਾ ਹੀ ਲੱਦ ਗਿਆ ਹੈ।



## ਮਾਲਵੇ ਨੂੰ ਪੈ ਰਹੀ ਹੈ ਵੱਡੀ ਮਾਰ

ਮਾਲਵਾ ਖੇਤਰ ਖ਼ੁਦਕੁਸ਼ੀਆਂ 'ਚ ਘਿਰਨ ਵਾਲਾ ਵੱਡਾ ਕੇਂਦਰ ਬਣ ਗਿਆ ਹੈ। ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਮਾਲਵੇ 'ਚ ਨਰਮੇ ਦੇ ਭਾਅ ਤੇ ਉਤਪਾਦਨ 'ਚ ਵਧੇਰੇ ਅਨਿਸਚਤਾ ਰਹਿੰਦੀ ਹੈ। ਇਸ ਖੇਤਰ 'ਚ ਕਿਸਾਨ ਸੰਕਟ ਦਾ ਇਹ ਵੱਡਾ ਕਾਰਨ ਹੈ। ਪਿਛਲੇ 12-15 ਸਾਲਾ 'ਚ ਸਰਕਾਰੀ ਤੌਰ 'ਤੇ ਤਾਂ ਭਾਵੇਂ ਕੋਈ ਅੰਕੜੇ ਕਦੇ ਜਾਰੀ ਨਹੀਂ ਕੀਤੇ, ਪਰ ਵੱਖ-ਵੱਖ ਮਾਹਿਰਾਂ ਤੇ ਕਿਸਾਨ ਸੰਗਠਨਾਂ ਦੇ ਅੰਦਾਜ਼ਿਆਂ ਮੁਤਾਬਿਕ 12-13 ਹਜ਼ਾਰ ਕਿਸਾਨ ਤੇ ਖੇਤ ਮਜ਼ਦੂਰ ਜ਼ਿੰਦਗੀ ਤੋਂ ਹਾਰ ਮੰਨ ਗਏ। ਕਿਸੇ ਵੇਲੇ ਮਾਲਵੇ ਦਾ ਇਹ ਖਿੱਤਾ ਕਿਸਾਨੀ ਸੰਘਰਸ਼ਾਂ ਦਾ ਅਖਾੜਾ ਹੁੰਦਾ ਸੀ। ਪੈਪਸੂ ਵੇਲੇ ਮੁਜਾਰਾ ਲਹਿਰ, ਖੱਬੇ ਪੱਖੀ ਤੇ ਨਕਸਲਬਾੜੀ ਲਹਿਰ ਦੇ ਪ੍ਰਭਾਵ ਹੇਠ ਕਿਸਾਨ ਸੰਘਰਸ਼, ਅਕਾਲੀ ਮੋਰਚਿਆਂ 'ਚ ਕਿਸਾਨਾਂ ਦੀ ਸ਼ਮੂਲੀਅਤ ਤੇ ਫਿਰ 1980ਵਿਆਂ ਦੇ ਨੇੜ ਭਾਰਤੀ ਕਿਸਾਨ ਯੂਨੀਅਨ ਦਾ ਉਭਾਰ ਇਸ ਦੀਆਂ ਉਘੜਵੀਆਂ ਉਦਾਹਰਣਾਂ ਹਨ, ਪਰ ਕਿਸਾਨ ਸੰਗਠਨਾਂ ਦੀ ਲੀਡਰਸ਼ਿਪ ਦਾ ਵੀ ਵਣਜ-ਵਪਾਰ ਵੱਲ ਉਲਾਰ ਤੇ ਸਿਆਸੀ ਲਾਹਾ ਲੈਣ ਦੇ ਵਿਵਹਾਰ ਨੇ ਕਿਸਾਨਾਂ ਨੂੰ ਨਿਰਾਸ਼ਾ ਵੱਲ ਹੀ ਧੱਕਿਆ ਹੈ। ਅਜਿਹੀ ਹਾਲਤ 'ਚ ਕਿਸਾਨ ਸੰਗਠਨ ਵੀ ਕਿਸਾਨਾਂ ਦਾ ਭਰੋਸਾ ਹਾਸਲ ਨਹੀਂ ਕਰ ਸਕੇ। ਧਾਰਮਿਕ ਖੇਤਰ ਵਿਚ ਆਇਆ ਨਿਘਾਰ ਵੀ ਕਿਸਾਨੀ ਦੀ ਮਾਨਸਕਿਤਾ ਨੂੰ ਢਹਿੰਦੀ ਕਲਾ ਵੱਲ ਲਿਜਾਣ ਦਾ ਅਹਿਮ ਕਾਰਨ ਮੰਨਿਆ ਜਾਂਦਾ ਹੈ। ਚੜ੍ਹਦੀ ਕਲਾ ਦਾ ਮੁਹਾਵਰਾ ਪੰਜਾਬੀ ਸਮਾਜ ਦੀ ਸੋਚ ਦਾ ਆਧਾਰ ਰਿਹਾ ਹੈ ਪਰ ਇਸ ਨੂੰ ਵੀ ਵੱਡੀ ਪੱਧਰ 'ਤੇ ਖੋਰਾ ਲੱਗਾ ਹੈ।

## ਕੱਲਾ ਆਰਥਿਕ ਕਾਰਨ ਨਹੀਂ ਖ਼ੁਦਕੁਸ਼ੀ

*ਪਿਛਲੇ ਸਾਲਾਂ ਦੌਰਾਨ ਬਹੁਤ ਸਾਰੇ ਅਰਥ ਸ਼ਾਸਤਰੀਆਂ ਤੇ ਸਿਆਸੀ ਨੇਤਾਵਾਂ ਵੱਲੋਂ ਇਹ ਗੱਲ ਧੁਮਾਈ ਗਈ ਕਿ ਕਿਸਾਨਾਂ ਸਿਰ ਚੜ੍ਹਿਆ ਕਰਜ਼ਾ ਹੀ ਉਨ੍ਹਾਂ ਦੇ ਮੌਤ ਵੱਲ ਵਧਣ ਦਾ ਕਾਰਨ ਹੈ। ਇਸੇ ਕਾਰਨ ਕਰਜ਼ਾ ਮੁਆਫ਼ੀ ਨੂੰ ਇਸ ਦਾ ਹੱਲ ਸਮਝਿਆ ਜਾਣ ਲੱਗਾ। ਇਸ ਗੱਲ 'ਚ ਕੋਈ ਸ਼ੱਕ ਨਹੀਂ ਕਿ 1970 'ਚ ਪੰਜਾਬ ਸਿਰ ਥੋਪਿਆ ਹਰੇ ਇਨਕਲਾਬ ਦਾ ਖੇਤੀ ਪੈਟਰਨ ਪੰਜਾਬੀ ਸਮਾਜ ਤੇ ਇਸ ਦੀਆਂ ਜ਼ਰੂਰਤਾਂ ਦੇ ਅਨੁਕੂਲ ਨਹੀਂ ਸੀ, ਸਗੋਂ ਇਹ ਮੁਨਾਫ਼ੇ ਦੀ ਹੋੜ ਅਧੀਨ ਵਪਾਰਕ ਜੁਗਤ ਦੇ ਉਦੇਸ਼ ਵਾਲਾ ਖੇਤੀ ਮਾਡਲ ਸੀ। ਇਸੇ ਕਾਰਨ ਜਦ ਖੇਤੀ ਦਾ ਸਮੁੱਚਾ ਦਾਰੋਮਦਾਰ ਹੀ ਵਪਾਰ ਉੱਪਰ ਜਾ ਟਿਕਿਆ ਤਾਂ ਕੁਝ ਹੀ ਸਾਲਾਂ ਵਿਚ ਸਦੀਆਂ ਤੋਂ ਚੱਲਿਆ ਆ ਰਿਹਾ ਭਾਈਚਾਰਕ ਸਰੋਕਾਰਾਂ ਵਾਲਾ ਸਮਾਜਿਕ ਤਾਣਾ ਬਾਣਾ ਹੀ ਰੋਲ ਕੇ ਰੱਖ ਦਿੱਤਾ ਗਿਆ। ਇਸ ਅਮਲ ਨੇ ਸਾਡੇ ਪੇਂਡੂ ਸਮਾਜ ਵਿਚ ਪਲਦੀ ਆ ਰਹੀ ਇਕ-ਦੂਜੇ ਦੇ ਸਹਿਯੋਗੀ ਹੋਣ ਦੀ ਸੋਚ ਨੂੰ ਮੁਕਾਬਲੇਬਾਜ਼ੀ ਜਾਂ ਕਿਸੇ ਹੱਦ ਤੱਕ ਸ਼ਰੀਕੇਬਾਜ਼ੀ ਦੀ ਅਜਿਹੀ ਪੁੱਠ ਚਾੜ੍ਹੀ ਕਿ ਪੰਜਾਬੀ 'ਅਸੀਂ' ਤੋਂ 'ਮੈਂ-ਮੈਂ' ਵਿਚ ਬਦਲ ਗਏ। ਉੱਘੇ ਖੇਤੀ ਅਰਥ ਸ਼ਾਸਤਰੀ ਡਾ: ਗਿਆਨ ਸਿੰਘ ਆਖਦੇ ਹਨ ਕਿ ਨਵੀਂ ਜੁਗਤ ਦੀ ਖੇਤੀ ਨੇ ਪੇਂਡੂ ਭਾਈਚਾਰਾ ਤਾਂ ਤੋੜ ਦਿੱਤਾ, ਪਰ ਇਸ ਦੀ ਥਾਂ ਪੂਰਨ ਵਾਲਾ ਨਵਾਂ ਢਾਂਚਾ ਕੋਈ ਵਿਕਸਤ ਨਹੀਂ ਕੀਤਾ। ਇਹ ਹੀ ਪੁਆੜੇ ਦੀ ਜੜ੍ਹ ਬਣ ਗਿਆ ਹੈ।*

## ਕਰਜ਼ਾ ਮੁਆਫ਼ੀ ਕਿ ਤਮਾਸ਼ਾ

ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦੇ ਨਾਂਅ ਉੱਪਰ ਕੀਤੀ ਜਾ ਰਹੀ ਸਿਆਸੀ ਤਮਾਸ਼ੇਬਾਜ਼ੀ ਵੀ ਕਿਸਾਨਾਂ ਦੀ ਮਨੋ-ਅਵਸਥਾ ਨੂੰ ਤੋੜਨ ਦਾ ਕਾਰਨ ਬਣ ਰਹੀ ਹੈ। ਚੋਣਾਂ ਦੌਰਾਨ ਕਾਂਗਰਸ ਨੇ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਨ ਦੇ ਵਾਅਦੇ ਕੀਤੇ, ਪਰ ਵਿਧਾਨ ਸਭਾ 'ਚ ਸਿਰਫ਼ ਫ਼ਸਲੀ ਕਰਜ਼ਾ ਹੀ ਮੁਆਫ਼ ਕਰਨਾ ਦਾ ਐਲਾਨ ਕੀਤਾ ਗਿਆ। ਪਰ ਅਗਲੇ ਦਿਨ ਬਜਟ 'ਚ ਕਰਜ਼ਾ ਮੁਆਫ਼ੀ ਲਈ ਸਿਰਫ਼ 15 ਸੌ ਕਰੋੜ ਰੁਪਏ ਦੀ ਰਕਮ ਰੱਖਣ ਨੇ ਸਾਰੀ ਗੱਲ ਦਾ ਮਜ਼ਾਕ ਹੀ ਬਣਾ ਦਿੱਤਾ। ਖੇਤੀ ਅਰਥਚਾਰੇ ਨਾਲ ਜੁੜੇ ਕਈ ਹੋਰ ਮਾਹਿਰਾਂ ਦਾ ਕਹਿਣਾ ਹੈ ਕਿ ਸਿਆਸੀ ਪਾਰਟੀਆਂ ਨੂੰ ਤਮਾਸ਼ਬੀਨੀ ਛੱਡ ਕੇ ਕਿਸਾਨਾਂ ਦਾ ਭਰੋਸਾ ਹਾਸਲ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਅਜਿਹੇ ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਤੇ ਕਿਸਾਨ ਸੰਗਠਨ ਦੋਵੇਂ ਹੀ ਕਿਸਾਨਾਂ ਦਾ ਭਰੋਸਾ ਹਾਸਲ ਕਰਨ ਦਾ ਕੋਈ ਯਤਨ ਹੀ ਨਹੀਂ ਕਰ ਰਹੇ। ਅਜਿਹੇ ਮਾਹਿਰਾਂ ਦਾ ਮੰਨਣਾ ਹੈ ਕਿ ਜਿਥੇ ਕਿਸਾਨਾਂ ਨੂੰ ਆਰਥਿਕ ਸਹਾਰੇ ਦੀ ਵੱਡੀ ਲੋੜ ਹੈ, ਉਥੇ ਮਾਨਸਿਕ ਹੁਲਾਰਾ ਵੀ ਬੇਹੱਦ ਜ਼ਰੂਰੀ ਹੈ। ਮਾਨਸਿਕ ਹੁਲਾਰਾ ਕਿਸਾਨਾਂ ਦਾ ਭਰੋਸਾ ਜਿੱਤਣ ਨਾਲ ਹੀ ਦਿੱਤਾ ਜਾ ਸਕਦਾ ਹੈ। ਕਰਜ਼ਾ ਮੁਆਫ਼ੀ ਦੇ ਐਲਾਨ ਬਾਅਦ ਵੀ ਜੇਕਰ ਕਿਸਾਨ ਜਾਨਾਂ ਦੀ ਆਹੂਤੀ ਦੇਣ ਵਾਲੇ ਪਾਸੇ ਤੋਂ ਮੋੜ ਨਹੀਂ ਕੱਟ ਰਹੇ, ਤਾਂ ਇਹ ਸਾਡੇ ਸਮਾਜ ਲਈ ਵੱਡੀ ਖ਼ਤਰੇ ਦੀ ਘੰਟੀ ਹੈ। ਇਕ ਨਵਾਂ ਤੱਥ ਇਹ ਉੱਭਰ ਰਿਹਾ ਹੈ ਕਿ ਕਿਸਾਨਾਂ ਦੇ ਲਗਪਗ ਬਰਾਬਰ ਹੀ ਖੇਤ ਮਜ਼ਦੂਰ ਵੀ ਖ਼ੁਦਕੁਸ਼ੀਆਂ ਦੇ ਰਾਹ ਪੈ ਰਹੇ ਹਨ, ਅਜਿਹੇ ਹਾਲਾਤ ਰਾਜ ਅੰਦਰ ਵੱਡੀ ਉਥਲ-ਪੁਥਲ ਤੇ ਵੱਡੇ ਸੰਘਰਸ਼ਾਂ ਨੂੰ ਜਨਮ ਦੇ ਸਕਦੇ ਹਨ।


ਜੀਵਨ ਬੀਮਾ ਪਲਾਨ

1. ਸਾਰੀ ਜ਼ਿੰਦਗੀ ਲਿਵਿੰਗ ਬੈਨੀਫਿਟ, ਜੇ ਕਿਸੇ ਨੂੰ ਦਿਲ ਦਾ ਦੌਰਾ (ਹਾਰਟ ਅਟੈਕ), ਸਟਰੋਕ, ਇਨਵੈਸਿਵ ਕੈਂਸਰ, ਮੇਜਰ ਔਰਗਨ ਟਰਾਂਸਪਲਾਂਟ, (ਅੰਗ ਬਦਲੀ), ਅਧਰੰਗ, ਆਖਰੀ ਪੜਾਅ 'ਤੇ ਗੁਰਦੇ ਖ਼ਰਾਬ ਹੋਣ ਅਤੇ ਵਿਅਕਤੀ ਬਚ ਜਾਵੇ ਤਾਂ ਉਹ ਜਿਉਂਦੇ ਜੀਅ 85% ਰਕਮ ਹਾਸਲ ਕਰ ਸਕਦਾ ਹੈ ਤੇ ਰਹਿੰਦੀ ਰਕਮ ਮੌਤ ਤੋਂ ਬਾਅਦ ਦਿੱਤੀ ਜਾਂਦੀ ਹੈ।
2. ਤਾਅ ਜ਼ਿੰਦਗੀ ਪ੍ਰੀਮੀਅਮ ਵਾਪਸੀ
3. ਪੂਰੀ ਜ਼ਿੰਦਗੀ ਅਤੇ ਯੂਨੀਵਰਸਲ ਲਾਈਫ ਮੌਤ ਹੋਣ ਉਤੇ ਕੈਸ਼ ਦੀ ਗਰੰਟੀ, ਇਹ ਰਕਮ ਪਹਿਲਾਂ ਰਿਟਾਇਰਮੈਂਟ 'ਤੇ ਜਾਂ ਤੁਹਾਡੇ ਬੱਚਿਆਂ ਲਈ ਕਾਲਿਜ ਫੰਡ ਲਈ ਵਰਤੀ ਜਾ ਸਕਦੀ ਹੈ।
4. ਬਜ਼ੁਰਗਾਂ ਲਈ ਫਾਈਨਲ ਐਕਸਪੈਂਸ ਪਲਾਨ ਜਿਸ ਲਈ ਕੋਈ ਟੈਸਟ ਜਾਂ ਮੈਡੀਕਲ ਜਾਂਚ ਨਹੀਂ।

ਸਾਰੀਆਂ ਚੋਟੀ ਦੀਆਂ A+ ਰੇਟਡ ਕੰਪਨੀਆਂ ਜਿਵੇਂ ਕਿ ਐਗਲਾ, ਏਆਈਜੀ, ਜੈਨਵਰਥ, ਓਹਾਈਓ ਨੈਸ਼ਨਲ, ਟਰਾਂਸ ਅਮੈਰਿਕਾ, ਅਸ਼ੋਰਟੀ, ਯੂਨਾਈਟਡ ਆਫ ਓਮਾਹਾ,

ਤੁਹਾਡਾ ਪਰਿਵਾਰ ਤੁਹਾਡੇ ਉਪਰ ਨਿਰਭਰ ਹੈ

ਰੱਬ ਨਾ ਕਰੇ ਜੇ ਤੁਹਾਨੂੰ ਕੁਝ ਹੋ ਜਾਵੇ ਉਹ ਕਿਵੇਂ ਗੁਜ਼ਾਰਾ ਕਰਨਗੇ ?

ਕੀ ਤੁਹਾਡੇ ਤੋਂ ਬਾਅਦ ਤੁਹਾਡੇ ਪਰਿਵਾਰ ਦੀ ਦੇਖਭਾਲ ਲਈ $250,000 ਜਾਂ $500,000 ਜਾਂ ਇਸ ਤੋਂ ਜ਼ਿਆਦਾ ਹੈ ?

ਟਰੱਕ ਵਾਲੇ ਤੇ ਆਮ ਲੋਕਾਂ ਲਈ, ਉਮਰ 20 ਤੋਂ 60 ਸਾਲ, $20-25 ਪ੍ਰਤੀ ਮਹੀਨਾ ਕਿਸ਼ਤ ਦੇ ਕੇ ਬਿਨਾ ਮੈਡੀਕਲ ਇਮਤਿਹਾਨ ਜਾਂ ਟੈਸਟ ਦੇ $250000 ਦੀ ਐਕਸੀਡੈਂਟਲ ਲਾਈਫ ਪਾਲਿਸੀ ਲੈ ਸਕਦੇ ਹਨ।




Life, Health, Medicare, Dental Insurance & All Top Insurance Plans Available In America.

Raminderjit Singh Sekhon 951.751.7455

ਅੱਜ ਹੀ ਕਾਲ ਕਰੋ Toll Free Number 1-800-220-8760

# ਪਾਕਿ : ਬਹਾਵਲਪੁਰ ਨੇੜੇ ਤੇਲ ਟੈਂਕਰ 'ਚ ਧਮਾਕੇ ਕਾਰਨ 151 ਮੌਤਾਂ, 140 ਜ਼ਖ਼ਮੀਂ

**ਲਾਹੌਰ/ਬਿਊਰੋ ਨਿਊਜ਼ :** ਲਹਿੰਦੇ ਪੰਜਾਬ ਵਿਚ ਇਕ ਸ਼ਾਹਰਾਹ ਉਤੇ ਤੇਲ ਟੈਂਕਰ ਪਲਟਣ ਮਗਰੋਂ ਪੈਟਰੋਲ ਇਕੱਠਾ ਕਰਨ ਲਈ ਇਕੱਤਰ ਹੋਏ 151 ਵਿਅਕਤੀ ਅੱਗ ਲੱਗਣ ਕਾਰਨ ਮਾਰੇ ਗਏ ਅਤੇ 140 ਹੋਰ ਜ਼ਖ਼ਮੀਂ ਹੋ ਗਏ। ਕਰਾਚੀ ਤੋਂ ਲਾਹੌਰ ਜਾ ਰਿਹਾ ਤੇਲ ਟੈਂਕਰ ਅੱਜ ਸਵੇਰੇ ਟਾਇਰ ਫਟਣ ਕਾਰਨ ਜ਼ਿਲ੍ਹਾ ਬਹਾਵਲਪੁਰ ਦੇ ਅਹਿਮਦਪੁਰ ਸ਼ਰਕੀਆ ਇਲਾਕੇ ਵਿਚ ਕੌਮੀ ਮਾਰਗ ਉਤੇ ਪਲਟ ਗਿਆ। ਪੈਟਰੋਲ ਇਕੱਠਾ ਕਰਨ ਲਈ ਨੇੜਲੇ ਰਿਹਾਇਸ਼ੀ ਇਲਾਕਿਆਂ ਦੇ ਲੋਕ ਮੌਕੇ ਉਤੇ ਇਕੱਠੇ ਹੋਏ। ਇਸ ਦੌਰਾਨ ਕਿਸੇ ਨੇ ਸਿਗਰਟ ਬਾਲ ਲਈ, ਜਿਸ ਨਾਲ ਅੱਗ ਲੱਗ ਗਈ। ਅਧਿਕਾਰੀਆਂ ਨੇ ਦੱਸਿਆ ਕਿ ਅੱਗ ਦੀ ਲਪੇਟ ਵਿਚ ਆਉਣ ਕਾਰਨ 151 ਵਿਅਕਤੀ ਮਾਰੇ ਗਏ ਅਤੇ 140 ਹੋਰ ਜ਼ਖ਼ਮੀ ਹੋ ਗਏ।



ਬਹਾਵਲਪੁਰ ਦੇ ਜ਼ਿਲ੍ਹਾ ਤਾਲਮੇਲ ਅਧਿਕਾਰੀ (ਡੀਸੀਓ) ਰਾਣਾ ਸਲੀਮ ਅਫ਼ਜ਼ਲ ਨੇ ਇਸ ਨੂੰ ਪਾਕਿਸਤਾਨ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਦੁਖਾਂਤ ਦੱਸਿਆ। ਉਨ੍ਹਾਂ ਕਿਹਾ ਕਿ ਟੈਂਕਰ ਵਿਚੋਂ ਤਕਰੀਬਨ 50 ਹਜ਼ਾਰ ਲਿਟਰ ਪੈਟਰੋਲ ਡੁੱਲਿਆ। ਉਨ੍ਹਾਂ ਦੱਸਿਆ ਕਿ ਬਚਾਅ ਕਾਮਿਆਂ ਨੇ 100 ਤੋਂ ਵੱਧ ਜ਼ਖ਼ਮੀਆਂ ਨੂੰ ਜ਼ਿਲ੍ਹਾ ਹੈੱਡਕੁਆਰਟਰ ਦੇ ਹਸਪਤਾਲ ਅਤੇ ਬਹਾਵਲਪੁਰ ਦੇ ਵਿਕਟੋਰੀਆ ਹਸਪਤਾਲ ਵਿਚ ਤਬਦੀਲ ਕੀਤਾ ਗਿਆ। ਜ਼ਖ਼ਮੀਆਂ ਵਿਚੋਂ ਜ਼ਿਆਦਾਤਰ ਦੀ ਹਾਲਤ ਗੰਭੀਰ ਹੈ। ਅਫ਼ਜ਼ਲ ਨੇ ਕਿਹਾ ਕਿ ਪੀੜਤਾਂ ਵਿਚ ਜ਼ਿਆਦਾਤਰ ਔਰਤਾਂ ਤੇ ਬੱਚੇ ਹਨ। ਬਚਾਅ ਕਾਰਜਾਂ ਵਿਚ ਲੱਗੇ ਅਧਿਕਾਰੀ ਜੇ. ਸੱਜਾਦ ਨੇ ਕਿਹਾ ਕਿ ਜ਼ਿਆਦਾਤਰ ਲਾਸ਼ਾਂ ਪੂਰੀ ਤਰ੍ਹਾਂ ਸੜ ਗਈਆਂ ਅਤੇ ਇਨ੍ਹਾਂ ਦੀ ਪਛਾਣ ਸਿਰਫ਼ ਡੀਐਨਏ ਟੈਸਟਾਂ ਰਾਹੀਂ ਹੋਵੇਗੀ। ਵਿਕਟੋਰੀਆ ਹਸਪਤਾਲ ਵਿਚ ਦਾਖ਼ਲ ਇਕ ਫੱਟੜ ਮੁਹੰਮਦ ਹਨੀਫ਼ (40) ਨੇ ਦੱਸਿਆ ਕਿ ਉਹ ਘਰ ਵਿਚ ਮੌਜੂਦ ਸੀ, ਜਦੋਂ ਉਸ ਦੇ ਚਚੇਰੇ ਭਰਾ ਨੇ ਦੱਸਿਆ ਕਿ ਪਿੰਡ ਦੇ ਲੋਕ ਤੇਲ ਇਕੱਠਾ ਕਰਨ ਲਈ ਕੌਮੀ ਮਾਰਗ ਵੱਲ ਭੱਜ ਰਹੇ ਹਨ। ਉਸ ਨੇ ਦੱਸਿਆ ਕਿ ਭਰਾ ਨੇ ਉਸ ਨੂੰ ਬੋਤਲਾਂ ਲੈ ਕੇ ਆਉਣ ਲਈ ਕਿਹਾ। ਜਦੋਂ ਉਹ ਘਰੋਂ ਬਾਹਰ ਨਿਕਲਿਆ ਤਾਂ ਲੋਕ ਕੌਮੀ ਮਾਰਗ ਵੱਲ ਭੱਜੇ ਜਾ ਰਹੇ ਸਨ ਅਤੇ ਕਈ ਮੋਟਰਸਾਈਕਲਾਂ ਉਤੇ ਵੀ ਸਨ। ਉਹ ਆਪਣੇ ਚਚੇਰੇ ਭਰਾ ਨਾਲ ਸੜਕ ਉਤੇ ਪੁੱਜਿਆ ਅਤੇ ਤੇਲ ਇਕੱਠਾ ਕਰਨ ਲੱਗਿਆ। ਹਨੀਫ਼ ਨੇ ਕਿਹਾ ਕਿ ਅਚਾਨਕ ਟੈਂਕਰ ਫਟ ਗਿਆ ਅਤੇ ਕਈ ਬੰਦੇ ਜਿਊਂਦੇ ਸੜ ਗਏ। ਰਾਸ਼ਿਦ ਤੇ ਉਹ ਟੈਂਕਰ ਤੋਂ ਥੋੜ੍ਹੀ ਦੂਰ ਸਨ, ਜਿਸ ਕਾਰਨ ਉਨ੍ਹਾਂ ਦਾ ਬਚਾਅ ਹੋ ਗਿਆ। ਉਸ ਨੇ ਕਿਹਾ ਕਿ ਪਿੰਡ ਵਾਸੀਆਂ ਦੇ ਲਾਲਚ ਨੇ ਉਨ੍ਹਾਂ ਨੂੰ ਮੌਤ ਦੇ ਮੂੰਹ ਵਿਚ ਧੱਕਿਆ। ਪੰਜਾਬ ਸਰਕਾਰ ਨੇ ਕਿਹਾ ਕਿ ਗੰਭੀਰ ਜ਼ਖ਼ਮੀਆਂ ਨੂੰ ਬਿਹਤਰ ਸਿਹਤ ਸੰਭਾਲ ਸਹੂਲਤਾਂ ਲਈ ਮੁਲਤਾਨ ਦੇ ਫੌਜੀ ਹਸਪਤਾਲ ਤੇ ਨਿਸ਼ਤਰ ਹਸਪਤਾਲ ਵਿਚ ਤਬਦੀਲ ਕਰਨ ਲਈ ਤਿੰਨ ਹੈਲੀਕਾਪਟਰ ਲੱਗੇ ਹੋਏ ਹਨ। ਬਹਾਵਲਪੁਰ ਦੇ ਖੇਤਰੀ ਪੁਲੀਸ ਅਧਿਕਾਰੀ ਰਾਜਾ ਰਿਫਾਤ ਨੇ ਕਿਹਾ ਕਿ ਜਦੋਂ ਮੋਟਰਵੇਅ ਪੁਲੀਸ ਮੁਲਾਜ਼ਮ ਮੌਕੇ ਉਤੇ ਪੁੱਜੇ ਤਾਂ ਟੈਂਕਰ ਪਲਟਿਆ ਹੋਇਆ ਸੀ। ਉਨ੍ਹਾਂ ਕਿਹਾ ਕਿ ਨੇੜਲੇ ਪਿੰਡ ਮੌਜ਼ਾ ਰਮਜ਼ਾਨ ਦੇ ਵਾਸੀ ਵੀ ਉਥੇ ਇਕੱਤਰ ਸਨ। ਪੁਲੀਸ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਚਲੇ ਜਾਣ ਲਈ ਕਿਹਾ ਪਰ ਲੋਕਾਂ ਨੇ ਪੈਟਰੋਲ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ।

ਅਚਾਨਕ ਟੈਂਕਰ ਫਟ ਗਿਆ ਅਤੇ ਸਕਿੰਟਾਂ ਵਿਚ ਹੀ ਅੱਗ ਨੇ ਮੌਕੇ ਉਤੇ ਮੌਜੂਦ ਲੋਕਾਂ ਨੂੰ ਲਪੇਟ ਵਿਚ ਲੈ ਲਿਆ। ਮੌਕੇ ਉਤੇ ਖੜ੍ਹੇ ਦਰਜਨਾਂ ਮੋਟਰਸਾਈਕਲ ਤੇ ਕਾਰਾਂ ਵੀ ਫੂਕੀਆਂ ਗਈਆਂ। ਥਲ ਸੈਨਾ ਮੁਖੀ ਕਮਰ ਜਾਵੇਦ ਬਾਜਵਾ ਨੇ ਆਦੇਸ਼ ਦਿੱਤਾ ਕਿ ਫੌਜ ਬਚਾਅ ਕਾਰਜਾਂ ਵਿਚ ਸਿਵਲ ਪ੍ਰਸ਼ਾਸਨ ਨੂੰ ਸਹਿਯੋਗ ਦੇ ਰਹੀ ਹੈ। ਫੌਜੀ ਹੈਲੀਕਾਪਟਰ ਨੂੰ ਰਾਹਤ ਕਾਰਜਾਂ ਵਿਚ ਲਾਇਆ ਗਿਆ ਹੈ। ਇਹ ਦੁਖਾਂਤ ਅਜਿਹੇ ਸਮੇਂ ਵਾਪਰਿਆ, ਜਦੋਂ ਇਕ ਦਿਨ ਬਾਅਦ ਹੀ ਦੇਸ਼ ਵਿਚ ਈਦ-ਉਲ-ਫਿਤਰ ਦਾ ਤਿਉਹਾਰ ਮਨਾਇਆ ਜਾਣਾ ਹੈ। ਜ਼ਿਕਰਯੋਗ ਹੈ ਕਿ ਦੋ ਸਾਲ ਪਹਿਲਾਂ ਕਰਾਚੀ ਵਿਚ ਤੇਲ ਟੈਂਕਰ ਤੇ ਬੱਸ ਦੀ ਟੱਕਰ ਕਾਰਨ ਅੱਗ ਲੱਗਣ ਨਾਲ 62 ਜਣੇ ਮਾਰੇ ਗਏ ਸਨ।

## ਆਸਟ੍ਰੇਲੀਆ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਪੰਜ ਸਾਲਾਂ 'ਚ ਹੋਈ ਦੁੱਗਣੀ

**ਸਿਡਨੀ/ਬਿਊਰੋ ਨਿਊਜ਼,** ਆਸਟ੍ਰੇਲੀਆ ਵਿਚ ਕੀਤੀ 2016 ਦੀ ਮਰਦਮਸ਼ੁਮਾਰੀ ਅਨੁਸਾਰ ਆਸਟ੍ਰੇਲੀਆ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 1,32,496 ਹੈ। ਇਹ ਉਹ ਅੰਕੜਾ ਹੈ, ਜਿਹੜੇ ਲੋਕ ਘਰਾਂ ਵਿਚ ਪੰਜਾਬੀ ਬੋਲਦੇ ਹਨ। ਪਿਛਲੀ ਮਰਦਮਸ਼ੁਮਾਰੀ ਵਿਚ 71,229 ਲੋਕ ਘਰਾਂ ਵਿਚ ਪੰਜਾਬੀ ਬੋਲਦੇ ਸਨ, ਜਿਹੜੇ ਆਸਟ੍ਰੇਲੀਅਨ ਜਨਸੰਖਿਆ ਦਾ 0.30 ਫੀਸਦੀ ਹਿੱਸਾ ਬਣਦੀ ਹੈ। ਇਸ ਵਾਰ ਪੰਜਾਬੀ ਦੁੱਗਣੇ ਹੋ ਗਏ, ਭਾਵ 0.6 ਫੀਸਦੀ ਹੋ ਗਏ ਹਨ। ਇਥੇ ਗੌਰਤਲਬ ਹੈ ਕਿ ਆਸਟ੍ਰੇਲੀਆ ਵਿਚ 300 ਦੇ ਕਰੀਬ ਘਰਾਂ ਵਿਚ ਵੱਖ-ਵੱਖ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਮਨਡਾਰੀਨ ਅਰਬਿਕ, ਕਨਟੋਨੀਸੀ ਅਤੇ ਵੀਅਤਨਾਮੀ ਭਾਸ਼ਾਵਾਂ ਮੁੱਖ ਤੌਰ 'ਤੇ ਆਸਟ੍ਰੇਲੀਅਨ ਘਰਾਂ ਵਿਚ ਬੋਲੀਆਂ ਜਾਂਦੀਆਂ ਹਨ। ਮਨਡਾਰੀਨ, ਅਰਬਿਕ, ਕਨਟੋਨੀਸੀ ਅਤੇ ਵੀਅਤਨਾਮੀ ਭਾਸ਼ਾਵਾਂ ਮੁੱਖ ਤੌਰ 'ਤੇ ਆਸਟ੍ਰੇਲੀਅਨ ਘਰਾਂ ਵਿਚ ਬੋਲੀਆਂ ਜਾਂਦੀਆਂ ਹਨ। ਸੰਨ 2011 ਵਿਚ 76.8 ਫੀਸਦੀ ਲੋਕ ਘਰਾਂ ਵਿਚ ਅੰਗਰੇਜ਼ੀ ਬੋਲਦੇ ਸਨ, ਜਦਕਿ ਉਹ ਘਟ ਕੇ 72 ਫੀਸਦੀ ਰਹਿ ਗਏ ਹਨ। ਜੇਕਰ ਪੰਜਾਬੀ ਇਲਾਕਿਆਂ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗੱਲ ਕਰੀਏ ਤਾਂ ਮੈਲਬੌਰਨ ਦੇ ਕਰੇਗੀਬਰਨ ਵਿਚ 3940 ਲੋਕ ਪੰਜਾਬੀ ਬੋਲਦੇ ਹਨ ਅਤੇ ਬਲੈਕਟਾਊਨ ਵਿਚ 3246 ਲੋਕ ਹਨ।

# ਕਸ਼ਮੀਰ ਦੇ ਸੈਲਾਨੀ ਕੇਂਦਰ ਗੁਲਮਰਗ ਦੇ ਕੇਬਲ ਕਾਰ ਹਾਦਸੇ 'ਚ 7 ਮੌਤਾਂ

**ਸ੍ਰੀਨਗਰ/ਬਿਊਰੋ ਨਿਊਜ਼ ,** ਜੰਮੂ ਤੇ ਕਸ਼ਮੀਰ ਦੇ ਗੁਲਮਰਗ ਵਿੱਚ ਐਤਵਾਰ ਨੂੰ ਇਕ ਕੇਬਲ ਕਾਰ ਹਾਦਸੇ 'ਚ ਦਿੱਲੀ ਨਾਲ ਸਬੰਧਤ ਇਕ ਪਰਿਵਾਰ ਦੇ ਚਾਰ ਜੀਆਂ ਸਮੇਤ ਸੱਤ ਜਣਿਆਂ ਦੀ ਮੌਤ ਹੋ ਗਈ। ਪੀੜਤਾਂ 'ਚ ਤਿੰਨ ਮੁਕਾਮੀ ਲੋਕ ਵੀ ਸ਼ਾਮਲ ਹਨ। ਪੁਲੀਸ ਮੁਤਾਬਕ ਗੋਂਡੋਲਾ ਕਾਰ ਕੈਬਿਨ ਦੀ ਕੇਬਲ 'ਤੇ ਵੱਡਾ ਦਰਖ਼ਤ ਡਿੱਗਣ ਨਾਲ ਕੇਬਲ ਟੁੱਟ ਗਈ ਤੇ ਕੈਬਿਨ ਸੈਂਕੜੇ ਫੀਟ ਹੇਠਾਂ ਡਿੱਗ ਗਿਆ। ਦਿੱਲੀ ਨਾਲ ਸਬੰਧਤ ਪਰਿਵਾਰ ਦੀ ਸ਼ਨਾਖਤ ਸ਼ਾਲੀਮਾਰ ਬਾਗ਼ ਵਾਸੀ ਜਯੰਤ ਐਂਡਰਾਸਕਰ, ਉਸ ਦੀ ਪਤਨੀ ਮਨੀਸ਼ਾ ਅਤੇ ਦੋ ਧੀਆਂ ਅਨਾਗਾ ਤੇ ਝਾਨਵੀ ਵਜੋਂ ਹੋਈ ਹੈ। ਤਿੰਨ ਮੁਕਾਮੀ ਪੀੜਤਾਂ ਦੀ ਪਛਾਣ ਮੁਖ਼ਤਾਰ ਅਹਿਮਦ ਗਨੀ, ਜਾਵੇਦ ਅਹਿਮਦ ਖਾਂਡੇ ਤੇ ਫ਼ਾਰੂਕ ਅਹਿਮਦ ਵਜੋਂ ਹੋਈ ਹੈ। ਉਂਜ ਿ?ਹ ਤਿੰਨੇ ਟੂਰਿਸਟ ਗਾਈਡ ਮੰਨੇ ਜਾਂਦੇ ਹਨ।

ਦੋ ਪੜਾਵੀ ਗੁਲਮਰਗ ਕਾਰ ਕੇਬਲ ਸੈਲਾਨੀਆਂ ਨੂੰ ਸਮੁੰਦਰ ਤਲ ਤੋਂ 13,780 ਫੁੱਟ ਦੀ ਉਚਾਈ 'ਤੇ ਲੈ ਕੇ ਜਾਂਦੀ ਹੈ। ਇਕ ਘੰਟੇ 'ਚ 600 ਲੋਕਾਂ ਨੂੰ ਲਿਜਾਣ ਦੀ ਕੈਬਿਨ ਸਮਰੱਥਾ ਵਾਲਾ ਇਹ ਕੇਬਲ ਕਾਰ ਪ੍ਰਾਜੈਕਟ ਉਚਾਈ ਪੱਖੋਂ ਵਿਸ਼ਵ ਦਾ ਦੂਜਾ ਪ੍ਰਾਜਕੈਟ ਹੈ। ਜੰਮੂ ਤੇ ਕਸ਼ਮੀਰ ਸਰਕਾਰ ਤੇ ਫ਼ਰੈਂਚ ਫਰਮ ਦੇ ਸਾਂਝੇ ਉੱਦਮ ਨਾਲ ਸ਼ੁਰੂ ਹੋਏ ਇਸ



**ਕੇਬਲ ਕਾਰ ਹਾਦਸੇ 'ਚ ਜ਼ਖ਼ਮੀ ਹੋਏ ਇੱਕ ਬੱਚੇ ਨੂੰ ਚੁੱਕੀ ਜਾਂਦਾ ਸੁਰੱਖਿਆ ਕਰਮੀ।**

ਰੋਪਵੇਅ ਪ੍ਰਾਜੈਕਟ ਦੇ 36 ਕੈਬਿਨ ਤੇ 18 ਟਾਵਰ ਹਨ। ਸਕੀਇੰਗ ਹੱਬ ਵਜੋਂ ਮਕਬੂਲ ਗੁਲਮਰਗ 'ਚ ਸੈਲਾਨੀਆਂ ਲਈ ਇਹ ਪ੍ਰਾਜੈਕਟ ਖਿੱਚ ਦਾ ਕੇਂਦਰ ਹੈ। ਕੇਬਲ ਕਾਰ ਪ੍ਰਾਜੈਕਟ ਚਲਾ ਰਹੀ ਕੰਪਨੀ ਮੁਤਾਬਕ ਇਸ ਰੋਪਵੇਅ ਪ੍ਰਾਜੈਕਟ ਦੇ ਪਹਿਲੇ ਪੜਾਅ ਤਹਿਤ ਕੇਬਲ ਕਾਰ ਲੋਕਾਂ ਨੂੰ 2600 ਮੀਟਰ ਦੀ ਉਚਾਈ 'ਤੇ ਬਣੇ ਗੁਲਮਰਗ ਰਿਜ਼ੌਰਟ ਤੋਂ ਬਾ?ਲ ਆਕਾਰ ਦੀ ਕੌਂਗਡੋਰੀ ਵਾਦੀ 'ਚ ਬਣੇ ਕੌਂਗਡੋਰੀ ਸਟੇਸ਼ਨ ਤਕ ਪਹੁੰਚਾਉਂਦੀ ਹੈ। ਦੂਜੇ ਪੜਾਅ ਤਹਿਤ ਲੋਕਾਂ ਨੂੰ ਕੇਬਲ ਕਾਰ ਜ਼ਰੀਏ 3747 ਮੀਟਰ (12,293 ਫੀਟ) ਦੀ ਉਚਾਈ 'ਤੇ ਕੌਂਗਡੋਰੀ ਪਹਾੜ 'ਤੇ ਲਿਜਾਇਆ ਜਾਂਦਾ ਹੈ। ਦੋ ਜ਼ਖ਼ਮੀਆਂ 'ਚ ਤਾਰਿਕ ਅਹਿਮਦ ਤੇ ਅਜਾਜ਼ ਅਹਿਮਦ ਸ਼ਾਮਲ ਹਨ, ਜਿਨ੍ਹਾਂ ਨੂੰ ਸ੍ਰੀਨਗਰ ਦੇ ਹਸਪਤਾਲ 'ਚ ਦਾਖ਼ਲ ਕਰਵਾ?ਆ ਗਿਆ ਹੈ। ਕੇਬਲ ਕਾਰ ਕੰਪਨੀ ਦੇ ਅਧਿਕਾਰੀ ਮੁਤਾਬਕ ਰੋਪਵੇਅ ਦਾ ਇਸਤੇਮਾਲ ਕਰਨ ਵਾਲੇ ਸੌ ਦੇ ਕਰੀਬ ਫਸੇ ਲੋਕਾਂ ਨੂੰ ਉਥੋਂ ਕੱਢਣ ਲਈ ਰਾਹਤ ਕਾਰਜ ਜਾਰੀ ਹਨ। ਰਾਜ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਤੇਜ਼ ਹਨੇਰੀ ਦੇ ਚਲਦਿਆਂ ਇਹਤਿਆਤ ਵਜੋਂ ਕੇਬਲ ਕਾਰ ਪ੍ਰਾਜੈਕਟ ਨੂੰ ਬੰਦ ਨਾ ਕਰਨ 'ਤੇ ਸਵਾਲ ਉਠਾਏ ਹਨ। ਇਸੇ ਦੌਰਾਨ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਹਾਦਸੇ ਦੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 5-5 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਹਾਦਸੇ ਦੀ ਉਚ ਪੱਧਰੀ ਜਾਂਚ ਦੇ ਹੁਕਮ ਵੀ ਦਿੱਤੇ ਹਨ।

# ਰਾਸ਼ਟਰਪਤੀ ਚੋਣ: ਸੱਤਾਧਾਰੀਆਂ ਦੇ ਉਮੀਦਵਾਰ ਰਾਮ ਨਾਥ ਕੋਵਿੰਦ ਦੇ ਜਿੱਤ ਵਲ ਵਧਦੇ ਕਦਮ

**ਨਵੀਂ ਦਿੱਲੀ/ਬਿਊਰੋ ਨਿਊਜ਼:** ਆਸਾਨ ਜਿੱਤ ਵੱਲ ਵਧ ਰਹੇ ਐਨਡੀਏ ਉਮੀਦਵਾਰ ਰਾਮ ਨਾਥ ਕੋਵਿੰਦ ਨੂੰ ਰਾਸ਼ਟਰਪਤੀ ਦੀ ਚੋਣ ਵਿੱਚ 62 ਫ਼ੀਸਦ ਤੋਂ ਵੱਧ ਵੋਟਾਂ ਮਿਲ ਸਕਦੀਆਂ ਪਰ ਇਹ 2012 ਵਿੱਚ ਮੌਜੂਦਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਪਈਆਂ 69 ਫ਼ੀਸਦ ਵੋਟਾਂ ਤੋਂ ਘੱਟ ਹੋਣਗੀਆਂ। ਪਲੇਠੀ ਦਲਿਤ ਬਨਾਮ ਦਲਿਤ ਰਾਸ਼ਟਰਪਤੀ ਚੋਣ ਵਿੱਚ ਭਗਵਾਂ ਬ੍ਰਿਗੇਡ ਦੇ ਉਮੀਦਵਾਰ ਕੋਵਿੰਦ, ਜਿਨ੍ਹਾਂ ਨੂੰ ਤਕਰੀਬਨ ਸੱਤ ਲੱਖ ਵੋਟਾਂ ਮਿਲਣਗੀਆਂ ਜੋ ਕੁੱਲ 1098903 ਵੋਟਾਂ ਦਾ ਤਕਰੀਬਨ ਦੋ ਤਿਹਾਈ ਬਣਦਾ ਹੈ, ਦਾ ਪਲੜਾ ਭਾਰੀ ਹੈ।

ਰਾਸ਼ਟਰੀ ਜਨਤਾ ਦਲ, ਐਸਪੀ, ਬਸਪਾ, ਟੀਐਮਸੀ ਅਤੇ ਸੀਪੀਆਈ-ਐਮ ਵਰਗੀਆਂ ਕਈ ਖੇਤਰੀ ਪਾਰਟੀਆਂ ਦੇ ਸਮਰਥਨ ਦੇ ਬਾਵਜੂਦ ਵਿਰੋਧੀ ਧਿਰ ਦੀ ਸਾਂਝੀ ਉਮੀਦਵਾਰ ਮੀਰਾ ਕੁਮਾਰ ਨੂੰ ਤਕਰੀਬਨ ਚਾਰ ਲੱਖ ਵੋਟਾਂ ਮਿਲਣ ਦੀ ਸੰਭਾਵਨਾ ਹੈ। ਜੇਡੀ-ਯੂ, ਬੀਜੇਡੀ, ਅੰਨਾ ਡੀਐਮਕੇ, ਟੀਆਰਐਸ ਤੇ ਵਾਈਐਸਆਰ ਕਾਂਗਰਸ ਵਰਗੀਆਂ ਗੈਰ-ਐਨਡੀਏ ਪਾਰਟੀਆਂ ਵੱਲੋਂ ਸਮਰਥਨ ਦਿੱਤੇ ਜਾਣ ਬਾਅਦ ਕੋਵਿੰਦ ਦੀ ਸੌਖੀ ਜਿੱਤ ਦੇ ਆਸਾਰ ਰੌਸ਼ਨ ਹਨ। 17 ਜੁਲਾਈ ਨੂੰ ਹੋਣ ਵਾਲੀ ਚੋਣ ਦੇ ਸਮੀਕਰਨਾਂ ਬਾਰੇ ਜਾਣੂ ਹੋਣ ਕਾਰਨ ਵਿਰੋਧੀ ਧਿਰ ਵੱਲੋਂ ਹੁਣ ਇਸ ਨੂੰ ਵਿਚਾਰਧਾਰਕ ਲੜਾਈ ਦੱਸਿਆ ਜਾ ਰਿਹਾ ਹੈ ਗ਼ੈਰ-ਐਨਡੀਏ ਪਾਰਟੀਆਂ ਦੇ ਸਮਰਥਨ ਬਾਅਦ ਲਾਏ ਗਏ ਇਕ ਅਨੁਮਾਨ ਮੁਤਾਬਕ ਭਾਜਪਾ ਦੇ ਉਮੀਦਵਾਰ ਕੋਵਿੰਦ ਦੀਆਂ 682677 ਵੋਟਾਂ ਪੱਕੀਆਂ ਹਨ। ਦੂਜੇ ਪਾਸੇ ਮੀਰਾ ਕੁਮਾਰ ਦੀਆਂ 376261 ਪੱਕੀਆਂ ਵੋਟਾਂ ਹਨ, ਜੋ 34 ਫ਼ੀਸਦ ਬਣਦੀਆਂ ਹਨ।



'ਆਪ', ਇਨੈਲੋ, ਏਆਈਐਮਆਈਐਮ ਤੇ ਕੁੱਝ ਆਜ਼ਾਦ ਉਮੀਦਵਾਰਾਂ ਨੇ ਹਾਲੇ ਪੱਤੇ ਨਹੀਂ ਖੋਲ੍ਹੇ ਹਨ, ਜਿਨ੍ਹਾਂ ਦੀਆਂ ਤਕਰੀਬਨ 39965 ਵੋਟਾਂ ਬਣਦੀਆਂ ਹਨ।

ਰਾਸ਼ਟਰਪਤੀ ਚੋਣ ਕੋਲਿਜੀਅਮ 'ਚ ਕੁੱਲ 776 ਸੰਸਦ ਮੈਂਬਰ ਹਨ। ਸ੍ਰੀ ਕੋਵਿੰਦ ਨੂੰ 524 ਐਮਪੀਜ਼ ਦਾ ਸਮਰਥਨ ਹਾਸਲ ਹੈ, ਜਿਨ੍ਹਾਂ 'ਚੋਂ 337 ਭਾਜਪਾ ਦੇ ਹਨ। ਮੀਰਾ ਕੁਮਾਰ ਕੋਲ 235 ਸੰਸਦ ਮੈਂਬਰਾਂ ਦਾ ਸਮਰਥਨ ਹੈ। ਦੱਸਣਯੋਗ ਹੈ ਕਿ ਇਕ ਐਮਪੀ ਦੀ ਵੋਟ 708 ਵੋਟਾਂ ਦੇ ਬਰਾਬਰ ਹੈ। ਐਨਡੀਏ ਉਮੀਦਵਾਰ ਨੂੰ 370992 ਐਮਪੀ ਅਤੇ 311685 ਵੋਟਾਂ ਵਿਧਾਇਕਾਂ ਦੀਆਂ ਮਿਲਣੀਆਂ ਹਨ। ਜਦੋਂ ਕਿ ਮੀਰਾ ਕੁਮਾਰ ਨੂੰ 166380 ਵੋਟਾਂ ਐਮਪੀ ਅਤੇ 209881 ਵੋਟਾਂ ਵਿਧਾਇਕਾਂ ਤੋਂ ਮਿਲਣੀਆਂ ਹਨ।

### ਕੋਵਿੰਦ ਦੀ ਦੇਸ਼ ਵਿਆਪੀ ਯਾਤਰਾ

ਲਖਨਊ: ਕੌਮੀ ਜਮਹੂਰੀ ਗੱਠਜੋੜ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਰਾਮ ਨਾਥ ਕੋਵਿੰਦ ਨੇ ਐਤਵਾਰ ਨੂੰ ਆਪਣੇ ਪਿੱਤਰੀ ਰਾਜ ਉੱਤਰ ਪ੍ਰਦੇਸ਼ ਤੋਂ ਦੇਸ਼ਵਿਆਪੀ ਯਾਤਰਾ ਦੀ ਸ਼ੁਰੂਆਤ ਕਰਦਿਆਂ ਰਾਜ ਨਾਲ ਸਬੰਧਤ ਸੰਸਦ ਮੈਂਬਰਾਂ ਅਤੇ ਭਾਜਪਾ ਤੇ ਉਸ ਦੀ ਭਾਈਵਾਲ ਪਾਰਟੀਆਂ ਦੇ ਵਿਧਾਇਕਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਤੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਭੁਪਿੰਦਰ ਯਾਦਵ ਵੀ ਮੌਜੂਦ ਸਨ। ਸ੍ਰੀ ਕੋਵਿੰਦ ਹਵਾਈ ਅੱਡੇ ਤੋਂ ਸਿੱਧੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਦੀ ਅਧਿਕਾਰਤ ਰਿਹਾਇਸ਼ 'ਤੇ ਪੁੱਜੇ ਤੇ ਪਾਰਟੀ ਵਿਧਾਇਕਾਂ ਦੇ ਰੂਬਰੂ ਹੋਏ।

# ਗੀਤਕਾਰ ਜਸਬੀਰ ਗੁਣਾਚੌਰੀਆ ਦਾ ਸੈਕਰਾਮੈਂਟੋ 'ਚ ਸਨਮਾਨ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:**

ਪੰਜਾਬੀ ਦੇ ਵੱਖ ਵੱਖ ਚਰਚਿਤ ਗੀਤਾਂ ਦੇ ਰਚੇਤਾ ਗੀਤਕਾਰ ਜਸਬੀਰ ਗੁਣਾਚੌਰੀਆ ਦਾ ਵਿਸ਼ੇਸ਼ ਸਨਮਾਨ ਸਮਾਗਮ ਸੈਕਰਾਮੈਂਟੋ ਦੇ ਮਿਰਾਜ਼ ਬੈਂਕੁਏਟ ਹਾਲ ਵਿਚ ਰੱਖਿਆ ਗਿਆ, ਇਸ ਪ੍ਰੋਗਰਾਮ ਦਾ ਪ੍ਰਬੰਧ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਵਲੋਂ ਵਿਸ਼ੇਸ਼ ਤੌਰ 'ਤੇ ਕੀਤਾ ਗਿਆ। ਇਸ ਸਮਾਗਮ ਵਿਚ ਵਿਸ਼ੇਸ਼ ਮਹਿਮਾਨ ਵਜੋਂ ਹਾਕੀ ਉਲੰਪੀਅਨ ਸ. ਸੁਰਿੰਦਰ ਸਿੰਘ ਸੋਢੀ ਪਹੁੰਚੇ। ਸਮਾਗਮ ਵਿਚ ਗੀਤ ਸੰਗੀਤ ਵੀ ਚੱਲਿਆ। ਪੰਜਾਬੀ ਗਾਇਕਾ ਸਤਿੰਦਰ ਸੱਤੀ ਤੇ ਰੇਣੂ ਨੇ ਕੁਝ ਗੀਤ ਸਰੋਤਿਆਂ ਨੂੰ ਸੁਣਾਏ। ਇਸ ਮੌਕੇ



ਵੱਖ ਵੱਖ ਬੁਲਾਰਿਆਂ ਨੇ ਜਸਬੀਰ ਗੁਣਾਚੌਰੀਆ ਪ੍ਰਤੀ ਆਪਣੇ ਆਪਣੇ ਵਿਚਾਰ ਰੱਖੇ ਜਿਨ੍ਹਾਂ ਵਿਚ ਉਲੰਪੀਅਨ ਸੁਰਿੰਦਰ ਸਿੰਘ ਸੋਢੀ, ਗੁਰਜਤਿੰਦਰ ਸਿੰਘ ਰੰਧਾਵਾ ਤੇ ਪ੍ਰਗਟ ਸਿੰਘ ਸੰਧੂ ਸ਼ਾਮਲ ਸਨ। ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਦੇ ਪ੍ਰਬੰਧਕਾਂ ਵਲੋਂ

**ਬਾਕੀ ਸਫ਼ਾ 33 'ਤੇ**

## ਯੂਰਪ 'ਚ ਬਹੁਕੌਮੀ ਕੰਪਨੀਆਂ 'ਤੇ ਸਾਈਬਰ ਹਮਲਾ

**ਪੈਰਿਸ/ਬਿਊਰੋ ਨਿਊਜ਼,** ਅਨੇਕਾਂ ਬਹੁਕੌਮੀ ਕੰਪਨੀਆਂ ਨੇ ਕਿਹਾ ਹੈ ਕਿ ਉਹ ਇਕ ਕੌਮਾਂਤਰੀ ਸਾਈਬਰ ਹਮਲੇ ਦਾ ਸ਼ਿਕਾਰ ਹੋਈਆਂ। ਇਹ ਹਮਲਾ ਰੂਸ ਅਤੇ ਯੂਕਰੇਨ ਵਿੱਚ ਸ਼ੁਰੂ ਹੋਇਆ ਤੇ ਫਿਰ ਪੱਛਮੀ ਯੂਰਪ ਵਿੱਚ ਵੀ ਫੈਲ ਗਿਆ। ਡੈਨਮਾਰਕ ਦੀ ਸੁਮੰਦਰੀ ਆਵਾਜਾਈ ਕੰਪਨੀ ਮੀਰਸਕ, ਬਰਤਾਨਵੀ ਇਸ਼ਤਿਹਾਰਬਾਜ਼ੀ ਕੰਪਨੀ ਡਬਲਿਊਪੀਪੀ ਅਤੇ ਫਰਾਂਸੀਸੀ ਸਨਅਤੀ ਗਰੁੱਪ ਸੇਂਟ-ਗੋਬਿਨ ਆਦਿ ਨੇ ਕਿਹਾ ਕਿ ਉਹ ਇਸ ਹਮਲੇ ਦੀ ਜ਼ੱਦ ਵਿੱਚ ਆਈਆਂ ਅਤੇ ਉਨ੍ਹਾਂ ਡੇਟਾ ਦੇ ਨੁਕਸਾਨ ਤੋਂ ਬਚਣ ਲਈ ਸੁਰੱਖਿਆ ਪ੍ਰਬੰਧ ਅਪਣਾਏ ਹਨ।




GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

# ਡਾ. ਐੱਸ.ਪੀ. ਸਿੰਘ ਓਬਰਾਏ ਵਾਪਸ ਪੰਜਾਬ ਪਰਤੇ



**ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ.ਪੀ. ਸਿੰਘ ਓਬਰਾਏ ਦਾ ਵਾਸ਼ਿੰਗਟਨ ਡੀ.ਸੀ. ਵਿਖੇ ਸਨਮਾਨ ਕਰਦੇ ਹੋਏ ਭਾਈ ਰਣਜੀਤ ਸਿੰਘ ਜੀ, ਡਾ. ਇਖਤਿਦਾਰ ਕਰਾਮਾਤ ਚੀਮਾ (ਯੂ.ਕੇ.), ਡਾ. ਪ੍ਰਿਤਪਾਲ ਸਿੰਘ, ਗੁਰਜਤਿੰਦਰ ਸਿੰਘ ਰੰਧਾਵਾ ਅਤੇ ਹੋਰ।**

**ਸੈਕਰਾਮੈਂਟੋ/ਬਿਊਰੋ ਨਿਊਜ਼:** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ.ਪੀ. ਸਿੰਘ ਓਬਰਾਏ ਆਪਣਾ ਅਮਰੀਕਾ ਦੌਰਾ ਪੂਰਾ ਕਰਕੇ ਵਾਪਸ ਪੰਜਾਬ ਪਰਤ ਗਏ ਹਨ। ਅਮਰੀਕਾ 'ਚ ਉਨ੍ਹਾਂ ਨੇ ਵੱਖ-ਵੱਖ ਸਮਾਗਮਾਂ ਵਿਚ ਹਿੱਸਾ ਲਿਆ। ਸਿੱਖ ਕਾਕਸ ਵੱਲੋਂ ਵਾਸ਼ਿੰਗਟਨ ਡੀ.ਸੀ. 'ਚ ਅਮਰੀਕਾ ਦੀ ਰਾਜਧਾਨੀ ਦੇ ਅੰਦਰ ਸਮਾਗਮ ਕਰਵਾਇਆ ਗਿਆ, ਜਿੱਥੇ ਡਾ. ਐੱਸ.ਪੀ. ਸਿੰਘ ਓਬਰਾਏ ਨੂੰ ਸਨਮਾਨਤ ਕੀਤਾ ਗਿਆ। ਉਪਰੰਤ ਸਿੱਖ ਪੈਕ ਵਰਜੀਨੀਆ ਦੇ ਸਮਾਗਮ ਵਿਚ ਵੀ ਡਾ. ਐੱਸ.ਪੀ. ਸਿੰਘ ਓਬਰਾਏ ਵਿਸ਼ੇਸ਼ ਤੌਰ 'ਤੇ ਪਹੁੰਚੇ। ਨਿਊਯਾਰਕ 'ਚ ਮੱਖਣ ਸ਼ਾਹ ਲੁਬਾਣਾ ਗੁਰਦੁਆਰਾ ਸਾਹਿਬ ਵਿਖੇ ਡਾ. ਐੱਸ.ਪੀ. ਸਿੰਘ ਓਬਰਾਏ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਕੈਲੀਫੋਰਨੀਆ ਚੈਪਟਰ ਦੇ ਪ੍ਰਧਾਨ ਗੁਰਜਤਿੰਦਰ ਸਿੰਘ ਰੰਧਾਵਾ ਦਾ ਸਨਮਾਨ ਕੀਤਾ ਗਿਆ। ਇਸੇ ਸ਼ਹਿਰ ਵਿਚ ਹੋਏ ਇਕ ਭਰਵੇਂ ਸਮਾਗਮ ਵਿਚ ਡਾ. ਐੱਸ.ਪੀ. ਸਿੰਘ ਓਬਰਾਏ ਨੇ ਟਰੱਸਟ ਦੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਬੋਸਟਨ ਦੇ ਗੁਰੂ ਘਰ ਵਿਖੇ ਵੀ ਡਾ. ਐੱਸ.ਪੀ. ਸਿੰਘ ਓਬਰਾਏ ਅਤੇ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

# ਇੰਡਿਆਨਾ ਵਰਸਿਟੀ ਵਲੋਂ ਦੋਵਾਂ ਪੰਜਾਬਾਂ ਦੇ ਵਿਦਿਆਰਥੀਆਂ ਦੀ ਵਰਕਸ਼ਾਪ



**ਇੰਡੀਅਨਐਪਲਿਸ/ਬਿਊਰੋ ਨਿਊਜ਼**

ਇੰਡਿਆਨਾ ਯੂਨੀਵਰਸਿਟੀ ਵਿਚ 22 ਤੋਂ 30 ਸਾਲ ਦੀ ਉਮਰ ਦੇ 15 ਭਾਰਤੀ ਪੰਜਾਬੀ ਅਤੇ 15 ਪਾਕਿਸਤਾਨੀ ਪੰਜਾਬੀ ਨੌਜਵਾਨਾਂ ਲਈ 3 ਹਫ਼ਤਿਆਂ ਦੀ ਫਿਲਮਸਾਜ਼ੀ ਵਰਕਸ਼ਾਪ ਲਗਾਈ ਗਈ.ਗ ਕਰੀਬ ਇਕ ਮਹੀਨਾ ਚੱਲੀ ਇਸ ਵਰਕਸ਼ਾਪ ਦਾ ਮਕਸਦ ਦੋਵਾਂ ਦੇਸ਼ਾਂ ਵਿਚਕਾਰ ਵੰਡੇ ਗਏ ਪੰਜਾਬੀਆਂ ਨੂੰ ਇਕੱਠੇ ਕਰਨਾ ਸੀ। ਇਹ ਵਰਕਸ਼ਾਪ ਅਮਰੀਕਾ ਦੇ ਰਾਜ ਵਿਭਾਗ ਅਤੇ ਭਾਰਤ ਵਿਚ ਅਮਰੀਕੀ ਦੂਤਘਰ ਦੁਆਰਾ ਫੰਡ ਕੀਤੀ ਗਈ ਸੀ.ਗ ਵਰਕਸ਼ਾਪ ਬਲੂਮਿੰਗਟਨ ਸ਼ਹਿਰ ਵਿਚ ਸਥਿਤ ਇੰਡਿਆਨਾ ਯੂਨੀਵਰਸਿਟੀ ਦੇ ਮੀਡੀਆ ਸਕੂਲ ਦੀ ਸਹਾਇਕ ਦੀਨ ਬੈਟਸੀ ਗਰਾਬੇ ਵੱਲੋਂ ਯੂਨੀਵਰਸਿਟੀ ਦੇ ਅੰਤਰਰਾਸ਼ਟਰੀ ਵਿਕਾਸ ਵਿਭਾਗ ਦੇ ਸਹਿਯੋਗ ਨਾਲ ਕਰਵਾਈ ਗਈ। ਵਰਕਸ਼ਾਪ ਵਿਚ ਫ਼ਿਲਮਸਾਜ਼ੀ ਦੇ ਵੱਖ-ਵੱਖ ਪੱਖਾਂ ਬਾਰੇ ਸਿਖਲਾਈ ਮੀਡੀਆ ਸਕੂਲ ਦੇ ਅਧਿਆਪਕਾਂ ਨੇ ਦਿੱਤੀ, ਜਿਸ ਵਿਚ ਸੁਜ਼ੈਨ ਸ਼ਵਿਬਜ਼, ਗ੍ਰੈਗ ਵਾਲਰ ਅਤੇ ਜੈਨੀਫਰ ਜੋਨਜ਼ ਸ਼ਾਮਿਲ ਸਨ। ਇਨ੍ਹਾਂ ਤੋਂ ਇਲਾਵਾ ਯੂਨੀਵਰਸਿਟੀ ਦੇ ਸਟਾਫ਼ ਮੈਂਬਰ ਪੂਰਨੂਰ ਇਲੋਲੋਵਾ, ਐਰਿਨ ਮਕੈਨਜ਼ੀ ਅਤੇ ਕ੍ਰਿਸਟੀਨ ਮਾਰਟਿਨਡੇਲ ਨੇ ਕਾਨਫਰੰਸ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਈ।

30 ਪੰਜਾਬੀਆਂ ਨੂੰ 10-10 ਦੇ 3 ਸਮੂਹਾਂ ਵਿਚ ਵੰਡਿਆ ਗਿਆ ਅਤੇ ਹਰ ਸਮੂਹ ਦੀ ਸਿਖਲਾਈ ਲਈ 3 ਸਹਾਇਕ ਇੰਸਟਰਕਟਰ ਐਂਡਰਿਊ ਬਹਿਰੀਂਗਰ, ਔਂਡਰੇ ਸੀਵੁੱਡ ਅਤੇ ਹਾਵੀਏਰ ਰਾਮੀਰੇਜ਼ ਲਗਾਏ ਗਏ ਸਨ। ਭਾਰਤੀ ਪੰਜਾਬੀਆਂ ਵਿਚ ਅਰਜੁਨ ਸੂਰੀ, ਅਰਸ਼ਦੀਪ ਅਰਸ਼ੀ, ਸਹਿਜਮੀਤ ਮੀਸ਼ਾ, ਸੱਤਦੀਪ ਗਿੱਲ, ਸੁਖਨਸਾਰ ਸਿੰਘ, ਸੁਮੀਤ ਸਿੰਘ, ਕਰਨਵੀਰ ਸਿੰਘ, ਕ੍ਰਿਸ਼ਮਨ ਸਿੰਘ, ਗੌਰਵ ਕੁਮਾਰ, ਜੱਸੀ ਸੰਘਾ, ਜੋਤੀ ਅਨੇਜਾ, ਡਲਸੀ ਸੂਰੀ, ਪ੍ਰਤੀਕ ਬਾਗੀ, ਵਿੱਠਲ ਭਾਰਦਵਾਜ ਅਤੇ ਵਿਵੇਕਜੋਤ ਬਰਾੜ ਸ਼ਾਮਲ ਸਨ। ਦੂਜੇ ਪਾਸੇ ਪਾਕਿਸਤਾਨੀ ਪੰਜਾਬੀਆਂ ਵਿੱਚ ਅਬਦੁਲ ਬਾਸਿਤ, ਆਇਸ਼ਾ ਬਸ਼ਰਤ, ਈਸ਼ਾ ਸ਼ਕੀਲ, ਇਫ਼ਰਾਹ ਅਹਿਮਦ, ਸਮੀਨ ਅਰੂਬਾ ਚੌਧਰੀ, ਸਲੀਮ ਰਾਜ਼ੀਆ, ਹਾਇਰਾ ਬਸਿਤ, ਹੈਦਰ ਮਹਿਦੀ, ਜ਼ਾਹਰਾ ਰੁਖੇ ਨਕਵੀ, ਨਰਮੀਨ ਇਜਾਜ਼, ਨਵਾਜ਼ ਖੁਰਮ ਸ਼ੇਖ਼, ਫ਼ਸੀ-ਉਲ-ਇਦਰਾਕ, ਮੂਸਾ ਹਸਨ, ਰਹਿਮਾਨ ਇਲਿਆਸ ਅਤੇ ਵਿੱਕੀ ਯੁਆਂਗ ਯੀ-ਯਿਨ ਨੇ ਇਸ ਉਦਮ ਨੂੰ ਸਫ਼ਲ ਬਣਾਉਣ ਲਈ ਯੋਗਦਾਨ ਪਾਇਆ।

# ਕਰਮਨ ਪੰਜਾਬੀ ਸਕੂਲ ਦਾ ਸ਼ਾਨਦਾਰ ਸਾਲਾਨਾ ਸੱਭਿਆਚਾਰਕ ਪ੍ਰੋਗਰਾਮ



**ਫਰਿਜ਼ਨੋ/(ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਕੈਲੀਫੋਰਨੀਆਂ ਦੇ ਚੋਖੀ ਪੰਜਾਬੀ ਵਸੋਂ ਵਾਲੇ ਸ਼ਹਿਰ ਫਰਿਜ਼ਨੋ ਨੇੜਲੇ ਕਰਮਨ ਸ਼ਹਿਰ ਵਿਖੇ ਕਰਮਨ ਪੰਜਾਬੀ ਸਕੂਲ ਵੱਲੋਂ ਸਾਲ ਦੀ ਸਮਾਪਤੀ 'ਤੇ ਸਾਲ ਭਰ ਦੀਆਂ ਪ੍ਰਾਪਤੀਆਂ ਦੀ ਪਰਿਵਾਰਾਂ ਨਾਲ ਸਾਂਝ ਪਾਉਦੇ ਹੋਏ ਸੱਭਿਆਚਾਰਕ ਪ੍ਰੋਗਰਾਮ ਕਰਮਨ ਕਮਿਊਨਟੀ ਸੈਂਟਰ ਵਿੱਚ ਕੀਤਾ ਗਿਆ। ਇਸ ਦੀ ਸੁਰੂਆਤ ਸਕੂਲ ਦੇ ਪ੍ਰਧਾਨ ਸ. ਗੁਰਜੰਟ ਸਿੰਘ ਗਿੱਲ ਦੀ ਅਗਵਾਈ ਅਧੀਨ ਸਮੁੱਚੇ ਪ੍ਰਬੰਧਕੀ ਬੋਰਡ ਮੈਂਬਰਾਂ ਦੁਆਰਾ ਭਰੇ ਹਾਲ ਅੰਦਰ ਸਮੂੰਹ ਹਾਜ਼ਰ ਪਰਿਵਾਰਾਂ ਨੂੰ 'ਜੀ ਆਇਆਂ' ਕਹਿੰਦੇ ਹੋਏ ਕੀਤੀ ਗਈ। ਇਨ੍ਹਾਂ ਵਿੱਚ ਮੀਤ ਪ੍ਰਧਾਨ ਕੁਲਵੰਤ ਸਿੰਘ ਉੱਭੀ, ਸਕੱਤਰ ਜਸਮੀਤ ਕੌਰ ਮਾਨ, ਖਜਾਨਚੀ ਕਮਲਜੀਤ ਸਿੰਘ ਸਰ੍ਹਾਂ ਤੋਂ ਇਲਾਵਾ ਬੋਰਡ ਮੈਂਬਰਾਂ ਵਿੱਚੋਂ ਕਮਲਜੀਤ ਕੌਰ ਬੈਂਸ਼, ਹਰਦੀਪ ਕੌਰ ਜਾਨੀ ਅਤੇ ਬਲਜੀਤ ਕੌਰ ਜੌਹਲ ਸਾਮਲ ਸਨ।

ਪਹਿਲਾ ਬੱਚਿਆਂ ਵੱਲੋਂ ਪ੍ਰਮਾਤਮਾ ਦਾ ਸੁਕਰਾਨਾ ਕਰਦੇ ਹੋਏ ਗੁਰਬਾਣੀ ਸ਼ਬਦ ਉਚਾਰਣ ਕੀਤਾ ਗਿਆ। ਸਾਰੇ ਸਾਲ ਦੀਆਂ ਸਕੂਲ ਦੀਆਂ ਸਰਗਰਮੀਆਂ ਅਤੇ ਪ੍ਰਾਪਤੀਆਂ ਨੂੰ ਦਿਖਾਉਦੇਂ ਸਲਾਈਡ ਸ਼ੋਅ ਨੂੰ ਗੁਰਪ੍ਰੀਤ ਸਿੰਘ ਜਾਨੀ ਨੇ ਪੇਸ਼ ਕੀਤਾ। ਇਸ ਉਪਰੰਤ ਸੁਰੂ ਹੋਇਆ ਖੁੱਲ੍ਹਾ ਸੱਭਿਆਚਾਰਕ ਮੇਲਾ ਜਿਸ ਵਿੱਚ ਬੱਚਿਆਂ ਨੇ ਆਪਣੇ ਸੱਭਿਆਚਾਰ ਪ੍ਰਤੀ ਪਿਆਰ ਦਿਖਾਉਦੇ ਹੋਏ ਗਿੱਧੇ ਅਤੇ ਭੰਗੜੇ ਦੇ ਵੱਖ-ਵੱਖ ਗਰੁੱਪਾ ਵਿੱਚ ਜੌਹਰ ਦਿਖਾਏ। ਇਸ ਸਮੇਂ ਬੱਚਿਆਂ ਵੱਲੋਂ ਸਪੀਚ ਅਤੇ ਸਕਿੱਟਾਂ ਵੀ ਪੇਸ਼ ਕੀਤੀਆਂ ਗਈਆਂ। ਅੰਤਲੇ ਪਲਾਂ ਵਿੱਚ ਸਭ ਨੇ ਨੱਚਦੇ-ਟੱਪਦੇ ਇਸ ਪਰਿਵਾਰਕ ਮਹੌਲ ਨੂੰ ਬਹੁਤ ਮੰਨੋਰੰਜ਼ਕ ਬਣਾ ਦਿੱਤਾ। ਸਭਿਆਚਾਰਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਮੈਂਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸਥਾਨਿਕ ਕੌਂਸਲ ਮੈਂਬਰ ਰਾਜ ਧਾਲੀਵਾਲ ਨੇ ਵੀ ਹਾਜ਼ਰੀਨ ਨੂੰ ਸੰਬੋਧਿਤ ਕੀਤਾ। ਬੱਚਿਆਂ ਨੂੰ ਭੰਗੜਾ ਸਿਖਾਉਣ ਕੋਚਾਂ ਵਿਚ ਗੁਰਪ੍ਰੀਤ ਸਿੰਘ ਗਿੱਲ ਅਤੇ ਗੁਰਦੀਪ ਸਿੰਘ ਨਾਹਲ ਸ਼ਾਮਲ ਹਨ। ਜਦ ਕਿ ਗਿੱਧਾ ਕੋਚ ਗੁਰਪ੍ਰੀਤ ਕੌਰ ਬਰਾੜ, ਜੱਸੂ ਹੇਅਰ, ਸੁਖਵਿੰਦਰ ਕੌਰ ਸਰ੍ਹਾਂ, ਰਾਜਿੰਦਰ ਕੌਰ ਗਿੱਲ ਅਤੇ ਮਨਪ੍ਰੀਤ ਕੌਰ ਹੇਅਰ ਨੇ ਸਲਾਘਾਯੋਗ ਕੰਮ ਕੀਤਾ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਕੁਲਵੰਤ ਸਿੰਘ ਉੱਭੀ ਅਤੇ ਦਵਿੰਦਰ ਕੌਰ ਸਰ੍ਹਾਂ ਨੇ ਬਾਖ਼ੂਬੀ ਕੀਤਾ।

ਪ੍ਰੋਗਰਾਮ ਦੌਰਾਨ 'ਜ਼ੈਕਾਰਾ ਮੂਵਮੈਂਟ' ਵੱਲੋਂ ਹਾਜ਼ਰੀਨ ਨਾਲ ਆਪਣੀਆਂ ਗਤੀਵਿਧੀਆਂ ਬਾਰੇ ਸਾਂਝ ਪਾਈ ਗਈ। ਇਸ ਤੋਂ ਇਲਾਵਾ ਬੱਚਿਆਂ ਲਈ ਹੌਸਲਾ ਅਫਜ਼ਾਈ ਕਰਦੇ ਹੋਏ ਬਹੁਤ ਸਾਰੇ ਰੈਂਫਲ ਡਰਾਅ ਵੀ ਕੱਢੇ ਗਏ। ਇਸ ਸਮੁੱਚੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਅਧਿਆਪਕ ਸੁਖਵਿੰਦਰ ਕੌਰ ਸਰ੍ਹਾਂ, ਰਾਜਿੰਦਰ ਕੌਰ ਗਿੱਲ, ਦਵਿੰਦਰ ਕੌਰ ਸਰ੍ਹਾਂ, ਬਲਜੀਤ ਕੌਰ ਜੌਹਲ, ਕਰਮਵੀਰ ਸਿੰਘ, ਜਸਮੀਤ ਕੌਰ ਹੇਅਰ, ਸਿਮਰਦੀਪ ਕੌਰ ਹੇਅਰ, ਜਸਮੀਨ ਮਾਨ, ਪਰਮਵੀਰ ਸਿੰਘ, ਬਲਜੀਤ ਕੌਰ ਸਰ੍ਹਾਂ, ਮਨੀ ਹੇਅਰ ਅਤੇ ਗੁਰਪ੍ਰੀਤ ਕੌਰ ਬਰਾੜ ਨੇ ਬਹੁਤ ਯੋਗਦਾਨ ਪਾਇਆ। ਵੰਨ-ਸਵੰਨੇ ਖਾਣਿਆਂ ਦਾ ਲੱਗਾ ਸਟਾਲ ਵੀ ਸੱਭਿਆਚਾਰ ਦੇ ਨਾਲ-ਨਾਲ ਪੰਜਾਬੀ ਮਹਿਕ ਖਿਲਾਰ ਰਿਹਾ ਸੀ। ਇੱਥੇ ਫਰੀ ਖਾਣਿਆਂ ਦਾ ਵੀ ਸਭ ਨੇ ਖੂਬ ਅਨੰਦ ਮਾਣਿਆ। ਫੋਟੋਗ੍ਰਾਫੀ ਅਤੇ ਵੀਡੀਉ ਸੇਵਾ ਉਅੰਕਾਰ ਸਟੂਡੀਉ ਫਰਿਜ਼ਨੋ ਵੱਲੋਂ ਕੀਤੀ ਗਈ। ਅਗਲੇ ਸਾਲ ਫਿਰ ਤੋਂ ਅਜਿਹਾ ਪ੍ਰੋਗਰਾਮ ਕਰਨ ਦਾ ਵਾਅਦਾ ਕਰਦੇ ਹੋਏ ਇਹ ਸੱਭਿਆਚਾਰਕ ਪ੍ਰੋਗਰਾਮ ਸੰਪੂਰਨ ਹੋਇਆ।

ਵਰਨਣਯੋਗ ਹੈ ਕਿ ਇਹ ਸਕੂਲ ਹਰ ਐਤਵਾਰ ਕਰਮਨ ਗੁਰੂਘਰ ਦੁਆਰਾ ਸਪੈਸ਼ਲ ਸਕੂਲ ਲਈ ਬਣਾਏ ਗਏ ਗਏ ਕਮਰਿਆਂ ਵਿੱਚ ਲਗਦਾ ਹੈ ਜਿੱਥੇ ਬੱਚਿਆਂ ਨੂੰ ਪੰਜਾਬੀ, ਸਿੱਖ ਇਤਿਹਾਸ, ਗੁਰਬਾਣੀ ਕੀਰਤਨ ਅਤੇ ਸੱਭਿਆਚਾਰਕ ਸਿੱਖਿਆ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਸਕੂਲ ਵੱਲ ਪ੍ਰੇਰਿਤ ਕਰਨ ਲਈ ਅਮਰੀਕਨ ਸਕੂਲਾਂ ਵਾਂਗ ਦੇਖਣਯੋਗ ਥਾਵਾਂ ਦੀ ਯਾਤਰਾ (ਟੂਰ) ਵੀ ਕਰਵਾਈ ਜਾਂਦੀ ਹੈ।

# 30 ਸਤੰਬਰ ਤੱਕ ਆਧਾਰ ਤੋਂ ਬਿਨਾਂ ਹੀ ਮਿਲਣਗੇ ਸਾਰੇ ਲਾਭ

**ਨਵੀਂ ਦਿੱਲੀ/ਬਿਊਰੋ ਨਿਊਜ਼,** ਸੁਪਰੀਮ ਕੋਰਟ ਨੇ ਸਰਕਾਰੀ ਯੋਜਨਾਵਾਂ ਦੇ ਲਾਭ ਲਈ ਆਧਾਰ ਕਾਰਡ ਨੂੰ ਲਾਜ਼ਮੀ ਬਣਾਉਣ ਵਾਲੇ ਕੇਂਦਰ ਸਰਕਾਰ ਦੇ ਨੋਟੀਫਿਕੇਸ਼ਨ 'ਤੇ ਅੰਤ੍ਰਿਮ ਆਦੇਸ਼ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਜਸਟਿਸ ਏ.ਐੱਮ, ਖਾਂਨਵਿਲਕਰ ਤੇ ਜਸਟਿਸ ਨਵੀਨ ਸਿਨਹਾ ਦੀ ਬੈਂਚ ਨੇ ਕਿਹਾ ਕਿ ਉਹ ਪਟੀਸ਼ਨ ਕਰਤਾਵਾਂ ਦੇ ਮਹਿਜ਼ ਸ਼ੱਕ ਦੇ ਆਧਾਰ 'ਤੇ ਕੋਈ ਆਦੇਸ਼ ਨਹੀਂ ਦੇਣਗੇ ਕਿ ਲੋਕਾਂ ਨੂੰ ਮਿਲਣ ਵਾਲੀਆਂ ਕਈ ਸਮਾਜ ਕਲਿਆਣ ਸਕੀਮਾਂ ਦਾ ਲਾਭ ਆਧਾਰ ਕਾਰਡ ਦੀ ਅਣਹੋਂਦ 'ਚ ਨਹੀਂ ਮਿਲ ਸਕੇਗਾ। ਅਦਾਲਤ ਨੇ ਕਿਹਾ ਕਿ ਜਦੋਂ ਕੇਂਦਰ ਨੇ 30 ਸਤੰਬਰ ਤੱਕ ਇਸ ਮਾਮਲੇ 'ਚ ਛੋਟ ਦਿੱਤੀ ਹੋਈ ਹੈ ਤਾਂ ਇਸ ਸਬੰਧੀ ਜਲਦਬਾਜ਼ੀ ਕਿਉਂ ਕੀਤੀ ਜਾ ਰਹੀ ਹੈ। ਕੇਂਦਰ ਵੱਲੋਂ ਅਦਾਲਤ 'ਚ ਦੱਸਿਆ ਗਿਆ ਕਿ 22 ਜੂਨ ਨੂੰ ਇਕ ਹੋਰ ਨੋਟੀਫਿਕੇਸ਼ਨ ਜਾਰੀ ਕਰਕੇ ਕਿਹਾ ਹੈ ਕਿ ਜਿਨ੍ਹਾਂ ਲੋਕਾਂ ਕੋਲ ਆਧਾਰ ਕਾਰਡ ਨਹੀਂ ਹਨ ਉਹ 30 ਸਤੰਬਰ ਤੱਕ ਆਧਾਰ ਕਾਰਡ ਬਣਵਾਉਣ ਲਈ ਅਰਜ਼ੀ ਦੇ ਸਕਦੇ ਹਨ ਤੇ ਉਸ ਸਮੇਂ ਤੱਕ ਦੂਜੇ ਪਹਿਚਾਣ ਪੱਤਰਾਂ ਦੇ ਆਧਾਰ 'ਤੇ ਲਾਭ ਲੈ ਸਕਦੇ ਹਨ। ਪਟੀਸ਼ਨਕਰਤਾਵਾਂ ਵੱਲੋਂ ਕਿਹਾ ਗਿਆ ਹੈ ਕਿ ਇਹ ਛੋਟ ਸਿਰਫ ਉਨ੍ਹਾਂ ਲਈ ਹੈ ਜਿਨ੍ਹਾਂ ਕੋਲ ਆਧਾਰ ਕਾਰਡ ਨਹੀਂ ਹੈ ਜਦੋਂਕਿ ਇਹ ਛੋਟ ਸਭ ਲੋਕਾਂ ਨੂੰ ਮਿਲਣੀ ਚਾਹੀਦੀ ਹੈ ਕਿਉਂਕਿ ਆਧਾਰ ਲਾਜ਼ਮੀ ਨਹੀਂ ਹੈ, ਸਗੋਂ ਮਰਜ਼ੀ ਅਨੁਸਾਰ ਹੈ ਅਤੇ ਅਜਿਹੇ 'ਚ ਬੱਚਿਆਂ ਤੇ ਹੋਰਨਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਤੋਂ ਰੋਕਿਆ ਨਹੀਂ ਜਾ ਸਕਦਾ।

# ਉੱਘੇ ਗਾਇਕ ਸੂਫ਼ੀ ਬਲਬੀਰ ਦੀ ਪੁਸਤਕ "ਨਿੱਕਾ ਜਿਹਾ ਕੰਮ" ਲੋਕ ਅਰਪਿਤ



**ਫਰਿਜਨੋ/(ਨੀਟਾ ਮਾਛੀਕੇ/ਕੁਲਵੰਤ ਧਾਲੀਆਂ):** ਲੋਕ ਗਾਇਕ ਸੂਫ਼ੀ ਬਲਬੀਰ ਪਿਛਲੇ ਦਿਨੀਂ ਫਰਿਜਨੋ ਵਿੱਖੇ ਆਏ, ਜਿਥੇ ਉਹਨਾਂ ਨੇ ਪੰਜਾਬੀ ਮਾਂ ਬੋਲੀ ਦੇ ਵਿਹੜੇ ਇੱਕ ਹੋਰ ਮੀਲ ਪੱਥਰ ਗੱਡਦਿਆਂ ਆਪਣੀ ਸ਼ਾਇਰੋ ਸ਼ਾਇਰੀ ਦੀ ਪੁਸਤਕ "ਨਿੱਕਾ ਜਿਹਾ ਕੰਮ" ਸਥਾਨਿਕ ਇੰਡੀਆ ਓਵਨ ਰੈਸਟੋਰੈਂਟ ਵਿੱਖੇ ਇੱਕ ਸਾਦੇ ਸਮਾਗਮ ਦੌਰਾਂਨ ਲੋਕ ਅਰਪਿਤ ਕੀਤੀ। ਇਸ ਮੌਕੇ ਉਘੇ ਸ਼ਾਇਰ ਹਰਜਿੰਦਰ ਕੰਗ ਨੇ ਸੂਫ਼ੀ ਨੂੰ ਇੱਕ ਨਵੇਕਲਾ ਸ਼ਾਇਰ ਗਰਦਾਨਦਿਆਂ ਉਹਨਾਂ ਇੱਕ ਸ਼ੇਅਰ ਨਾਲ ਹਾਜਰੀ ਲਵਾਈ।

ਹੋਰਨਾਂ ਤੋਂ ਇਲਾਵਾ ਗੈਰੀ ਢੇਸੀ, ਡਾਕਟਰ ਅਰਜਨ ਸਿੰਘ ਜੋਸ਼ਨ, ਸ਼ਾਇਰ ਦਲਜੀਤ ਰਿਆੜ, ਰਾਜ ਬਰਾੜ ਆਦਿ ਨੇ ਬਲਵੀਰ ਸੂਫ਼ੀ ਨੂੰ ਮੁਬਾਰਕਬਾਦ ਦਿੱਤੀ ਅਤੇ ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਕੀਤਾ। ਇਸ ਸਮਾਗਮ ਵਿੱਚ ਫਰਿਜਨੋ ਏਰੀਏ ਦੀਆਂ ਸਿਰ-ਕੱਢ ਹਸਤੀਆਂ ਨੇ ਸ਼ਿਰਕਤ ਕੀਤੀ। ਪੰਜਾਬੀ ਸਹਿਤ ਵਿੱਚ ਇਹ ਸ਼ਾਇਦ ਪਹਿਲੀ ਵਾਰ ਹੋਇਆ ਹੋਵੇ ਕਿ ਕਿਸੇ ਗਾਇਕ ਨੇ ਪੁਸਤਕ ਲਿਖ ਕੇ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈ ਹੋਏ। ਲੋਕ ਗਾਇਕ ਸੂਫ਼ੀ ਬਲਬੀਰ ਨੇ ਆਪਣੇ ਗੀਤਾਂ ਰਾਹੀਂ ਉਹ ਅਣਛੋਹੇ ਵਿਸ਼ੇ ਛੋਏ ਹਨ, ਜਿਨ੍ਹਾਂ ਵੱਲ ਅੱਜ ਤੱਕ ਕਿਸੇ ਲੇਖਕ ਜਾਂ ਗਾਇਕ ਦਾ ਧਿਆਨ ਹੀ ਨਹੀਂ ਗਿਆ। ਉਹਨਾਂ ਦੇ ਲਿਖੇ ਤੇ ਗਾਏ ਗੀਤ "ਚੌਂਕੀਦਾਰ" ਅਤੇ "ਵਣਜਾਰਾ" ਬਹੁਤ ਮਕਬੂਲ ਹੋਏ ਸਨ।

# ਪਾਕਿ ਜਾਣ ਵਾਲੇ ਜਥਿਆਂ ਦੀ ਸੁਰੱਖਿਆ ਦਾ ਜ਼ਿੰਮਾ ਲਵੇ ਕੇਂਦਰ ਸਰਕਾਰ: ਬਡੂੰਗਰ

**ਪਟਿਆਲਾ/ਬਿਊਰੋ ਨਿਊਜ਼,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਕੇਂਦਰ ਸਰਕਾਰ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥਿਆਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਲੈਣ ਤੋਂ ਪਿੱਛੇ ਨਾ ਹਟੇ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਦੇ ਗ਼ੈਰ-ਜ਼ਿੰਮੇਵਾਰਾਨਾ ਰਵੱਈਏ ਕਾਰਨ ਸਿੱਖ ਸ਼ਰਧਾਲੂਆਂ ਦੇ ਵਿਸ਼ਵਾਸ ਨੂੰ ਢਾਹ ਲੱਗੀ ਹੈ, ਕਿਉਂਕਿ ਸਰਕਾਰ ਆਪਣੀ ਨੈਤਿਕ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ।ਗੁਰਦੁਆਰਾ ਦੂਖ ਨਿਵਾਰਣ ਸਾਹਿਬ ਵਿਖੇ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਪ੍ਰੋ. ਬਡੂੰਗਰ ਨੇ ਕੇਂਦਰ ਸਰਕਾਰ ਵੱਲੋਂ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਪ੍ਰਤੀ ਅਪਣਾਏ ਰਵੱਈਏ ਨੂੰ ਮੰਦਭਾਗਾ ਦੱਸਿਆ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਨੂੰ ਸਿੱਖ ਮਸਲਿਆਂ ਬਾਰੇ ਮੰਗ ਪੱਤਰ ਸੌਂਪਿਆ ਸੀ, ਜਿਸ ਦੇ ਮੱਦੇਨਜ਼ਰ ਰਾਸ਼ਟਰਪਤੀ ਵੱਲੋਂ ਕੇਂਦਰ ਦੇ ਵੱਖ-ਵੱਖ ਵਿਭਾਗਾਂ ਨੂੰ ਕਾਰਵਾਈ ਲਈ ਪੱਤਰ ਲਿਖਿਆ ਗਿਆ ਹੈ। ਪ੍ਰੋ. ਬਡੂੰਗਰ ਨੇ ਕਿਹਾ ਕਿ ਇਸ ਸਮੁੱਚੀ ਕਾਰਵਾਈ ਦੀ ਦੇਖ-ਰੇਖ ਲਈ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਦੀਆਂ ਕਮੇਟੀਆਂ ਬਣਾਈਆਂ ਗਈਆਂ ਹਨ, ਜੋ ਇਨ੍ਹਾਂ ਮਸਲਿਆਂ ਸਬੰਧੀ ਕੇਂਦਰ ਦੀ ਸਟੈਂਡ ਬਾਰੇ ਜਾਣਕਾਰੀ ਹਾਸਲ ਕਰ ਰਹੀਆਂ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਹਾਰਨਪੁਰ (ਯੂਪੀ) ਵਿੱਚ ਇਕ ਵਿਅਕਤੀ ਵੱਲੋਂ ਸਿੱਖ ਬਾਣੇ ਵਿੱਚ ਭਗਤ ਕਬੀਰ ਬਾਰੇ ਕੀਤੀ ਟਿੱਪਣੀ ਦੇ ਸਬੰਧੀ ਆਪਣਾ ਪ੍ਰਤੀਕਰਮ ਜ਼ਾਹਿਰ ਕਰਦਿਆਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਹੈ, ਜੋ ਵਿਸਥਾਰਤ ਰਿਪੋਰਟ ਦੇਵੇਗੀ।

# ਅਣਦੇਖੇ ਕਸ਼ਮੀਰ ਦੀਆਂ ਅਣਕਹੀਆਂ, ਅਣਸੁਣੀਆਂ ਕਹਾਣੀਆਂ

## ਅਣਦੇਖਿਆ ਕਸ਼ਮੀਰ : 'ਜੰਨਤ' ਤੋਂ ਦਿੱਲੀ ਆਇਆ ਇਕ ਕੁੜੀ ਦਾ ਖ਼ਤ

ਜੰਮੂ-ਕਸ਼ਮੀਰ ਦੀਆਂ ਠੰਢੀਆਂ ਵਾਦੀਆਂ ਦਹਿਸ਼ਤ, ਹਿੰਸਾ, ਪੱਥਰਾਅ, ਫ਼ੌਜੀ ਦਮਨ ਨਾਲ ਉਬਲ ਰਹੀਆਂ ਹਨ। ਭਾਜਪਾ ਦੇ ਗਠਜੋੜ ਨਾਲ ਪੀ.ਡੀ.ਪੀ. ਸਰਕਾਰ ਭਾਵੇਂ ਸੱਤਾ 'ਤੇ ਕਾਬਜ਼ ਹੋ ਗਈ ਹੈ ਪਰ ਉਹ ਕਸ਼ਮੀਰੀਆਂ, ਖ਼ਾਸ ਕਰ ਨੌਜਵਾਨਾਂ ਦੀਆਂ ਮੁਸ਼ਕਲਾਂ ਹੱਲ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਵਿਚਲੀ ਮੋਦੀ ਸਰਕਾਰ ਹਾਲਾਤ 'ਤੇ ਕਾਬੂ ਪਾਉਣ ਦੀ ਥਾਂ ਅਖੌਤੀ ਰਾਸ਼ਟਰਵਾਦ ਦਾ ਸੁਨੇਹਾ ਦਿੰਦੀ ਹੋਈ ਪੂਰੀ ਦੁਨੀਆ ਵਿਚ ਕਸ਼ਮੀਰੀ ਨੌਜਵਾਨਾਂ ਦਾ ਗ਼ਲਤ ਅਕਸ ਪੇਸ਼ ਕਰਨ ਵਿਚ ਲੱਗੀ ਹੋਈ ਹੈ। ਭਾਰਤ ਪ੍ਰਸ਼ਾਸਤ ਕਸ਼ਮੀਰ ਵਿਚ ਦਹਾਕਿਆਂ ਤੋਂ ਚੱਲ ਰਹੇ ਸੰਘਰਸ਼ ਦੀ ਸੁਰਖੀਆਂ ਵਿਚ ਆਮ ਆਦਮੀ ਦੀ ਆਪਬੀਤੀ ਕਿਤੇ ਖੋ ਗਈ ਹੈ। ਸਾਲ 2016 ਦੀਆਂ ਗਰਮੀਆਂ ਵਿਚ ਹੋਏ ਹਿੰਸਕ ਪ੍ਰਦਰਸ਼ਨਾਂ ਤੇ ਕਈ ਲੋਕਾਂ ਦੀ ਮੌਤ ਤੋਂ ਬਾਅਦ ਹੁਣ ਇਕ ਹੋਰ ਗਰਮੀ ਆਈ ਹੈ। ਖ਼ਦਸ਼ਾ ਹੈ ਕਿ ਭਾਵਨਾਵਾਂ ਫੇਰ ਨਾ ਭੜਕ ਜਾਣ, ਭਾਰਤ ਤੋਂ 'ਆਜ਼ਾਦੀ' ਦੇ ਨਾਅਰੇ ਫੇਰ ਨਾ ਬੁਲੰਦ ਹੋ ਜਾਣ। ਅਜਿਹੇ ਵਿਚ ਭਾਰਤ ਤੇ ਪਾਕਿਸਤਾਨ ਵਿਚਾਲੇ ਵੰਡੀ ਹੋਈ ਕਸ਼ਮੀਰ ਵਾਦੀ ਵਿਚ ਲੋਕਾਂ ਨੂੰ ਆਖ਼ਰ ਕੀ ਜੋੜਦਾ ਹੈ? ਬੱਚੇ ਤੇ ਨੌਜਵਾਨ ਆਪਣੇ ਆਉਣ ਵਾਲੇ ਕੱਲ੍ਹ ਲਈ ਕੀ ਖਵਾਬ ਦੇਖ ਰਹੇ ਹਨ? ਉਥੋਂ ਦੀਆਂ ਬੱਚੀਆਂ ਦਾ ਜੀਵਨ, ਵਾਦੀ ਦੇ ਬਾਹਰ ਰਹਿ ਰਹੇ ਬੱਚਿਆਂ ਦੀ ਜ਼ਿੰਦਗੀ ਤੋਂ ਕਿੰਨਾ ਵੱਖਰਾ ਹੈ? ਅਜਿਹੇ ਹੀ ਸਵਾਲਾਂ ਦਾ ਜਵਾਬ ਲੱਭਣ ਲਈ ਬੀ.ਬੀ.ਸੀ. ਦੇ ਪੱਤਰਕਾਰਾਂ ਦੀਆਂ ਟੀਮਾਂ ਭਾਰਤ ਪ੍ਰਸ਼ਾਸਤ ਤੇ ਪਾਕਿਸਤਾਨ ਪ੍ਰਸ਼ਾਸਤ ਕਸ਼ਮੀਰ ਗਈਆਂ। ਬੀ.ਬੀ.ਸੀ. ਵਲੋਂ ਇਸ ਸਬੰਧ ਵਿਚ ਭਾਰਤ ਤੇ ਕਸ਼ਮੀਰ ਵਿਚ ਵਸੇ ਦੋਹਾਂ ਕਸ਼ਮੀਰੀਆਂ ਦੇ ਹਾਲਾਤ 'ਤੇ ਲੜੀਵਾਰ ਰਿਪੋਰਟ ਪੇਸ਼ ਕੀਤੀ ਜਾ ਰਹੀ ਹੈ, ਉਹ 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਅੱਗੇ ਵੀ ਪੇਸ਼ ਕੀਤੀ ਜਾ ਰਹੀ ਹੈ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ ਇਹ ਰਿਪੋਰਟ ਪ੍ਰਕਾਸ਼ਤ ਕਰਨ ਦਾ ਮਕਸਦ, ਦੁਨੀਆ ਨੂੰ ਉਥੋਂ ਦੇ ਹਾਲਾਤ ਬਾਰੇ ਰੂਬਰੂ ਕਰਾਉਣਾ ਹੈ।



**ਅਣਦੇਖਿਆ ਕਸ਼ਮੀਰ:ਕਸ਼ਮੀਰ ਵਾਦੀ ਵਿਚ ਤਣਾਅ ਦੇ ਮਾਹੌਲ ਵਿਚ ਵੱਡੀਆਂ ਹੋ ਰਹੀਆਂ ਕੁੜੀਆਂ ਤੇ ਬਾਕੀ ਭਾਰਤ ਵਿਚ ਰਹਿਣ ਵਾਲੀਆਂ ਕੁੜੀਆਂ ਦੀ ਜ਼ਿੰਦਗੀ ਕਿੰਨੀ ਇਕੋ ਜਿਹੀ ਤੇ ਕਿੰਨੀ ਵੱਖਰੀ ਹੋਵੇਗੀ? ਇਹ ਸਮਝਣ ਲਈ ਵਾਦੀ ਵਿਚ ਰਹਿ ਰਹੀ ਦੁਆ ਅਤੇ ਦਿੱਲੀ ਵਿਚ ਰਹਿ ਰਹੀ ਸੌਮਿਆ ਨੇ ਇਕ-ਦੂਜੇ ਨੂੰ ਖ਼ਤ ਲਿਖੇ ਹਨ। ਸੌਮਿਆ ਅਤੇ ਦੁਆ ਕਦੇ ਇਕ-ਦੂਜੇ ਨੂੰ ਮਿਲੀਆਂ ਨਹੀਂ। ਉਨ੍ਹਾਂ ਇਕ-ਦੂਜੇ ਦੀ ਜ਼ਿੰਦਗੀ ਨੂੰ ਪਿਛਲੇ ਡੇਢ ਮਹੀਨੇ ਵਿਚ ਇਨ੍ਹਾਂ ਖ਼ਤਾਂ ਨਾਲ ਹੀ ਜਾਣਿਆ।**










### ਪਿਆਰੀ ਸੌਮਿਆ

ਧਰਤੀ 'ਤੇ ਜੰਨਤ ਕਹੀ ਜਾਣ ਵਾਲੀ ਥਾਂ ਕਸ਼ਮੀਰ ਤੋਂ ਬਹੁਤ ਪਿਆਰ ਭਰਿਆ ਸਲਾਮ। ਮੈਂ ਦੁਆ ਤੁਲ ਬਰਜ਼ਮ ਹਾਂ। ਜਾਣਦੀ ਹਾਂ ਇਹ ਲੰਬਾ ਨਾਂ ਹੈ, ਇਸ ਲਈ ਤੂੰ ਮੈਨੂੰ ਸਿਰਫ਼ ਦੁਆ ਕਹਿ ਸਕਦੀ ਹੈਂ।

ਮੈਂ 15 ਵਰ੍ਹਿਆਂ ਦੀ ਹਾਂ ਤੇ ਭਾਰਤ ਦੇ ਸਭ ਤੋਂ ਉੱਘੇ ਸਕੂਲਾਂ ਵਿਚੋਂ ਇਕ ਪ੍ਰੈਜ਼ਨਟੇਸ਼ਨ ਕਾਨਵੈਂਟ ਵਿਚ ਪੜ੍ਹਦੀ ਹਾਂ। ਮੈਂ ਸਾਧਾਰਨ ਪਰ ਪਿਆਰੇ ਪਰਿਵਾਰ ਦੀ ਸਿੱਧੀ-ਸਾਦੀ ਧੀ ਹਾਂ।

**ਸੌਤਿਕ ਬਿਸਵਾਸ**
(ਭਾਗ ਤੀਜਾ)

ਮੇਰੇ ਇਕਹਿਰੇ ਪਰ ਬਹੁਤ ਨੇੜਲੇ ਪਰਿਵਾਰ ਵਿਚ ਮੇਰੇ ਹੀਰੋ-ਮੇਰੇ ਪਾਪਾ (ਬਾਬਾ), ਮੇਰੀ ਪਿਆਰੀ ਮਾਂ (ਮੰਮਾ) ਅਤੇ 9 ਵਰ੍ਹਿਆਂ ਦਾ ਮੇਰਾ ਸ਼ੈਤਾਨ ਭਰਾ (ਅਵੀਨ) ਹੈ।

ਮੇਰੀਆਂ ਕਈਆਂ ਸਹੇਲੀਆਂ ਹਨ ਜੋ ਮੇਰੀ ਜ਼ਿੰਦਗੀ ਵਿਚ ਬਹੁਤ ਅਹਿਮੀਅਤ ਰੱਖਦੀਆਂ ਹਨ ਪਰ ਮੇਰੀ ਸਭ ਤੋਂ ਨੇੜਲੀ ਦੋਸਤ ਹੈ ਆਇਰਾ (ਛੁਟਕੀ), ਫ਼ਾਤਿਮਾ (ਫੈਟੀ) ਤੇ ਲਿਕਾ (ਦੀ ਸਰਕਾਸਟਿਕ ਵਨ)।

ਇਨ੍ਹਾਂ ਕਾਰਨ ਹੀ ਮੇਰੀ ਸਕੂਲ ਦੀ ਜ਼ਿੰਦਗੀ ਬਹੁਤ ਮਜ਼ੇ ਨਾਲ ਬੀਤ ਰਹੀ ਹੈ।

ਤੈਨੂੰ ਵੀ ਜ਼ਿੰਦਗੀ ਵਿਚ ਦੋਸਤ ਹੋਣ ਦਾ ਮਤਲਬ ਖ਼ੂਬ ਪਤਾ ਹੋਵੇਗਾ, ਤੇਰੀਆਂ ਵੀ ਕਈ ਪੱਕੀਆਂ ਸਹੇਲੀਆਂ ਹੋਣਗੀਆਂ ਜੋ ਤੈਨੂੰ ਲਗਭਗ ਹਰ ਵਕਤ ਪ੍ਰੇਸ਼ਾਨ ਕਰਦੀਆਂ ਹੋਣਗੀਆਂ। (ਮੇਰੀਆਂ ਸਹੇਲੀਆਂ ਤਾਂ ਮੈਨੂੰ ਛੱਡਦੀਆਂ ਹੀ ਨਹੀਂ।)

ਤੂੰ ਮੇਰੇ ਕਸ਼ਮੀਰ ਬਾਰੇ ਸੋਚਦੀ ਹੋਵੇਂਗੀ। ਜਿਵੇਂ ਮੈਂ ਕਿਹਾ ਕਿ ਇਹ ਧਰਤੀ 'ਤੇ ਜੰਨਤ ਹੈ। ਸਾਡੇ ਇੱਥੇ ਕੜਾਕੇ ਦੀ ਠੰਢ ਅਤੇ ਠੀਕ-ਠਾਕ ਗਰਮੀ ਪੈਂਦੀ ਹੈ। ਠੰਢ ਏਨੀ ਤਿੱਖੀ ਹੁੰਦੀ ਹੈ ਕਿ ਸਰਦੀ ਦੇ ਉਨ੍ਹਾਂ ਮਹੀਨਿਆਂ ਨੂੰ ਚਿਲ-ਏ-ਕਲਾਂ ਕਿਹਾ ਜਾਂਦਾ ਹੈ।

ਸਾਡੇ ਇੱਥੇ ਦੇਖਣ ਨੂੰ ਬਹੁਤ ਚੰਗੀਆਂ ਤੇ ਖ਼ੂਬਸੂਰਤ ਥਾਵਾਂ ਹਨ ਜਿਵੇਂ ਪਹਿਲਗਾਮ, ਸੋਨਮਰਗ, ਯੂਸਮਰਗ ਤੇ ਸਰਦੀਆਂ ਦਾ ਰਾਜਾ-ਗੁਲਮਰਗ।

ਮੈਂ ਇਨ੍ਹਾਂ ਸਭ ਥਾਵਾਂ 'ਤੇ ਗਈ ਹਾਂ ਪਰ ਇਸ ਸਰਦੀ ਪਹਿਲੀ ਵਾਰ ਗੁਲਮਰਗ ਨੂੰ ਬਰਫ਼ ਨਾਲ ਢਕੇ ਹੋਣ ਵੇਲੇ ਦੇਖਣ ਦਾ ਮੌਕਾ ਮਿਲਿਆ। ਕੀ ਤੂੰ ਅੰਦਾਜ਼ਾ ਲਗਾ ਸਕਦੀ ਹੈ ਕਿ ਤੇਰੇ ਆਲੇ-ਦੁਆਲੇ ਤੇਰੇ ਕਦ ਨਾਲੋਂ ਵੀ ਲੰਬੀ 7 ਫ਼ੁਟ ਦੀ ਉਚਾਈ ਤਕ ਬਰਫ਼, ਬਰਫ਼ ਤੇ ਸਿਰਫ਼ ਬਰਫ਼ ਹੋਵੇ। ਇਸ ਸਾਲ ਜੰਮੂ ਅਤੇ ਕਸ਼ਮੀਰ ਦੀ ਸਰਕਾਰ ਨੇ ਗੁਲਮਰਗ ਵਿਚ ਕਈ ਵਿੰਟਰ ਗੇਮਜ਼ ਕਰਵਾਈਆਂ ਹਨ। ਮੈਂ ਤਾਂ ਨਹੀਂ ਪਰ ਮੇਰਾ ਭਰਾ ਅਵੀਨ ਖੇਡਾਂ ਵਿਚ ਦਿਲਚਸਪੀ ਰੱਖਦਾ ਹੈ। ਮੈਂ ਹੈਰਾਨ ਰਹਿ ਗਈ ਜਦੋਂ ਉਹ ਇਸ ਸਾਲ ਸਕੀਇੰਗ ਖੇਡ ਵਿਚ ਅੱਵਲ ਆਇਆ, ਜਦਕਿ ਪਿਛਲੇ ਸਾਲ ਤਕ ਉਹ ਕਹਿੰਦਾ ਸੀ ਕਿ ਸਕੀਇੰਗ ਉਸ ਨੂੰ ਬਹੁਤ ਪਕਾਊ ਖੇਡ ਲਗਦੀ ਹੈ।

ਤੂੰ ਵੀ ਕਿਸੇ ਖੇਡ ਵਿਚ ਰੁਚੀ ਰੱਖਦੀ ਹੋਵੇਂਗੀ? ਮੈਂ ਜਾਣਨਾ ਚਾਹਾਂਗੀ ਕਿ ਤੂੰ ਕਿਹੜੀ ਖੇਡ ਖੇਡਦੀ ਹੈਂ।

ਜਿਵੇਂ ਮੈਂ ਕਿਹਾ ਕਿ ਮੈਂ ਸਿੱਧੀ-ਸਾਧੀ ਕੁੜੀ ਹਾਂ, ਸਿੱਧੀ-ਸਾਦੀ ਕੁੜੀ ਜਿਵੇਂ ਪੜ੍ਹਨਾ, ਲਿਖਣਾ, ਨੱਚਣਾ, ਆਪਣੇ ਛੋਟੇ ਭਰਾ ਨੂੰ ਪ੍ਰੇਸ਼ਾਨ ਕਰਨਾ ਤੇ ਸੰਗੀਤ ਸੁਣਨਾ ਚੰਗਾ ਲਗਦਾ ਹੈ।

ਸੰਗੀਤ ਦੀ ਗੱਲ ਛਿੜੀ ਹੈ ਤਾਂ ਤੈਨੂੰ ਦੱਸਣਾ ਚਾਹਾਂਗੀ ਕਿ ਮੈਂ ਸੰਗੀਤ ਦਾ ਬਹੁਤ ਸ਼ੌਕ ਰੱਖਦੀ ਹਾਂ। ਮੈਂ ਸ਼ਾਂਤੀ ਦੇਣ ਵਾਲੇ ਵੈਸਟਰਨ ਅਤੇ ਕਸ਼ਮੀਰੀ ਸੰਗੀਤ, ਦੋਹਾਂ ਤੋਂ ਬਹੁਤ ਪ੍ਰਭਾਵਤ ਹਾਂ। ਜਦੋਂ ਮੈਂ ਤੁਮਖਨਾਰੀ (ਇਕ ਤਰੀਕੇ ਦਾ ਢੋਲ) ਅਤੇ ਨੋਟ (ਸਟੀਲ ਦੇ ਭਾਂਡੇ ਵਰਗਾ ਯੰਤਰ) ਵਰਗੇ ਯੰਤਰਾਂ ਨੂੰ ਇਕੱਠਿਆਂ ਵਜਦੇ ਸੁਣਦੀ ਹਾਂ ਤਾਂ ਝੂਮ ਕੇ ਪਾਗ਼ਲ ਵਾਂਗ ਨੱਚਣ ਦਾ ਜੀਅ ਕਰਦਾ ਹੈ।

ਕਦੇ ਗੀਤਾਂ ਦੇ ਬੋਲ ਮਨ ਨੂੰ ਛੂਹ ਜਾਂਦੇ ਹਨ ਤੇ ਕਈ ਵਾਰ ਬਹੁਤ ਗੁਦਗੁਦਾਉਂਦੇ ਹਨ। (ਯਕੀਨ ਕਰੋ ਜੇਕਰ ਮਜ਼ਾਕੀਆ ਕਸ਼ਮੀਰੀ ਗਾਣਾ ਸੁਣੇਂਗੀ ਤਾਂ ਹੱਸਦੇ ਹੱਸਦੇ ਲੋਟਪੋਟ ਹੋ ਜਾਵੇਂਗੀ।)

ਪੱਛਮੀ ਸੰਗੀਤ ਵਿਚ ਮੈਨੂੰ ਪੌਪ, ਆਲਟਰਨੇਟਿਵ ਪੌਪ, ਰੱਕ ਅਤੇ ਆਰ ਐਂਡ ਬੀ ਪਸੰਦ ਹੈ। ਵਨ ਡਾਇਰੈਕਸ਼ਨ (ਵੈਸੇ ਅੱਜ ਕੱਲ੍ਹ ਉਹ ਬਰੇਕ ਲੈ ਰਹੇ ਹਨ), ਲਿਟਲ ਮਿਕਸ, ਜ਼ਾਇਨ ਮਲਿਕ, ਸੇਲੀਨਾ ਗੋਮਸ ਤੇ ਜਸਟਿਨ ਬੀਬਰ (ਮੈਂ ਬਹੁਤ ਖ਼ੁਸ਼ ਹਾਂ ਕਿ ਉਹ ਭਾਰਤ ਆਇਆ) ਵਰਗੇ ਕਲਾਕਾਰ ਮੇਰੇ ਪਸੰਦੀਦਾ ਹਨ।

ਤੂੰ ਸੋਚ ਰਹੀ ਹੋਵੇਂਗੀ ਕਿ ਮੈਂ ਕਿੰਨੀ ਪਾਗ਼ਲ ਹਾਂ ਕਿ ਤੈਨੂੰ ਆਪਣੇ ਸੰਗੀਤ ਦੇ ਸ਼ੌਕ ਬਾਰੇ ਏਨਾ ਦੱਸ ਰਹੀ ਹਾਂ ਪਰ ਮੈਨੂੰ ਲਗਦਾ ਹੈ ਕਿ ਮੇਰੇ ਸ਼ੌਕ ਦਾ ਸੰਗੀਤ ਤੈਨੂੰ ਮੇਰੇ ਬਾਰੇ ਬਹੁਤ ਕੁਝ ਦੱਸੇਗਾ।

ਮੈਂ ਆਪਣੇ ਖ਼ਾਲੀ ਵਕਤ ਵਿਚ ਵੀ ਗਾਉਂਦੀ ਹਾਂ। (ਜ਼ਾਹਰ ਹੈ ਪ੍ਰੋਫੈਸ਼ਨਲ ਵਾਂਗ ਨਹੀਂ..) ਪਰ ਮਾਂ ਦੇ ਸਾਹਮਣੇ ਜਦੋਂ ਵੀ ਗਾਉਂਦੀ ਹਾਂ, ਉਹ ਮੈਨੂੰ ਚੁੱਪ ਕਰਾ ਦਿੰਦੀ ਹੈ। ਉਨ੍ਹਾਂ ਤੋਂ ਬਰਦਾਸ਼ਤ ਹੀ ਨਹੀਂ ਹੁੰਦਾ। (ਦਰਅਸਲ ਕਿਸੇ ਤੋਂ ਵੀ ਨਹੀਂ)

ਫ਼ਿਲਹਾਲ ਏਨਾ ਹੀ

**ਦੁਆ**

---

# ਸ੍ਰੀਨਗਰ ਵਿਚ ਡੀਐਸਪੀ ਦਾ ਨਿਰਵਸਤਰ ਕਰਨ ਪਿਛੋਂ ਪੱਥਰ ਮਾਰ ਮਾਰ ਕੀਤਾ ਕਤਲ

**ਸ੍ਰੀਨਗਰ/ਬਿਊਰੋ ਨਿਊਜ਼ :**
ਜੰਮੂ-ਕਸ਼ਮੀਰ ਦੀ ਰਾਜਧਾਨੀ ਸ੍ਰੀਨਗਰ ਵਿਚ ਇਕ ਹੌਲਨਾਕ ਘਟਨਾ ਦੌਰਾਨ ਇਤਿਹਾਸਕ ਜਾਮੀਆ ਮਸਜਿਦ ਨੇੜੇ ਪੁਲੀਸ ਦੇ ਡੀਐਸਪੀ ਨੂੰ ਭੀੜ ਨੇ ਨਿਰਵਸਤਰ ਕਰਨ ਮਗਰੋਂ ਪੱਥਰ ਮਾਰ ਮਾਰ ਕੇ ਹਲਾਕ ਕਰ ਦਿੱਤਾ। ਇਸ ਦੀ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਤੇ ਵੱਖਵਾਦੀ ਹੁਰੀਅਤ ਕਾਨਫਰੰਸ ਦੇ ਨਰਮਖ਼ਿਆਲੀ ਧੜੇ ਦੇ ਮੁਖੀ ਮੀਰਵਾਇਜ਼ ਉਮਰ ਫ਼ਾਰੂਕ ਸਣੇ ਹੋਰਨਾਂ ਨੇ ਨਿਖੇਧੀ ਕੀਤੀ ਹੈ। ਇਸ ਸਬੰਧੀ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।



ਜਾਣਕਾਰੀ ਮੁਤਾਬਕ ਪੁਰਾਣੇ ਸ੍ਰੀਨਗਰ ਸ਼ਹਿਰ ਦੇ ਨੌਹੱਟਾ ਇਲਾਕੇ ਵਿਚ ਸਥਿਤ ਇਸ ਮਸਜਿਦ ਨੇੜੇ ਤਾਇਨਾਤ ਡੀਐਸਪੀ ਮੁਹੰਮਦ ਅਯੂਬ ਪੰਡਿਤ ਨੂੰ ਕੁਝ ਲੋਕਾਂ ਨੇ ਉਦੋਂ ਘੇਰ ਲਿਆ ਜਦੋਂ ਉਹ ਪਾਕ ਰਮਜ਼ਾਨ ਮਹੀਨੇ ਦੌਰਾਨ ਸ਼ਬ-ਏ-ਕਦਰ' (ਤਾਕਤ ਦੀ ਰਾਤ) ਸਬੰਧੀ ਨਮਾਜ਼ ਅਦਾ ਕਰ ਕੇ ਬਾਹਰ ਆ ਰਹੇ ਲੋਕਾਂ ਦੀਆਂ ਫੋਟੋਆਂ ਖਿੱਚ ਰਹੇ ਸਨ। ਭੀੜ ਵਲੋਂ ਹਮਲਾ ਕੀਤੇ ਜਾਣ 'ਤੇ ਸ੍ਰੀ ਪੰਡਿਤ ਨੇ ਆਪਣੀ ਸਰਵਿਸ ਰਿਵਾਲਵਰ ਨਾਲ ਗੋਲੀ ਚਲਾਈ ਜਿਸ ਕਾਰਨ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਜੰਮੂ-ਕਸ਼ਮੀਰ ਦੇ ਡੀਜੀਪੀ ਐਸ.ਪੀ. ਵੈਦ ਨੇ ਕਿਹਾ, "ਡੀਐਸਪੀ ਮਸਜਿਦ ਦੇ ਦਾਖ਼ਲੇ ਉਤੇ ਤਾਇਨਾਤ ਸਨ। ਪਰ ਜਿਨ੍ਹਾਂ ਲੋਕਾਂ ਦੀ ਸੁਰੱਖਿਆ ਲਈ ਉਹ ਤਾਇਨਾਤ ਸਨ, ਉਨ੍ਹਾਂ ਵਿਚੋਂ ਹੀ ਕੁਝ ਨੇ ਉਨ੍ਹਾਂ ਦੀ ਜਾਨ ਲੈ ਲਈ।" ਉਨ੍ਹਾਂ ਦੱਸਿਆ ਕਿ ਇਸ ਸਬੰਧੀ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਤੀਜੇ ਮੁਲਜ਼ਮ ਦੀ ਸ਼ਨਾਖ਼ਤ ਕੀਤੀ ਗਈ ਹੈ।

ਉਨ੍ਹਾਂ ਹੋਰ ਕਿਹਾ, "ਡੀਐਸਪੀ ਮਸਜਿਦ ਦੇ ਅੰਦਰ ਮੁਆਇਨੇ ਪਿਛੋਂ ਬਾਹਰ ਆ ਰਹੇ ਸਨ ਤਾਂ ਕੁਝ ਲੋਕਾਂ ਨੇ ਉਨ੍ਹਾਂ ਨੂੰ ਫੜ ਲਿਆ ਤੇ ਨਾਅਰੇ ਲਾਉਂਦਿਆਂ ਕੁੱਟਣਾ-ਮਾਰਨਾ ਸ਼ੁਰੂ ਕਰ ਦਿੱਤਾ।" ਉਨ੍ਹਾਂ ਡੀਐਸਪੀ ਵਲੋਂ ਗੋਲੀ ਚਲਾਏ ਜਾਣ ਨੂੰ ਸਹੀ ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ ਸਵੈ-ਰੱਖਿਆ' ਵਿਚ ਗੋਲੀ ਚਲਾਈ।

ਇਸ ਮਸਜਿਦ ਵਿਚ ਹਰ ਹਫ਼ਤੇ ਜੁੰਮੇ ਦੀ ਨਮਾਜ਼ ਮਗਰੋਂ ਧਾਰਮਿਕ ਤਕਰੀਰ ਦੇਣ ਵਾਲੇ ਸ੍ਰੀ ਫ਼ਾਰੂਕ ਨੇ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਕਸ਼ਮੀਰੀਆਂ ਦੀਆਂ ਕਦਰਾਂ-ਕੀਮਤਾਂ ਤੇ ਮਜ਼ਹਬੀ ਘੇਰੇ ਦੇ ਮੇਚ ਦੀ ਨਹੀਂ' ਹੈ। ਸ੍ਰੀ ਫ਼ਾਰੂਕ ਨੇ ਆਪਣੀਆਂ ਵੱਖ-ਵੱਖ ਟਵੀਟਾਂ ਰਾਹੀਂ ਕਿਹਾ, "ਨੌਹੱਟਾ ਦੀ ਘਟਨਾ ਤੋਂ ਮੈਂ ਬਹੁਤ ਦੁਖੀ ਹਾਂ ਤੇ ਇਸ ਦੀ ਨਿਖੇਧੀ ਕਰਦਾ ਹਾਂ।"

### ਮਹਿਬੂਬਾ ਬੋਲੀ- ਟੁੱਟ ਸਕਦਾ ਹੈ ਪੁਲੀਸ ਦੇ ਸਬਰ ਦਾ ਬੰਨ੍ਹ

ਮਰਹੂਮ ਡੀਐਸਪੀ ਦੀ ਦੇਹ 'ਤੇ ਫੁੱਲਮਾਲਾ ਭੇਟ ਕਰਨ ਮਗਰੋਂ ਘਟਨਾ ਦੀ ਸਖ਼ਤ ਨਿਖੇਧੀ ਕਰਦਿਆਂ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਕਿਹਾ, "ਇਸ ਤੋਂ ਵੱਧ ਸ਼ਰਮਨਾਕ ਹੋਰ ਕੀ ਹੋ ਸਕਦਾ ਹੈ?ੜ ਜੰਮੂ-ਕਸ਼ਮੀਰ ਪੁਲੀਸ ਦੇ ਜਵਾਨ ਬਹੁਤ ਬਹਾਦਰ ਹਨ ਪਰ ਜ਼ਬਤ ਰੱਖਦੇ ਹਨ, ਕਿਉਂਕਿ ਉਹ ਆਪਣੇ ਲੋਕਾਂ ਨਾਲ ਸਖ਼ਤੀ ਨਹੀਂ ਕਰਨਾ ਚਾਹੁੰਦੇ। ਪਰ ਉਹ ਕਿੰਨਾ ਚਿਰ ਜ਼ਬਤ ਰੱਖਣਗੇ?"

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

(ਭਾਗ ਨੌਵਾਂ)

## ਤੈਨੂੰ ਕਿਸੇ ਨੇ ਦੇਖਿਆ ਤਾਂ ਨਹੀਂ

"ਕਾਂ...ਕਾਂ...ਕਾਂ..."

"ਸਵੇਰ ਦਾ ਕੌਂ ਬੋਲੀ ਜਾਂਦਾ ਅੱਜ ਤਾਂ ਪਤਾ ਨੀ ਕੌਣ ਆਊ – ਜ਼ਰੂਰ ਕੋਈ ਆਊਗਾ।"

"ਤੇਰੇ ਭਾਪੇ ਨੇ ਆਊਣਾ, ਅੱਜ ਕੱਲ੍ਹ 'ਚ।" – ਪ੍ਰੇਮ ਕੁਰ ਮਾਮੀ – "ਚਿੱਠੀ ਆਈ ਸੀ ਕੱਲ੍ਹ ਪਰਸੋਂ – ਹੋਰ ਕੀਹੀਨੇ ਆਉਣਾ।"

"ਤਾਂ ਹੀ ਤਾਂ ਮੈਂ ਬੀ ਕਹਾਂ ਕਿੰਨੀ ਵਾਰੀ 'ਠਾਲਿਆ – ਮੈਂ ਈਹਨੂੰ, ਫੇਰ ਘੜੀ ਮੁੜੀ ਕਾਹਤੋਂ ਆ ਆ ਕੇ ਬੈਠੀ ਜਾਂਦਾ।" ਸੁਣ – ਹੁਣ ਮੇਰੀ ਖ਼ੁਸ਼ੀ ਦਾ ਤਾਂ ਠਿਕਾਣਾ ਨਹੀਂ ਰਹਿੰਦਾ।

ਤੇ ਸੰਝਾਂ ਤਕ ਭਾਪਾ ਜੀ ਆ ਹੀ ਜਾਂਦੇ ਹਨ।

ਗਰਮੀਆਂ ਦੇ ਦਿਨ, ਸਿਖਰ ਦੁਪਹਿਰ। ਅੱਜ ਮੈਂ ਕਿਰਪੇ ਮਾਮੇ ਹੋਰਾਂ ਦੇ ਖੇਤ ਵਿਚੋਂ ਇੱਕ ਨਿੱਕਾ ਜਿਹਾ 'ਕੱਦੂ' ਤੋੜ ਲਿਆਉਂਦੀ ਹਾਂ। ਉਨ੍ਹਾਂ ਦਾ ਖੇਤ ਸਾਡੇ ਖੇਤਾਂ ਦੇ ਨਾਲ ਹੀ ਲਗਦਾ ਹੈ।

ਪਿੰਡ ਤੋਂ ਰਤਾ ਕੁ ਦੂਰ ਹਨ ਸਾਡੇ ਖੇਤ – ਨਹਿਰ ਵਾਲੇ ਪਾਸੇ। ਖੇਤਾਂ ਵਿਚ ਖੂਹ ਹੈ, ਨਿੰਮਾਂ ਤੇ ਤੂਤਾਂ ਵਿਚ ਘਿਰਿਆ – ਜਿੱਥੇ ਅਸੀਂ ਕਦੀ ਕਦੀ ਖੇਡਣ ਵੀ ਆ ਜਾਂਦੀਆਂ ਹਾਂ – ਹਲਟ 'ਤੇ – ਇੱਧਰ ਤੂਤਾਂ ਦੀ ਛਾਵੇਂ, ਬਾਹਰ – ਆਉਂਦੀਆਂ ਜਾਂਦੀਆਂ ਵੀ।

ਕਿਰਪੇ ਮਾਮੇ ਹੋਰਾਂ ਦਾ ਖੇਤ ਵੇਲਾਂ ਨਾਲ ਭਰਿਆ ਹੋਇਆ ਹੈ। ਕੱਦੂ, ਘੀਏ ਦੀਆਂ ਵੇਲਾਂ ਜਦ ਕਿ ਸਾਡੇ ਖੇਤ ਵਿਚ ਤਾਂ ਇਕ ਵੀ ਵੇਲ ਨਹੀਂ ਹੈ। ਮੈਨੂੰ ਵੇਲਾਂ ਨਾਲ ਲੱਗੇ ਪੀਲੇ ਪੀਲੇ ਚਿੱਟੇ ਚਿੱਟੇ ਫੁੱਲ ਉਪਰ ਨੂੰ ਮੁੰਡੀਆਂ ਚੁੱਕੀ ਝਾਕਦੇ ਬਹੁਤ ਚੰਗੇ ਲਗਦੇ ਹਨ ਤੇ ਉਨ੍ਹਾਂ ਨਾਲ ਲੱਗੇ ਘੀਏ, ਕੱਦੂਆਂ ਦੇ ਨਿੱਕੇ ਨਿੱਕੇ 'ਚੂਏਂ' ਵੀ। ਮੈਂ ਜਦ ਵੀ ਖੇਤ ਵਿਚ ਜਾਂਦੀ – ਡੌਲ (ਵੱਟ) ਤੇ ਬੈਠ ਦੇਖਦੀ ਰਹਿੰਦੀ ਹਾਂ – ਇਨ੍ਹਾਂ ਨੂੰ।

ਤੇ ਅੱਜ ਨਿੱਕੀ ਜਿਹੀ ਠੀਕਰੀ ਲੈ ਕੇ ਮੈਂ ਕੱਦੂ ਦੀ ਮੋਟੀ ਡੰਡੀ ਤੇ ਮਾਰ ਮਾਰ ਇੱਕ ਨਿੱਕਾ ਜਿਹਾ ਕੱਦੂ ਤੋੜ ਲੈਂਦੀ ਹਾਂ। ਸਿਰ ਤੇ ਧਰ ਅਰਾਮ ਨਾਲ ਘਰ ਲੈ ਆਉਂਦੀ ਹਾਂ – ਰਿੰਨ੍ਹਣ ਲਈ ਨਹੀਂ, ਭਾਪਾ ਜੀ ਨੂੰ ਦੇਣ ਲਈ। ਉਹ ਸ਼ਿਮਲੇ ਲੈ ਜਾਣਗੇ। ਪਤਾ ਨਹੀਂ ਉੱਥੇ ਕਿਸੇ ਨੇ ਅਜਿਹਾ ਸੁਹਣਾ ਕੱਦੂ ਦੇਖਿਆ ਹੋਵੇ ਜਾਂ ਨਾ, ਸੋਚ ਰਹੀ ਹਾਂ। ਊਸ਼ਾ, ਚੰਦਰ, ਜਨਕ (ਮੇਰੀਆਂ ਸਹੇਲੀਆਂ ਹਨ ਉੱਥੇ) ਉਨ੍ਹਾਂ ਨੇ ਤਾਂ ਕਦੀ ਵੀ ਨਹੀਂ ਦੇਖਿਆ ਹੋਣਾ। ਉਹ ਦੇਖ ਵੀ ਕਿਵੇਂ ਸਕਦੀਆਂ ਹਨ। ਉੱਥੇ ਕਿਹਾ ਐਡੀਆਂ ਸੁਹਣੀਆਂ ਸੁਹਣੀਆਂ ਵੇਲਾਂ ਹੁੰਦੀਆਂ ਹਨ। ਮਨ ਹੀ ਮਨ ਸੋਚਦੀ ਘਰ ਆ ਜਾਂਦੀ ਹਾਂ।

"ਊਆ – ਕਿੱਥੋਂ ਲਿਆਂਦਾ?" ਦੇਖਦੀ ਸਾਰ ਅੰਮਾ ਪੁੱਛਦੀ ਹੈ।

"ਅੰਮਾ, ਕਿਰਪੇ ਮਾਮੇ ਦੇ ਖੇਤ 'ਚੋਂ।"

"ਕੀਹਨੇ ਦਿੱਤਾ?"

"ਕਿਸੇ ਨੇ ਨਹੀਂ। ਮੈਂ ਆਪ ਤੋੜਿਆ – ਮਸਾਂ, ਮਸਾਂ ਠੀਕਰੀਆਂ ਮਾਰ ਮਾਰ ਕੇ।"

"ਤੈਨੂੰ ਕਿਸੇ ਨੇ ਦੇਖਿਆ ਤਾਂ ਨਹੀਂ?"

"ਨਹੀਂ ਉੱਥੇ ਤਾਂ ਕੋਈ ਹੈ ਹੀ ਨਹੀਂ ਸੀ।"

ਮੈਂ ਹੈਰਾਨ ਖੜ੍ਹੀ ਅੰਮਾ ਨਾਲ ਸਵਾਲ ਜਵਾਬ ਹੋ ਰਹੀ ਹਾਂ – ਜਿਵੇਂ ਕੋਈ ਕਟਹਿਰੇ ਵਿਚ ਖੜ੍ਹਾ ਹੋਵੇ।

"ਨਾ, ਜੇ ਕੋਈ ਦੇਖ ਲੈਂਦਾ, ਕੀ ਕਹਿੰਦਾ – ਜੀਵਾ ਸਿਓਂ ਦੀ ਦੋਹਤੀ ਚੋਰੀ ਕਰਕੇ ਲਿਆਈ ਹੈ। ਆਏਂ ਨੀ ਕਿਸੀ ਦੀ ਚੀਜ਼ ਲਈ ਦੀ ਪੁੱਤ, ਬਿਨਾਂ ਪੁੱਛੇ।"

ਅੰਮਾ ਕੀ ਕੀ ਕਹੀ ਜਾ ਰਹੀ ਹੈ ਮੇਰੇ ਤਾਂ ਜਿਵੇਂ ਉਪਰੋਂ ਦੀ ਲੰਘੀ ਜਾਵੇ ਸਭ ਕੁਝ। ਮੈਂ ਸੋਚੀ ਜਾਂਦੀ ਹਾਂ, ਉਹ ਕਿਹੜਾ ਕੋਈ ਓਪਰੇ ਹਨ। ਫੇਰ ਪੁੱਛਣ ਦੀ ਕੀ ਲੋੜ। 'ਮਾਮੇ' ਹੀ ਤਾਂ ਲਗਦੇ ਹਨ ਉਹ ਵੀ। ਰੋਜ਼ ਮਾਮਾ ਜੀ ਹੋਰਾਂ ਨਾਲ ਕੰਮ ਕਰਦੇ ਖੇਤਾਂ ਵਿਚ – 'ਕੱਠੇ ਖਾਂਦੇ ਪੀਂਦੇ ਹਨ। ਫੇਰ ਅੰਮਾ ਇੰਜ ਕਿਉਂ ਕਹਿ ਰਹੀ ਹੈ।

"ਅੰਮਾ, ਮੈਂ ਕਿਹੜਾ ਰਿੰਨਣ ਨੂੰ ਲਿਆਈ ਆਂ। ਇਹ ਤਾਂ ਮੈਂ ਭਾਪਾ ਜੀ ਵਾਸਤੇ ਲਿਆਈ ਆਂ, ਸ਼ਿਮਲੇ ਲਿਜਾਣ ਨੂੰ। ਉੱਥੇ ਕਦੇ ਕਿਸੀ ਨੇ ਇੰਨਾ ਸਹੁਣਾ ਕੱਦੂ ਨੀ ਦੇਖਿਆ ਹੋਣਾ।" ਮੈਂ ਮਾਨੋ ਆਪਣਾ ਪੱਖ ਪੂਰਦੀ ਹਾਂ।



**ਸ. ਕਰਤਾਰ ਸਿੰਘ, ਸ. ਪਿਆਰਾ ਸਿੰਘ, ਹਰਬੰਸ ਕੌਰ, ਸ. ਰਤਨ ਸਿੰਘ ਸਿੰਦਰ ਮੋਹਣ ਰਾਜਿੰਦਰ (ਆਪਣੇ ਘਰ) 24-11-1946, ਲਾਹੌਰ**

"ਉਹ ਤਾਂ ਠੀਕ ਹੈ ਪਰ ਕਿਸੀ ਦੀ ਚੀਜ਼ ਚੋਰੀ ਕਰਕੇ ਨਹੀਂ ਲਈ ਦੀ ਪੁੱਤ। ਹੁਣ ਤੂੰ ਐਂ ਕਰ ਉੱਥੀ ਧਰ ਆ ਜਾ ਕੇ – ਜਿੱਥੋਂ ਤੋੜਿਆ ਸੀ।" ਅੰਮਾ ਹੁਕਮ ਦਿੰਦੀ ਹੈ।

ਲੱਖ ਨਾ ਚਾਹੁੰਦੀ ਹੋਈ ਵੀ, ਅੰਮਾ ਦੇ ਕਹੇ ਮੈਂ ਉਹਨੀਂ ਪੈਰੀਂ ਖੇਤਾਂ ਨੂੰ ਮੁੜ ਜਾਂਦੀ ਹਾਂ – ਭਰੇ ਮਨ ਨਾਲ, ਨੰਗੇ ਪੈਰ, ਸਿਰ 'ਤੇ ਕੱਦੂ ਧਰ, ਉਪਰੋਂ ਉਹੀ ਸਿਖਰ ਦੁਪਹਿਰ, ਜਾਣੀ ਹੁਣ ਮੇਰੇ ਕੋਲੋਂ ਤਾਂ ਡਿੰਗ ਵੀ ਨਹੀਂ ਪੁੱਟੀ ਜਾਂਦੀ।

ਖੇਤ ਪੁੱਜ ਜਾਂਦੀ ਹਾਂ, ਮਨ ਨਾਲ ਮਨੌਤੀਆਂ ਕਰਦੀ ਕਰਦੀ। ਹੁਣ ਉਹ ਥਾਂ ਤਾਂ ਲੱਭਦੀ ਹੀ ਨਹੀਂ ਹੈ ਜਿੱਥੋਂ ਤੋੜਿਆ ਹੈ। ਉਹੋ ਡੰਡੀ, ਉਹੋ ਥਾਂ, ਕੁਝ ਨਹੀਂ ਲੱਭਦਾ। ਡੌਲ 'ਤੇ ਹੀ ਬੈਠੀ ਹਾਂ – ਕੱਦੂ ਲਈ ਤੇ ਰੋਈ ਜਾ ਰਹੀ ਹਾਂ। ਪਤਾ ਨਹੀਂ ਇਸ ਰੋਣ ਵਿਚ ਕਿੰਨਾ ਕੁਝ ਲੁਕਿਆ ਹੋਇਆ ਹੈ, ਮੇਰੀਆਂ ਸੱਧਰਾਂ ਸਣੇ...।

ਖ਼ਬਰਨੀ ਕੀ ਸੋਚ ਕੇ ਅੰਮਾ ਵੀ ਖੇਤ ਵਿਚ ਪੁੱਜ ਜਾਂਦੀ ਹੈ। ਦੇਖਦੀ ਹੈ – ਰੋਣ ਦਾ ਕਾਰਨ ਪੁੱਛਦੀ ਹੈ।

"ਅੰਮਾ ਮੈਨੂੰ ਉਹ ਥਾਂ ਨਹੀਂ ਲੱਭ ਰਹੀ ਜਿੱਥੋਂ ਤੋੜਿਆ ਹੈ।" ਮੈਂ ਹਟਕੋਰੇ ਲੈਂਦੀ ਦਸਦੀ ਹਾਂ।

"ਚੁੱਪ ਕਰ ਪੁੱਤ, ਰੋਈ ਦਾ ਨੀ। ਤੂੰ ਇੱਥੇ ਹੀ ਕਿਤੇ ਪੱਤਿਆਂ ਹੇਠਾਂ ਰੱਖ ਦੇ – ਬੱਸ।" ਅੰਮਾ ਕੱਦੂ ਫੜ ਖਾਲ਼ ਵਿਚ ਪੱਤਿਆਂ ਹੇਠ ਲਕੋ ਦਿੰਦੀ ਹੈ।

"ਮੁੱਕ ਗੀ ਤੇਰੀ ਚੋਰੀ। ਉੱਠ ਹੁਣ ਰੋਣਾ ਨੀ। ਚੱਲ ਘਰਾਂ ਨੂੰ।" ਪਰ ਅੰਮਾ ਨੂੰ ਕੀ ਪਤਾ, ਮੈਂ ਕਿਉਂ ਰੋ ਰਹੀ ਹਾਂ। ਅੰਮਾ ਜਿਹੜੀ ਚੋਰੀ ਦੀ ਗੱਲ ਕਰੀ ਜਾ ਰਹੀ ਹੈ ਵਾਰ ਵਾਰ, ਜੋ ਆਈ ਵੀ ਮੇਰੇ ਨਾਲ ਤੇ ਹੁਣ ਚਲੀ ਵੀ ਗਈ, ਮੈਨੂੰ ਤਾਂ ਉਸ ਨਾਲ ਕੋਈ ਸਰੋਕਾਰ ਹੀ ਨਹੀਂ। ਮੈਨੂੰ ਤਾਂ ਦੁੱਖ ਉਸ ਕੱਦੂ ਦਾ ਹੈ – ਕੱਦੂ ਨਾਲ ਜੁੜੇ ਅਰਮਾਨਾਂ ਦਾ ਜੋ ਹੁਣ ਇੱਥੇ ਹੀ ਦੱਬੇ ਗਏ ਹਨ ਪੱਤਿਆਂ ਹੇਠ ਕਿਤੇ – ਕੱਦੂ ਦੇ ਨਾਲ ਹੀ।

ਅੰਮਾ ਪੁਚਕਾਰਦੀ, ਵਰਾਉਂਦੀ ਮੈਨੂੰ ਘਰ ਨੂੰ ਲਈ ਆਉਂਦੀ ਹੈ। ਨਿੱਕੀਆਂ ਨਿੱਕੀਆਂ, ਪਤਾ ਨਹੀਂ ਕਿੰਨੀਆਂ ਸਿੱਖਾਂ-ਮੱਤਾਂ ਦਿੰਦੀ। ਜਿਨ੍ਹਾਂ ਨੂੰ ਸੁਣਦੀ ਹੋਈ ਵੀ ਮੈਂ ਇਕ ਨਹੀਂ ਸੁਣ ਰਹੀ ਹਾਂ। ਮੇਰੀ ਜਾਨ ਤਾਂ ਕਿਤੇ ਉੱਥੇ ਕੱਦੂ ਵਿਚ ਹੀ ਅਟਕੀ ਪਈ ਹੈ। ਐਨ ਉਸ ਪਰੀ ਕਹਾਣੀ ਵਾਂਗ ਜਿਹਦੇ ਵਿਚ ਕਿਸੇ ਦਿਓ ਦੀ ਜਾਨ ਤੋਤੇ ਦੀ ਘਿੰਡੀ ਵਿਚ ਫਸੀ ਹੁੰਦੀ ਹੈ।

**ਘਰ ਦੇ ਜੀਆਂ ਵਰਗੇ**

ਜੇ ਇੱਥੇ ਘਰ ਦੇ ਜੀਆਂ ਵਰਗੇ – ਅੰਨ-ਦਾਤਾ ਡੰਗਰਾਂ ਦੀ ਗੱਲ ਨਾ ਕਰਾਂ ਤਾਂ ਨਾਨਕੇ-ਘਰ ਦੀ ਕਹਾਣੀ ਅਧੂਰੀ ਰਹਿ ਜਾਵੇਗੀ।

ਮਾਮਾ ਜੀ ਹੋਰਾਂ ਦੀ ਇਕ ਜੋੜੀ ਬੌਲਦਾਂ ਦੀ 'ਨਾਅਰਾ' ਤੇ 'ਬੱਗਾ'। 'ਨਾਅਰਾ' ਰਤਾ ਵੱਡੀ ਉਮਰ ਦਾ ਤੇ 'ਬੱਗਾ' ਬਹਿੜਕਾ ਜਿਹਾ, ਇੱਕ ਮਾੜਾ ਜਿਹਾ ਭੂਰਾ, ਲਾਖੇ ਜੇਹੇ ਰੰਗ ਦਾ ਤੇ ਦੂਜਾ ਚਿੱਟਾ। ਦੋ ਮੈਸਾਂ ਹਨ – ਫੂਲੋ ਤੇ ਕਲਿਆਣੀ। ਦੋਵੇਂ ਮਾਇਆਂ ਧੀਆਂ। ਇਕ ਹੋਰ ਕੱਟੀ ਵੀ ਹੈ 'ਖੁੰਡੀ' ਧੀ ਦੀ ਧੀ। ਉਂਜ ਇਕ ਸੂਏ ਫੂਲੋ – ਕੱਟਾ ਵੀ ਦਿੱਤਾ ਸੀ ਪਰ ਕੁਝ ਦਿਨਾਂ ਦਾ ਹੋ ਕੇ ਮਰ ਗਿਆ।

ਫੂਲੋ ਚੌੜੀ ਕਾਠੀ ਵਾਲੀ, ਮੱਥੇ ਵਿਚ ਚਿੱਟਾ ਫੁੱਲ ਹੈ। ਤੇ ਕਲਿਆਣੀ ਦੇ ਤਾਂ ਚਾਰੇ ਖੁਰ ਵੀ ਚਿੱਟੇ ਹਨ। 'ਖੁੰਡੀ' ਤਾਂ ਅਜੇ ਛੋਟੀ ਹੀ ਹੈ। ਨਿੱਕੇ ਨਿੱਕੇ ਸਿੰਙਾਂ ਵਾਲੀ। ਉਂਜ ਉਹਦਾ ਨਾਂ ਵੀ ਤਾਂ ਖੁੰਡੀ ਹੀ ਰਖ ਦਿੱਤਾ ਹੈ ਹੁਣ।

ਸੰਝਾਂ ਨੂੰ ਜਦ ਲਾਲਟੈਣਾਂ ਸਾਫ਼ ਕਰਨ ਦਾ ਵੇਲਾ ਹੋ ਜਾਂਦਾ ਹੈ, ਐਧਰ ਬਣਨ ਲੱਗ ਜਾਂਦੇ ਹਨ, ਬਲਦਾਂ ਦੇ ਪੇੜੇ – ਦੈੜ ਦੇ – ਪੇੜੇ ਬਨਾਉਣੇ ਮੈਨੂੰ ਵੀ ਬਹੁਤ ਚੰਗੇ ਲਗਦੇ ਹਨ। ਮੈਂ ਜ਼ਿੱਦ ਕਰਕੇ ਬੈਠ ਜਾਂਦੀ ਹਾਂ – ਮਾਮਾ ਜੀ ਹੋਰਾਂ ਨਾਲ ਪੇੜੇ ਬਨਾਉਣ – ਹੱਥ ਲਬੇੜ ਕੇ, ਨਾਲ ਨਾਲ ਮੈਸਾਂ ਲਈ ਰਲਾਈ ਜਾਂਦੀ ਹੈ ਸੰਨ੍ਹੀ – ਖਲ਼ ਵੜੇਵਿਆਂ ਦੀ – ਤੂੜੀ ਵਿਚ ਰਲਾ ਰਲਾ ਕੇ – ਖਲ਼-ਵੜੇਵੇਂ ਤਾਂ ਸਵੇਰ ਤੋਂ ਹੀ ਤਸਲਿਆਂ-ਬਾਲਟੀਆਂ ਵਿਚ ਭਿਓਂਏ ਉਬਾਲੇ ਪਏ ਹੁੰਦੇ ਹਨ। ਪੁੱਛਣ ਤੇ ਅੰਮਾ ਇਹ ਵੀ ਦਸਦੀ ਹੈ – ਖਲ਼ ਵੜੇਵੇਂ ਪਾਉਣ ਨਾਲ ਮੈਸਾਂ ਬਹੁਤਾ ਦੁੱਧ ਦਿੰਦੀਆਂ ਹਨ।

ਉਂਜ ਮੈਂ ਸੋਚਦੀ ਹਾਂ ਜਿਵੇਂ ਅਸੀਂ ਰੋਟੀ ਖਾਂਦੇ ਹਾਂ, ਡੰਗਰ ਘਾਹ-ਪੱਠਾ ਪਰ ਇਹ ਪੇੜੇ - ਇਹ ਸੰਨ੍ਹੀ ਤਾਂ ਇਨ੍ਹਾਂ ਨੂੰ ਰੋਜ਼ ਵਾਧੂ ਮਿਲ ਜਾਂਦੀ ਹੈ। ਕਿਵੇਂ ਫਟਾ-ਫੱਟ ਖਾਂਦੇ ਹਨ - ਇਹ ਚਾਅ ਨਾਲ - ਜਿਵੇਂ ਸਾਨੂੰ ਕਦੇ ਕਦਾਈ ਮਿਲਦਾ - ਕੜਾਹ, ਖੀਰ, ਸੇਵੀਆਂ ਤੇ ਕਦੇ ਕਦੇ ਹੀ ਗੁਲਗਲੇ ਕਚੌਰੀਆਂ - ਪੇੜੇ, ਪੰਜੀਰੀਆਂ ਵੀ। ਸਾਨੂੰ ਕਿਉਂ ਸਾਰਾ ਕੁਝ ਰੋਜ਼ ਨਹੀਂ ਮਿਲਦਾ। ਮੈਂ ਮਨ ਹੀ ਮਨ ਸੋਚਦੀ ਰਹਿੰਦੀ ਹਾਂ।

ਉਂਜ ਲਗਭਗ ਰੋਜ਼ ਵਾਂਗ ਹੀ ਸਾਨੂੰ ਘੀ-ਸ਼ੱਕਰ ਜਾਂ ਘੀ-ਬੂਰਾ ਤਾਂ ਮਿਲ ਹੀ ਜਾਂਦਾ ਰੋਟੀ ਨਾਲ ਖਾਣ ਨੂੰ ਜਾਂ ਕਦੀ ਮੱਕੀ ਜਾਂ ਕਣਕ ਦੀ ਰੋਟੀ ਦੀ ਚੂਰੀ ਵੀ। ਘੀ ਸ਼ੱਕਰ ਖਾਣ ਦੇ ਭਜਨ ਮਾਮਾ ਜੀ ਬਹੁਤ ਸ਼ੌਕੀਨ ਹਨ। ਰਾਤ ਦੀ ਰੋਟੀ ਵੇਲੇ ਉਹ ਜ਼ਰੂਰ ਖਾਂਦੇ - ਉਹ ਵੀ ਕਦੇ ਕਦੇ ਮਖੌਲ ਵਿਚ ਪੂਰੇ ਫੁਲਕੇ ਵਿਚ ਸ਼ੱਕਰ ਪਾ ਮੂੰਹ ਵਿਚ ਪਾ ਲੈਂਦੇ

ਸਾਰੇ ਦਾ ਸਾਰਾ ਫੁਲਕਾ ਤੇ ਅਸੀਂ ਹੈਰਾਨ ਹੋਈ ਉਨ੍ਹਾਂ ਵੱਲ ਦੇਖਦੇ ਰਹਿੰਦੇ। ਮਾਮਾ ਜੀ ਨਾਲ ਸਾਨੂੰ ਵੀ ਘੀ-ਸ਼ੱਕਰ ਮਿਲ ਜਾਂਦਾ ਹੈ ਜਿਵੇਂ ਧਾਨਾਂ ਦੇ ਪ੍ਰਸੰਗ ਡੀਲੇ ਨੂੰ ਪਾਣੀ।

ਉਂਜ ਹਰ ਆਏ ਗਏ – ਪ੍ਰਾਹੁਣੇ ਨੂੰ ਵੀ ਅੰਮਾ ਰੋਟੀ ਨਾਲ ਦਿੰਦੀ ਹੈ ਘੀ-ਬੂਰਾ ਜਾਂ ਘੀ ਸ਼ੱਕਰ ਰਲਾ ਕੇ ਤੇ ਜੇ ਕਦੀ ਕੋਈ ਰਾਜ-ਮਿਸਤਰੀ ਘਰ ਵਿਚ ਕੰਮ ਕਰਦਾ ਹੈ ਤਾਂ ਉਸ ਨੂੰ ਵੀ।

ਸਾਡੇ ਘਰ ਉਂਜ ਹਰ ਐਤਵਾਰ ਨੂੰ ਖੀਰ ਜ਼ਰੂਰ ਬਣਦੀ ਹੈ। ਅੰਮਾ ਕਹਿੰਦੀ ਹੈ ਅੱਜ 'ਥੇਈ' ਹੈ, ਦੁੱਧ ਨੂੰ 'ਜਾਮਣ' (ਖੱਟਾ) ਨਹੀਂ ਲਾਉਣਾ, ਤਾਂ ਲਾਜ਼ਮੀ ਰਾਤ ਨੂੰ ਖੀਰ ਬਨਣੀ ਹੈ। ਕਦੀ ਕਦੀ ਅੰਮਾ ਖੀਰ ਵਿਚ ਸੇਵੀਆਂ ਵੀ ਪਾ ਦਿੰਦੀ ਹੈ। ਇਹ ਸੇਵੀਆਂ ਵਾਲੀ ਗੁਲਾਬੀ ਜਿਹੇ ਰੰਗ ਦੀ ਖੀਰ ਅੰਮਾ ਬਹੁਤ ਸਵਾਦ ਬਣਾਉਂਦੀ ਹੈ। ਐਤਵਾਰ ਨੂੰ ਸਾਡੇ ਘਰ ਹੀ ਨਹੀਂ ਲਗਭਗ ਸਾਰੇ ਪਿੰਡ ਵਿਚ ਹੀ 'ਥੇਈ' ਹੁੰਦੀ ਹੈ, ਖੀਰ ਬਣਦੀ ਹੈ –ਜਿਵੇਂ ਇਹ ਵੀ ਕੋਈ ਰਿਵਾਜ਼ ਹੀ ਹੋਵੇ।

"ਡੰਗਰ ਤਾਂ ਘਰ ਦੇ ਭਾਗ ਹੁੰਦੇ ਹਨ – ਘਰ ਦੇ ਜੀਆਂ ਵਰਗੇ।" ਅੰਮਾ ਕਹਿੰਦੀ ਹੈ। ਖ਼ਬਰੇ ਤਾਂ ਹੀ ਇਨ੍ਹਾਂ ਦਾ ਐਨਾ ਖਿਆਲ ਰੱਖਿਆ ਜਾਂਦਾ ਹੈ – ਮੈਂ ਸੋਚਦੀ ਹਾਂ।

ਇਨ੍ਹਾਂ ਨੂੰ ਖੁਆਉਣਾ, ਪਿਆਉਣਾ, ਚਰਾਉਣਾ, ਨਹਾਉਣਾ, ਖ਼ਰਖਰਾ ਕਰਨਾ, ਤੇਲ ਲਾਉਣਾ, ਠੰਢਾਂ ਵਿਚ, ਮੀਂਹ-ਕਣੀ ਵਿਚ ਅੰਦਰ ਬਾਹਰ ਬੰਨ੍ਹਣਾ, ਧੁੱਪੇ-ਛਾਵੇਂ ਕਰਨਾ, ਸਭ ਇਨ੍ਹਾਂ ਦੀ ਟਹਿਲ ਸੇਵਾ ਵਿਚ ਸ਼ਾਮਲ ਹੁੰਦਾ ਹੈ।



ਉੜਦੇ-ਥੁੜਦੇ, ਬਿਮਾਰੀ-ਠਿਮਾਰੀ ਵਿਚ ਦਵਾ ਦਾਰੂ ਕਰਨਾ, ਜਾਭਾਂ ਨੂੰ ਲੂਣ ਮਲਣਾ, ਨਾਲਾਂ ਭਰ ਭਰ ਦਵਾਈ ਤੁੰਨਣੀ ਇਨ੍ਹਾਂ ਦੇ ਮੂੰਹਾਂ ਵਿਚ, ਧੂਣੀਆਂ ਲਾ ਲਾ ਮੱਖੀ-ਮੱਛਰਾਂ ਤੋਂ ਬਚਾ ਕਰਨਾ ਤੇ ਹੋਰ ਪਤਾ ਨਹੀਂ ਕੀ ਕੀ ਨਹੀਂ ਕੀਤਾ ਜਾਂਦਾ ਹੈ ਇਨ੍ਹਾਂ ਰਾਜਿਆਂ, ਮਹਾਰਾਜਿਆਂ ਵਾਸਤੇ। ਉਂਈ ਈਂ ਉਲਝਾਈ ਰੱਖਦੇ ਹਨ – ਇਹ ਸਾਰੇ ਟੱਬਰ ਨੂੰ ਆਪਣੇ ਆਲੇ ਦੁਆਲੇ।

ਕਦੇ ਕਦੇ ਮਾਮਾ ਜੀ ਲੈਣ ਦੇਣ ਵੇਲੇ ਇਨ੍ਹਾਂ ਬਾਰੇ ਕੁਝ ਇੰਜ ਦੀਆਂ ਵੀ ਗੱਲਾਂ ਕਰਦੇ ਹਨ, "ਓਹ ਦੋ ਦੰਦ ਵਹਿੜਾ ਹੈ, ਉਹ ਤਿੰਨ ਦੰਦ..." ਉਹ ਇੰਜ ਦੰਦਾਂ ਦੀ ਗਿਣਤੀ ਕਿਉਂ ਕਰਦੇ ਹਨ। ਮੈਂ ਸੋਚਦੀ ਰਹਿੰਦੀ ਹਾਂ ਤੇ ਮੈਨੂੰ ਅਜੀਬ ਵੀ ਲਗਦਾ ਇਹ ਸਭ, ਪਰ ਕਿਉਂ – ਇਹ ਮੈਨੂੰ ਪਤਾ ਹੀ ਨਹੀਂ ਲਗਦਾ ਕਦੇ।

ਉਂਜ ਵਾਹ ਲਗਦੀ 'ਡੰਗਰਾਂ ਆਲੇ ਕੋਠੇ' ਵਰਾਂਡੇ ਖੁਰਲੀਆਂ ਦੀ ਸਫ਼ਾਈ ਦਾ ਵੀ ਬਹੁਤ ਧਿਆਲ ਰਖਿਆ ਜਾਂਦਾ ਹੈ – ਆਪਣੇ ਘਰਾਂ ਵਾਂਗ। ਡੰਗਰ ਗੋਹਾ ਕਰਦਾ ਨੱਠ ਕੇ ਫਹੁੜਾ ਲੈ ਪਿੱਛੇ ਹਟਾ ਦਿੱਤਾ ਜਾਂਦਾ ਜਾਂ ਇਕ ਪਾਸੇ ਕਰ ਦਿੱਤਾ ਜਾਂਦਾ ਹੈ – ਖ਼ਬਰੇ ਬੈਠਣ ਲੱਗੇ ਉਹ ਲਿਬੜ ਜਾਂਦੇ ਹਨ, ਉਂਜ ਡੰਗਰਾਂ ਦੇ ਗੋਹੇ ਨਾਲ ਅੱਧ-ਲਿਬੜੇ 'ਪੁੜੇ' ਮੈਨੂੰ ਵੀ ਜ਼ਰਾ ਚੰਗੇ ਨਹੀਂ ਲਗਦੇ।

ਸਵੇਰੇ ਸ਼ਾਮ ਡੰਗਰਾਂ ਦਾ ਗੋਹਾ-ਕੂੜਾ, ਨੇਮ ਨਾਲ ਢੇਰਾਂ ਤੇ ਸੁਟਿਆ ਜਾਂਦਾ ਹੈ, ਜਿੱਥੇ ਪਿਆ ਪਿਆ 'ਰੇਹ' ਬਣ ਜਾਂਦਾ ਖੇਤਾਂ ਵਿਚ ਪਾਉਣ ਨੂੰ। ਸਵੇਰੇ ਵੇਲੇ ਤਾਂ ਉੱਠ ਕੇ ਇਹ ਸਭ ਤੋਂ ਮੁੱਖ ਕੰਮ ਹੁੰਦਾ ਹੈ ਘਰਾਂ ਵਿਚ – ਅੱਜ ਦੇ ਅਖ਼ਬਾਰ ਪੜ੍ਹਨ ਵਾਂਗ।

ਸਰਦੀਆਂ ਵਿਚ ਠੰਢ ਤੋਂ ਬਚਾਉਣ ਲਈ ਜਿੱਥੇ ਡੰਗਰਾਂ ਤੇ 'ਝੁੱਲ' ਦਿੱਤੇ ਜਾਂਦੇ ਹਨ ਉੱਥੇ ਅੰਦਰਾਂ ਵਿਚ ਇਨ੍ਹਾਂ ਹੇਠ 'ਸੇਜ' ਵੀ ਵਿਛਾਈ ਜਾਂਦੀ ਹੈ। ਸਾਡੇ ਇੱਥੇ ਤਾਂ ਪੱਤਿਆਂ ਦੀ – ਜੀਹਨੂੰ 'ਪਤਰਾਲ' ਵੀ ਕਹਿੰਦੇ ਜਦੋ ਗਲ ਸੜ ਜਾਂਦੀ।

ਅਸੀਂ ਸੜਕ ਕੰਢੇ ਖੜੀਆਂ ਟਾਹਲੀਆਂ ਹੇਠੋਂ ਪੱਤੇ ਹੂੰਝ ਕੇ ਲਿਆਉਂਦੇ – ਬਸੂਟਿਆ ਦੀਆਂ ਛਿਟੀਆਂ ਦੇ ਬਣੇ ਰੜਕਿਆਂ ਨਾਲ ਪੰਡਾਂ ਭਰ ਭਰ ਕੇ – ਚਾਈਂ ਚਾਈਂ।

ਚਾਂਈ ਚਾਂਈ ਇਸ ਲਈ ਕਿ ਇਹ ਕੰਮ ਮੈਨੂੰ ਬਹੁਤ ਚੰਗਾ ਲਗਦਾ। ਖੜ ਖੜ ਕਰਦੇ ਸੁੱਕੇ ਪੱਤੇ – ਹਲਕੇ ਫੁੱਲ, ਵੱਡੀਆਂ ਵੱਡੀਆਂ ਪੰਡਾਂ ਵੀ ਭਾਰ ਨਾ ਲਗਦੀਆਂ। ਮੈਂ ਆਪਣੀ ਪੰਡ ਆਪ ਚੁੱਕ ਕੇ ਲਿਆਉਂਦੀ ਹਾਂ – ਘਰ ਨੂੰ।

ਜਿੱਦਣ ਡੰਗਰਾਂ ਹੇਠ ਸੁੱਕੀ ਸੁੱਕੀ ਨਵੀਂ ਨਵੀਂ 'ਸੇਜ' ਵਿਛਦੀ ਤਾਂ ਮੈਂ ਸੋਚਦੀ ਅੱਜ ਤਾਂ ਸਾਰੇ ਡੰਗਰ ਬਹੁਤ ਖੁਸ਼ ਹੋਣਗੇ – ਸੁੱਕੀ ਸੁੱਕੀ ਸੇਜ 'ਤੇ ਬੈਠ ਕੇ, ਅਰਾਮ ਕਰਕੇ – ਪਰ ਇਨ੍ਹਾਂ ਵਿਚਾਰਿਆਂ ਨੇ ਕਿਹੜਾ ਸਾਨੂੰ ਦਸਣਾ ਹੁੰਦਾ ਹੈ ਕਿ ਕੀ ਠੀਕ ਹੈ, ਕੀ ਗਲਤ। ਫੇਰ ਉਹ ਮੈਨੂੰ ਜਮਾਂ ਈ ਨਿਆਣਿਆਂ ਵਾਂਗ ਲੱਗਣ ਲੱਗ ਜਾਂਦੇ – ਅਣਜਾਣ।

ਕਦੀ ਕਦੀ ਮੈਂ ਉਨ੍ਹਾਂ ਦੀਆਂ ਅੱਖਾਂ 'ਚੋਂ ਪਾਣੀ ਨਿਕਲਦਾ ਵੇਖਦੀ ਤਾਂ ਸੋਚਦੀ ਹੁਣ ਖ਼ਬਰਨੀ ਇਹਨੂੰ ਕੀ ਦੁੱਖ ਹੋਊ ਤੇ ਕਦੀ ਮਾਮਾ ਜੀ ਹੋਣਾ ਨੇ ਦੇਖ ਕੇ ਕਹਿਣਾ, "ਅੱਖਾਂ ਚੋਂ ਪਾਣੀ ਨਿਕਲ ਰਿਹਾ, ਬਾਏ ਹੋਈ ਹੋਈ ਲਗਦੀ ਹੈ – ਮੈਸ ਨੂੰ।" ਪਰ ਉਨ੍ਹਾਂ ਨੂੰ ਕੋਈ ਤਕਲੀਫ ਹੋਵੇ ਜਾਂ ਨਾ ਉਨ੍ਹਾਂ ਨੇ ਕਿਹੜਾ ਸਾਡੇ ਵਾਂਗ ਹਾਏ-ਕਲਾਟ ਪਾਉਣਾ, ਬੈਠੇ ਹੀ ਰਹਿਣਾ ਹੁੰਦਾ ਹੈ- ਚੁੱਪ-ਚਾਪ। ਉਂਜ ਉਹ ਅੱਧਮੀਟੀਆਂ ਅੱਖਾਂ ਨਾਲ ਜੁਗਾਲੀ ਕਰਦੇ-ਮੂੰਹ 'ਚੋਂ ਝੱਗ ਜੇਹੀ ਸੁੱਟੀ ਜਾਂਦੇ ਇਕ ਪਾਸੇ ਨੂੰ ਧਰਤੀ 'ਤੇ – ਨਿਸ਼ਚਿੰਤ – ਮੈਨੂੰ ਬਹੁਤ ਹੀ ਸੁਹਣੇ ਲਗਦੇ, ਖਾਸ ਕਰ ਜਦ ਬੈਠੇ ਬੈਠੇ – ਘੁਮਾ ਘੁਮਾ – ਪੂੰਛਾਂ ਮਾਰ ਮਾਰ ਮੱਖੀ ਹਟਾਈ ਜਾਂਦੇ – ਧੂੜ ਉਡਾਈ ਜਾਂਦੇ – ਆਪਣੀ ਹੀ ਕਿਸੀ ਦੁਨੀਆ ਵਿਚ ਗੁਆਚੇ – ਖ਼ਬਰੇ ਉਹ ਕੀ ਸੋਚਦੇ ਹਨ, ਕੀ ਸੁਪਨੇ ਲੈਂਦੇ ਹਨ – ਲੈਂਦੇ ਵੀ ਹਨ ਜਾਂ ਮੈਂ ਹੀ ਸੋਚੀ ਜਾ ਰਹੀ ਹੋਵਾਂ, ਖ਼ਬਰੇ। ਉਂਜ ਉਦੋਂ ਫੇਰ ਮੈਨੂੰ ਉਨ੍ਹਾਂ ਦੇ ਕੰਮਾਂ ਦਾ ਖਿਆਲ ਆਉਂਦਾ। ਅੰਤਾਂ ਦੇ ਜੋਖ਼ਮ ਭਰੇ ਕੰਮ ਤੇ ਉਹ ਭੋਲੇ-ਭਾਲੇ।

ਹਲ ਫੇਰਨਾ, ਸੁਹਾਗਾ ਖਿੱਚਣਾ – ਖੂਹ, ਗੱਡੇ, ਗੱਡੀਆਂ, ਘੁਲਾੜੀਆਂ ਮੂਹਰੇ ਜੁੜਨਾ, ਅੰਤਾਂ ਦਾ ਭਾਰ ਢੋਹਣਾ, ਪੰਜਾਲੀਆਂ ਹੇਠ ਉਨ੍ਹਾਂ ਦੀਆਂ ਕਾਲੀਆਂ ਹੋਈਆਂ – ਧੌਣਾ – ਪਰਾਣੀਆਂ ਦੀ ਮਾਰ ਸਹਿੰਦੇ, ਗਾਲ੍ਹਾਂ ਝਿੜਕਾਂ ਖਾਂਦੇ ਵੀ – ਟੱਲੀਆਂ, ਘੁੰਗਰਾਲਾਂ ਖੜਕਾਉਂਦੇ, ਮਸਤ ਚਾਲ ਚਲਦੇ ਰਹਿੰਦੇ ਆਪਣੀ ਮੰਜ਼ਿਲ ਵੱਲ ਨੂੰ। ਹੁਕਮ ਮੰਨਦੇ, ਹੁਕਮ ਵਜਾਉਂਦੇ।

ਉਂਜ ਜਦੋਂ ਮੈਨੂੰ ਗੱਡੇ 'ਤੇ ਖੂਹ ਦੀ ਗਾਧੀ ਦੇ ਦੁਸਾਂਘੇ 'ਤੇ ਸੁਹਾਗੀ 'ਤੇ – ਮਾਮਾ ਜੀ ਦੀਆਂ ਲੱਤਾਂ ਵਿਚਕਾਰ ਬੈਠ ਕੇ ਝਾਂਟੀ ਲੈਣਾ ਯਾਦ ਆ ਜਾਂਦਾ, ਜੋ ਅੰਤਾਂ ਦਾ ਚੰਗਾ ਲਗਦਾ ਤੇ ਮੈਂ ਸੋਚਦੀ ਹਾਂ ਹੁਣ ਫੇਰ ਇਹ ਕੰਮ ਵੀ ਤਾਂ ਇਨ੍ਹਾਂ ਨੇ ਹੀ ਕਰਨੇ ਹਨ, ਅਸੀਂ ਥੋੜ੍ਹਾ ਫੇਰ ਮੈਨੂੰ ਉਨ੍ਹਾਂ ਨੂੰ ਰੋਜ਼ 'ਪੇੜੇ ਖੁਆਣਾ' ਠੀਕ ਲੱਗਣ ਲੱਗ ਜਾਂਦਾ। ਉਂਜ ਮਾਮਾ ਜੀ ਹੋਰੀਂ ਵੀ ਤਾਂ ਹਰ ਵੇਲੇ ਇਨ੍ਹਾਂ ਦੀਆਂ ਹੀ ਗੱਲਾਂ ਕਰਦੇ ਰਹਿੰਦੇ ਹਨ। ਉਦੋਂ ਵੀ ਜਦ ਉਹ ਆਪਣੇ ਕੰਮਾਂ ਕਾਰਾਂ ਤੋਂ ਰਤਾ ਕੁ ਵਿਹਲੇ ਹੁੰਦੇ ਹਨ ਜਾਂ ਅਰਾਮ ਕਰਦੇ ਹਨ – ਬਸ ਉਨ੍ਹਾਂ ਦੀ ਜਾਨ ਤਾਂ ਉਧਰੇ ਹੀ ਫਸੀ ਰਹਿੰਦੀ ਹੈ ਜਿਵੇਂ ਉਹ ਉਨ੍ਹਾਂ ਦੇ 'ਹਮਦਰਦ' ਹੀ ਨਾ ਹੋਣ ਸਗੋਂ 'ਹਮਰਾਜ਼' ਵੀ ਹੋਣ। ਮੈਨੂੰ ਸਦਾ ਇੰਜ ਹੀ ਲਗਦਾ।

**(ਬਾਕੀ ਅਗਲੇ ਅੰਕ 'ਚ)**


Sir Speedy Tustin Printers to the Community
SUBWAY eat fresh.
OPEN 24 HOURS
ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਭਾਰਤ ਆਪਣੀ ਫ਼ੌਜ ਨੂੰ ਸਿੱਕਮ ਸਰਹੱਦ ਤੋਂ ਵਾਪਸ ਸੱਦੇ: ਚੀਨ



**ਪੇਇਚਿੰਗ/ ਸਿੱਖ ਸਿਆਸਤ ਬਿਊਰੋ:** ਚੀਨ ਨੇ ਨੂੰ ਕਿਹਾ ਹੈ ਕਿ ਭਾਰਤ ਸਿੱਕਿਮ ਸਰਹੱਦ ਤੋਂ ਆਪਣੀ ਫੌਜ ਨੂੰ ਫੌਰੀ ਤੌਰ 'ਤੇ ਵਾਪਸ ਬੁਲਾਵੇ। ਚੀਨ ਦਾ ਕਹਿਣਾ ਹੈ ਕਿ ਉਸ ਨੇ ਸਰਹੱਦ 'ਤੇ ਜਾਰੀ ਤਣਾਅ ਕਰਕੇ ਹੀ ਕੈਲਾਸ਼ ਮਾਨਸਰੋਵਰ ਦੀ ਯਾਤਰਾ 'ਤੇ ਨਿਕਲੇ ਭਾਰਤੀ ਸ਼ਰਧਾਲੂਆਂ ਲਈ ਨਾਥੂ ਲਾ ਦੱਰੇ ਤੋਂ ਦਾਖ਼ਲਾ ਬੰਦ ਕੀਤਾ ਹੈ। ਚੀਨ ਨੇ ਇਹ ਵੀ ਕਿਹਾ ਹੈ ਕਿ ਉਸ ਨੇ ਸਰਹੱਦੀ ਉਲੰਘਣਾ ਸਬੰਧੀ ਭਾਰਤ ਕੋਲ ਆਪਣਾ ਸਫ਼ਾਰਤੀ ਵਿਰੋਧ ਦਿੱਲੀ ਤੇ ਪੇਇਚਿੰਗ ਦੋਵਾਂ ਥਾਵਾਂ 'ਤੇ ਦਰਜ ਕਰਵਾ ਦਿੱਤਾ ਹੈ।

ਚੀਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਲੂ ਕਾਂਗ ਨੇ ਮੰਗਕਵਾਰ ਨੂੰ ਪੱਤਰਕਾਰਾਂ ਨਾਲ ਸੰਖੇਪ ਮਿਲਣੀ ਦੌਰਾਨ ਕਿਹਾ, ਅਸੀਂ ਪੇਇਚਿੰਗ ਤੇ ਨਵੀਂ ਦਿੱਲੀ ਦੋਵਾਂ ਥਾਵਾਂ 'ਤੇ ਆਪਣਾ ਰਸਮੀ ਰੋਸ ਦਰਜ ਕਰਾ ਦਿੱਤਾ ਹੈ। ਪ੍ਰਦੇਸ਼ਕ ਪ੍ਰਭੂਸੱਤਾ ਨੂੰ ਕਾਇਮ ਰੱਖਣ ਲਈ ਅਸੀਂ ਆਪਣੇ ਸਟੈਂਡ 'ਤੇ ਦ੍ਰਿੜ੍ਹ ਸੰਕਲਪ ਹਾਂ। ਅਸੀਂ ਆਸ ਕਰਦੇ ਹਾਂ ਕਿ ਭਾਰਤ ਵੀ ਚੀਨ ਨਾਲ ਉਸੇ ਰਾਹ 'ਤੇ ਤੁਰਦਿਆਂ ਸਰਹੱਦ ਉਲੰਘ ਕੇ ਚੀਨੀ ਖੇਤਰ ਵਿੱਚ ਦਾਖ਼ਲ ਹੋਏ ਆਪਣੇ ਫ਼ੌਜੀਆਂ ਨੂੰ ਫ਼ੌਰੀ ਉਥੋਂ ਵਾਪਸ ਸੱਦੇਗਾ।'

ਕੈਲਾਸ਼ ਤੇ ਮਾਨਸਰੋਵਰ ਵੱਲ ਵੱਧ ਰਹੇ ਸ਼ਰਧਾਲੂਆਂ, ਜਿਨ੍ਹਾਂ ਨੂੰ ਚੀਨ ਨੇ ਤਿੱਬਤ ਵਿੱਚ ਦਾਖ਼ਲ ਹੋਣ ਤੋਂ ਰੋਕਦਿਆਂ ਗੰਗਟੋਕ ਮੋੜ ਦਿੱਤਾ ਸੀ, ਬਾਰੇ ਲੂ ਨੇ ਕਿਹਾ ਕਿ ਉਨ੍ਹਾਂ ਦੀ ਫੇਰੀ ਸੁਰੱਖਿਆ ਕਾਰਨਾਂ ਕਰਕੇ ਰੱਦ ਕੀਤੀ ਗਈ ਹੈ। ਲੂ ਨੇ ਕਿਹਾ,'ਚੀਨ ਨਾਥੂ ਲਾ ਦੱਰੇ ਰਾਹੀਂ ਤਿੱਬਤ ਵਿੱਚ ਦਾਖ਼ਲ ਹੋਣ ਵਾਲੇ ਭਾਰਤੀ ਸ਼ਰਧਾਲੂਆਂ ਦੀ ਸਹੂਲਤ ਲਈ ਚੀਨ ਲੰਮੇ ਸਮੇਂ ਤੋਂ ਯਤਨ ਕਰਦਾ ਰਿਹਾ ਹੈ, ਪਰ ਸਰਹੱਦ 'ਤੇ ਤਾਇਨਾਤ ਭਾਰਤੀ ਫੌਜ ਨੇ ਹਾਲ ਹੀ ਵਿੱਚ ਸਰਹੱਦ ਉਲੰਘ ਕੇ ਚੀਨ ਵਾਲੇ ਪਾਸੇ ਚੱਲ ਰਹੇ ਉਸਾਰੀ ਦੇ ਕੰਮ 'ਚ ਅੜਿੱਕਾ ਡਾਹਿਆ ਹੈ, ਲਿਹਾਜ਼ਾ ਜ਼ਰੂਰੀ ਕਾਰਵਾਈ ਵਜੋਂ ਸਾਨੂੰ ਨਾਥੂ ਲਾ ਦੱਰੇ ਰਾਹੀਂ ਲਾਂਘਾ ਬੰਦ ਕਰਨਾ ਪਿਆ ਹੈ।'

ਜ਼ਿਕਰਯੋਗ ਹੈ ਕਿ ਸਿੱਕਮ ਦੇ ਨਾਥੂ ਲਾ ਦੱਰੇ ਰਾਹੀਂ ਤਿੱਬਤ ਵਿੱਚ ਕੈਲਾਸ਼ ਮਾਨਸਰੋਵਰ ਯਾਤਰਾ ਉਤੇ ਜਾ ਰਹੇ ਇਨ੍ਹਾਂ ਸ਼ਰਧਾਲੂਆਂ ਨੂੰ ਪਿਛਲੇ ਹਫ਼ਤੇ ਚੀਨ ਨੇ ਦਾਖ਼ਲ ਹੋਣ ਤੋਂ ਰੋਕ ਦਿੱਤਾ ਸੀ। ਇਨ੍ਹਾਂ ਸ਼ਰਧਾਲੂਆਂ ਨੇ 19 ਜੂਨ ਨੂੰ ਸਰਹੱਦ ਪਾਰ ਕਰਨੀ ਸੀ ਪਰ ਖ਼ਰਾਬ ਮੌਸਮ ਕਾਰਨ ਉਹ ਜਾ ਨਹੀਂ ਸਕੇ। ਬੇਸ ਕੈਂਪ ਵਿੱਚ ਇੰਤਜ਼ਾਰ ਕਰਨ ਮਗਰੋਂ ਜਦੋਂ ਉਨ੍ਹਾਂ 23 ਜੂਨ ਨੂੰ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਚੀਨੀ ਅਧਿਕਾਰੀਆਂ ਨੇ ਮਨਜ਼ੂਰੀ ਨਹੀਂ ਦਿੱਤੀ। ਯਾਦ ਰਹੇ ਕਿ ਭਾਰਤੀ ਫ਼ੌਜ ਅਤੇ ਪੀਪਲਜ਼ ਲਿਬਰੇਸ਼ਨ ਆਰਮੀ (ਪੀਐਲਏ) ਦੇ ਜਵਾਨਾਂ ਦੇ ਹੱਥੋਪਾਈ ਹੋਣ ਬਾਅਦ ਸਿੱਕਿਮ ਦੇ ਦੂਰੇਡੇ ਇਲਾਕੇ ਵਿੱਚ ਤਣਾਅ ਵਧ ਗਿਆ ਹੈ। ਇਸ ਝੜਪ ਮਗਰੋਂ ਚੀਨੀ ਫੌਜੀਆਂ ਨੇ ਭਾਰਤੀ ਫੌਜੀਆਂ ਦੇ ਬੰਕਰਾਂ ਨੂੰ ਨੁਕਸਾਨ ਪਹੁੰਚਾਇਆ। ਸੂਤਰਾਂ ਮੁਤਾਬਕ ਸਿੱਕਿਮ ਵਿੱਚ ਡੋਕਾ ਲਾ ਇਲਾਕੇ ਵਿੱਚ ਲਾਲਟਨ ਚੌਕੀ ਨੇੜੇ ਜੂਨ ਦੇ ਪਹਿਲੇ ਹਫ਼ਤੇ ਇਹ ਘਟਨਾ ਹੋਈ।

# ਬਰਤਾਨੀਆ ਦੀ ਮਹਾਰਾਣੀ ਦੀ ਤਨਖ਼ਾਹ 'ਚ 8% ਵਾਧਾ

**ਲੰਡਨ/ਬਿਊਰੋ ਨਿਊਜ਼**

ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈੱਥ ਦੂਜੀ ਦੀ ਤਨਖ਼ਾਹ ਵਿੱਚ 8 ਫੀਸਦੀ ਵਾਧਾ ਹੋਇਆ ਹੈ, ਜਿਸ ਹਿਸਾਬ ਨਾਲ 60 ਲੱਖ ਪਾਡ ਤਨਖ਼ਾਹ ਵਧੀ ਹੈ। ਸ਼ਾਹੀ ਆਮਦਨ ਤੋਂ ਬੀਤੇ ਵਰ੍ਹੇ 240 ਲੱਖ ਪਾਡ ਮੁਨਾਫ਼ਾ ਹੋਇਆ ਹੈ। ਇਸ ਵਾਧੇ ਨੂੰ ਘਰੇਲੂ, ਸਰਕਾਰੀ ਯਾਤਰਾ ਅਤੇ ਰਾਜ ਮਹਿਲਾਂ ਦੀ ਦੇਖਭਾਲ ਲਈ 2018-19 ਵਿੱਚ ਵਰਤਿਆ ਜਾਵੇਗਾ। ਬੀਤੇ ਵਰ੍ਹੇ ਮਹਾਰਾਣੀ ਦੇ ਖ਼ਰਚੇ ਵਿੱਚ 20 ਲੱਖ ਪਾਡ ਦਾ ਵਾਧਾ ਕੀਤਾ ਗਿਆ ਸੀ। ਮਹਾਰਾਣੀ ਅਤੇ ਸ਼ਾਹੀ ਪਰੀਵਾਰ ਦਾ 2016-17 'ਚ ਸਰਕਾਰੀ ਸੈਰ ਸਪਾਟਾ ਖ਼ਰਚਾ 45 ਲੱਖ ਹੁੰਦਾ ਹੈ। ਕਲੇਰੈਂਸ ਹਾਊਸ ਵੱਲੋਂ ਵੀ ਸਾਲਾਨਾ ਅਕਾਊਂਟ ਜਾਰੀ ਕੀਤੇ ਗਏ ਹਨ, ਜਿਸ ਅਨੁਸਾਰ ਪ੍ਰਿੰਸ ਆਫ਼ ਵੇਲਜ਼ ਦੀ ਸਾਲਾਨਾ ਆਮਦਨ ਵਿੱਚ 1.2 ਫੀਸਦੀ ਵਾਧਾ ਹੋਇਆ, ਜਿਸ ਅਨੁਸਾਰ ਉਨ੍ਹਾਂ ਦੀ ਆਮਦਨ 207 ਲੱਖ ਪਾਡ ਹੈ। ਸ਼ਾਹੀ ਖਜ਼ਾਨੇ 'ਚੋਂ ਮਹਾਰਾਣੀ ਨੂੰ ਸਾਲ 20 18-19 ਵਿੱਚ 822 ਲੱਖ ਪਾਡ ਮਿਲਣੇ ਮੰਨੇ ਜਾ ਰਹੇ ਹਨ। ਕਿਹਾ ਜਾ ਰਿਹਾ ਹੈ ਕਿ 2017 ਤੋਂ 2027 ਤੱਕ ਇਹ ਵਾਧਾ 15 ਤੋਂ 25 ਫੀਸਦੀ ਤੱਕ ਹੋ ਜਾਵੇਗਾ, ਜਿਸ ਨਾਲ ਬਕਿੰਘਮ ਪੈਲਿਸ ਦੀ ਮੁਰੰਮਤ 'ਤੇ 3690 ਲੱਖ ਪਾਡ ਖ਼ਰਚਿਆ ਜਾਵੇਗਾ।

# ਖ਼ੈਰਾਤ ਨਹੀਂ ਹੈ ਜ਼ਰਾਇਤੀ ਕਰਜ਼ਾ ਮੁਆਫ਼

**ਜਦੋਂ ਤਕ ਅਸੀਂ ਕਿਸਾਨਾਂ ਦੀ ਆਮਦਨ ਦੇ ਇਸ ਬੁਨਿਆਦੀ ਮੁੱਦੇ ਨੂੰ ਨਹੀਂ ਛੋਂਹਦੇ, ਤਦ ਤਕ ਕਰਜ਼ਾ-ਮੁਆਫ਼ੀ ਨਾਲ ਤਾਂ ਸਗੋਂ ਇਹ ਸਮੱਸਿਆ ਹੋਰ ਵੀ ਲੰਮੇ ਸਮੇਂ ਲਈ ਲਟਕ ਜਾਵੇਗੀ ਤੇ ਫਿਰ ਇੱਕ ਹੋਰ ਵਾਰ ਕਰਜ਼ਾ ਮੁਆਫ਼ ਕਰਨਾ ਪਵੇਗਾ। ਇਸੇ ਲਈ ਕਰਜ਼ਾ ਮੁਆਫ਼ੀ ਹੀ ਕਾਫ਼ੀ ਨਹੀਂ ਹੈ। ਅਸਲ ਪ੍ਰਸ਼ਨ ਇਹ ਹੋਣਾ ਚਾਹੀਦਾ ਹੈ: ਕੀ ਕਰਜ਼ੇ ਦਾ ਮੌਜੂਦਾ ਬੋਝ ਹਟਾਏ ਬ਼ਗੈਰ ਕਿਸਾਨਾਂ ਦੀ ਆਮਦਨ ਦਾ ਸੰਕਟ ਹੱਲ ਕੀਤਾ ਜਾ ਸਕਦਾ ਹੈ ? ਜੇ ਖੇਤੀ ਕਰਜ਼ਾ ਮੁਆਫ਼ੀ ਕਾਫ਼ੀ ਨਹੀਂ ਹੈ ਤਾਂ ਕੀ ਇਹ ਜ਼ਰੂਰੀ ਹੈ ?**

**ਯੋਗੇਂਦਰ ਯਾਦਵ**
(ਈ-ਮੇਲ: yogendra.yadav@gmail.com)



ਖੇਤੀ ਕਰਜ਼ਾ ਮੁਆਫ਼ੀ ਐਲਾਨਣ ਵਾਲੇ ਸੂਬਿਆਂ ਦੀ ਸੂਚੀ ਵਿੱਚ ਹੁਣ ਜਦੋਂ ਪੰਜਾਬ ਵੀ ਸ਼ਾਮਲ ਹੋ ਗਿਆ ਹੈ ਤਾਂ ਸਿਆਸੀ ਆਗੂਆਂ ਨੇ ਵੱਡੇ ਪੱਧਰ 'ਤੇ ਇਸ ਵਿਚਾਰ ਦੇ ਹੱਕ ਵਿੱਚ ਆਪਣੇ ਵਿਚਾਰ ਪ੍ਰਗਟਾਉਣੇ ਸ਼ੁਰੂ ਕਰ ਦਿੱਤੇ ਹਨ। ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਪੱਖੋਂ ਪਹਿਲ ਤੇਲੰਗਾਨਾ ਨੇ ਕੀਤੀ ਸੀ ਤੇ ਉਸ ਦੇ ਤੁਰੰਤ ਬਾਅਦ ਆਂਧਰਾ ਪ੍ਰਦੇਸ਼ ਨੇ ਵੀ ਇਹ ਐਲਾਨ ਕਰ ਦਿੱਤਾ ਸੀ। ਪਰ ਤਾਜ਼ਾ ਗੇੜ ਵਿੱਚ ਪਹਿਲਾਂ ਉਤਰ ਪ੍ਰਦੇਸ਼, ਫਿਰ ਮਹਾਰਾਸ਼ਟਰ ਤੇ ਹੁਣ ਪੰਜਾਬ ਵਲੋਂ ਅਜਿਹਾ ਐਲਾਨ ਕੀਤੇ ਜਾਣ ਤੋਂ ਬਾਅਦ ਅਤੇ ਆਉਂਦੀਆਂ ਲੋਕ ਸਭਾ ਚੋਣਾਂ ਨੂੰ ਧਿਆਨ 'ਚ ਰੱਖਦਿਆਂ ਸਮੁੱਚੇ ਦੇਸ਼ ਵਿੱਚ ਹੀ ਖੇਤੀ ਕਰਜ਼ੇ ਮੁਆਫ਼ ਕਰਵਾਉਣ ਲਈ ਲਹਿਰ ਸ਼ੁਰੂ ਹੋ ਗਈ ਹੈ।

ਅਜਿਹੀ ਲਹਿਰ ਦੇ ਨਾਲ ਹੀ, ਬਹੁਗਿਣਤੀ ਟਿੱਪਣੀਕਾਰਾਂ ਨੇ ਵੀ ਲਗਭਗ ਸਰਬਸੰਮਤੀ ਨਾਲ ਕਰਜ਼-ਮੁਆਫ਼ੀ ਦੇ ਵਿਚਾਰ ਨੂੰ ਰੱਦ ਕੀਤਾ ਹੈ। ਬਹੁਤੇ ਅਰਥ-ਸ਼ਾਸਤਰੀਆਂ ਤੇ ਨੀਤੀਘਾੜਿਆਂ ਨੇ ਤਾਂ ਇਸ ਵਾਇਰਸ' ਨੂੰ ਹੋਰ ਨਾ ਫੈਲਣ ਦੀ ਚੇਤਾਵਨੀ ਵੀ ਦੇ ਦਿੱਤੀ ਹੈ। ਸੰਪਾਦਕੀ ਪੰਨੇ ਇਸ ਬੁੱਧੀਹੀਣ ਸ਼ੋਸ਼ੇਬਾਜ਼ੀ' ਅਤੇ ਵੋਟਾਂ ਦੀ ਸਿਆਸਤ ਦੀਆਂ ਮਜਬੂਰੀਆਂ ਵਿਰੁੱਧ ਦਲੀਲਾਂ ਨਾਲ ਭਰੇ ਪਏ ਹਨ। ਉਧਰ, ਬੈਂਕਰ ਵੀ ਅਜਿਹੇ ਫ਼ੈਸਲੇ ਕਾਰਨ ਹੋਣ ਵਾਲੇ ਸੰਭਾਵੀ ਨੈਤਿਕ ਨੁਕਸਾਨ' ਦੀਆਂ ਗੱਲਾਂ ਕਰ ਰਹੇ ਹਨ। ਅਰਥ-ਸ਼ਾਸਤਰੀਆਂ ਨੂੰ ਇਸ ਫ਼ੈਸਲੇ ਨਾਲ ਸਰਕਾਰ ਦੇ ਅਰਥਚਾਰੇ ਉਤੇ ਮਾੜਾ ਅਸਰ ਪੈਣ ਦੀ ਚਿੰਤਾ ਲੱਗੀ ਹੋਈ ਹੈ। ਬਹੁਤੇ ਖੇਤੀਬਾੜੀ ਮਾਹਰਾਂ ਨੇ ਵੀ ਕਰਜ਼-ਮੁਆਫ਼ੀ ਨੂੰ ਅਜਿਹਾ ਢਕਵੰਜ ਕਰਾਰ ਦਿੱਤਾ ਹੈ, ਜਿਸ ਨਾਲ ਕਿਸਾਨਾਂ ਦੇ ਮਸਲੇ ਹੱਲ ਨਹੀਂ ਹੋਣ ਲੱਗੇ। ਇਸ ਅਮਲ ਦੌਰਾਨ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਨੇ ਵੀ ਵੱਖਰੇ ਤੌਰ 'ਤੇ ਚੇਤਾਵਨੀ ਦੇ ਦਿੱਤੀ ਹੈ। ਕੇਂਦਰੀ ਵਿੱਤ ਮੰਤਰੀ ਤਾਂ ਪਹਿਲਾਂ ਹੀ ਅਜਿਹੇ ਕਰਜ਼ਾ-ਮੁਆਫ਼ੀਆਂ ਦੇ ਬੋਝ ਚੁੱਕਣ ਤੋਂ ਆਪਣਾ ਪਿੱਛਾ ਛੁਡਾ ਚੁੱਕੇ ਹਨ।

ਕਿਸਾਨ ਅੰਦੋਲਨਾਂ ਵਿੱਚ ਅਜਿਹੀਆਂ ਦਲੀਲਾਂ ਨੂੰ ਪਖੰਡ ਆਖ ਕੇ ਰੱਦ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਨੂੰ ਕਿਸਾਨਾਂ ਵਿਰੁੱਧ ਸਿਆਸੀ ਸਾਜ਼ਿਸ਼ ਦਾ ਸਬੂਤ ਦੱਸਿਆ ਜਾ ਰਿਹਾ ਹੈ। ਕਿਸਾਨਾਂ ਦੇ ਅਜਿਹੇ ਸ਼ੰਕੇ ਜਾਇਜ਼ ਵੀ ਹਨ। ਕੀ ਤੁਸੀਂ ਸਾਲ 2009 'ਚ ਅਜਿਹਾ ਕੋਈ ਨੈਤਿਕ ਰੌਲਾ-ਰੱਪਾ' ਸੁਣਿਆ ਸੀ, ਜਦੋਂ ਤਤਕਾਲੀ ਡਾ. ਮਨਮੋਹਨ ਸਿੰਘ ਸਰਕਾਰ ਨੇ ਕੌਮਾਂਤਰੀ ਆਰਥਿਕ ਮੰਦਹਾਲੀ ਤੋਂ ਭਾਰਤੀ ਉਦਯੋਗ ਨੂੰ ਬਚਾਉਣ ਲਈ ਉਸ ਵਾਸਤੇ ਸਹਾਇਤਾ ਵਜੋਂ ਤਿੰਨ ਲੱਖ ਕਰੋੜ ਰੁਪਏ ਦੇ ਵਿਸ਼ੇਸ਼ ਪੈਕੇਜ ਦਾ ਐਲਾਨ ਕੀਤਾ ਸੀ ? ਜਾਂ ਜਦੋਂ ਸਰਕਾਰ ਨੇ ਭਾਰੀ ਕਾਰਪੋਰੇਟ ਕਰਜ਼ਿਆਂ ਨੂੰ ਹਾਸੋਹੀਣੀਆਂ ਮੱਦਾਂ ਦੇ ਆਧਾਰ ਉਤੇ ਪੁਨਰਗਠਤ' ਕੀਤਾ ਸੀ। ਕੀ ਸਾਨੂੰ ਕਦੇ ਉਦੋਂ ਅਜਿਹੀਆਂ ਕੋਈ ਵਿੱਤੀ ਚੇਤਾਵਨੀਆਂ ਸੁਣਦੀਆਂ ਹਨ, ਜਦੋਂ ਸਰਕਾਰ ਦੂਰਸੰਚਾਰ ਤੇ ਬਿਜਲੀ ਖੇਤਰ ਦੀ ਸਹਾਇਤਾ ਲਈ ਵਿਸ਼ੇਸ਼ ਸਹਾਇਤਾ ਪੈਕੇਜ ਦੇਣ ਬਾਰੇ ਵਿਚਾਰ-ਵਟਾਂਦਰਾ ਕਰਦੀ ਹੈ ? ਪਰ ਜਦੋਂ ਕਿਸਾਨਾਂ ਦੇ ਕਰਜ਼ਿਆਂ ਦੀ ਮੁਆਫ਼ੀ ਦਾ ਮਾਮਲਾ ਆਉਂਦਾ ਹੈ ਤਾਂ ਅਸੀਂ ਨੈਤਿਕਤਾਵਾਂ ਉਤੇ ਬਹਿਸ ਕਰਨ ਲੱਗ ਪੈਂਦੇ ਹਾਂ। ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਨੇ ਨੋਟਬੰਦੀ ਵੇਲੇ ਤਾਂ ਪੂਰੀ ਤਰ੍ਹਾਂ ਚੁੱਪੀ ਧਾਰ ਲਈ ਸੀ ਪਰ ਹੁਣ ਇਸ ਮੁੱਦੇ ਉਤੇ ਉਨ੍ਹਾਂ ਦਾ ਪ੍ਰਤੀਕਰਮ ਵੀ ਤੁਰੰਤ ਸੁਣਨ ਨੂੰ ਮਿਲ ਗਿਆ ਹੈ। ਕੀ ਉਹ ਬੰਦਾ, ਵਿੱਤ ਮੰਤਰੀ ਦਾ ਬੌਸ ਨਹੀਂ ਜਿਸ ਨੇ ਉਤਰ ਪ੍ਰਦੇਸ਼ ਵਿੱਚ ਚੋਣ ਪ੍ਰਚਾਰ ਸਮੇਂ ਕਰਜ਼ਾ ਮੁਆਫ਼ੀ ਦਾ ਵਾਅਦਾ ਕੀਤਾ ਸੀ ?

ਪਰ ਇਹ ਕੋਈ ਜਵਾਬ ਨਹੀਂ ਹੈ। ਦੋ ਨਾਕਾਰਾਤਮਕ ਗੱਲਾਂ ਨਾਲ ਕੁਝ ਵੀ ਸਾਕਾਰਾਤਮਕ ਨਹੀਂ ਹੋ ਜਾਂਦਾ। ਟੀ.ਵੀ. ਦੇ ਮੇਜ਼ਬਾਨਾਂ ਨੇ ਇਹ ਮਾਮਲਾ ਤੁਰਤ-ਫੁਰਤ ਉਠਾਇਆ ਹੈ; ਸਾਨੂੰ ਇਸ ਸੁਆਲ ਉਤੇ ਬਹੁਤ ਹੀ ਨਿਆਂਪੂਰਨ ਤਰੀਕੇ ਨਾਲ ਵਿਚਾਰ ਕਰਨਾ ਹੋਵੇਗਾ: ਕੀ ਖੇਤੀ ਕਰਜ਼-ਮੁਆਫ਼ੀ ਜਾਇਜ਼ ਹੈ ? ਖੇਤੀ ਕਰਜ਼-ਮੁਆਫ਼ੀ ਦੇ ਆਲੋਚਕਾਂ ਦੀ ਨੇਕਨੀਅਤੀ ਉਤੇ ਕੋਈ ਕਿੰਤੂ-ਪ੍ਰੰਤੂ ਕੀਤੇ ਬਿਨਾਂ ਮੈਂ ਕੁਝ ਦਲੀਲਾਂ ਰੱਖਣ ਦਾ ਯਤਨ ਕਰਦਾ ਹਾਂ।

ਦਰਅਸਲ, ਖੇਤੀ ਕਰਜ਼-ਮੁਆਫ਼ੀ ਦੇ ਵਿਚਾਰ ਦੀ ਆਲੋਚਨਾ ਇਹ ਗ਼ਲਤ ਪ੍ਰਸ਼ਨ ਪੁੱਛਣ ਕਾਰਨ ਹੋ ਰਹੀ ਹੈ ਕਿ ਖੇਤੀ ਕਰਜ਼ਾ ਮੁਆਫ਼ੀ ਨਾਲ ਕੀ ਭਾਰਤੀ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ ? ਇਸ ਦਾ ਬੜਾ ਸਪਸ਼ਟ ਉਤਰ ਹੈ ਨਹੀਂ'। ਕਰਜ਼ਾ ਮੁਆਫ਼ੀ ਕਿਸੇ ਅਜਿਹੇ ਉਦਯੋਗ ਲਈ ਤਾਂ ਇੱਕ ਮੁਕੰਮਲ ਇਲਾਜ ਵਜੋਂ ਦਰੁਸਤ ਹੋ ਸਕਦੀ ਹੈ, ਜਿਸ ਨੂੰ ਕਦੇ ਕਿਸੇ ਵੇਲੇ ਅਣਕਿਆਸੇ ਵਪਾਰਕ ਚੱਕਰ ਦੀ ਨਾਕਾਮੀ ਦਾ ਸਾਹਮਣਾ ਕਰਨਾ ਪਿਆ ਹੋ ਸਕਦਾ ਹੈ। ਪਰ ਅਜਿਹੀ ਕਰਜ਼ਾ ਮੁਆਫ਼ੀ ਨਾਲ ਭਾਰਤ ਦੇ ਕਿਸਾਨ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਨਹੀਂ ਹੋ ਸਕਦੀਆਂ ਕਿਉਂਕਿ ਉਸ ਨੂੰ ਤਾਂ ਪਿਛਲੇ ਲੰਮੇ ਸਮੇਂ ਤੋਂ ਕੁਝ ਸਥਾਈ ਕਿਸਮ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖੇਤੀਬਾੜੀ ਹੁਣ ਲਾਹੇਵੰਦਾ ਧੰਦਾ ਨਹੀਂ ਤੇ ਹੁਣ ਇਸ ਵਿੱਚ ਅਕਸਰ ਘਾਟਾ ਹੀ ਪੈਂਦਾ ਹੈ। ਜਦੋਂ ਤਕ ਅਸੀਂ ਕਿਸਾਨਾਂ ਦੀ ਆਮਦਨ ਦੇ ਇਸ ਬੁਨਿਆਦੀ ਮੁੱਦੇ ਨੂੰ ਨਹੀਂ ਛੋਂਹਦੇ, ਤਦ ਤਕ ਕਰਜ਼ਾ-ਮੁਆਫ਼ੀ ਨਾਲ ਤਾਂ ਸਗੋਂ ਇਹ ਸਮੱਸਿਆ ਹੋਰ ਵੀ ਲੰਮੇ ਸਮੇਂ ਲਈ ਲਟਕ ਜਾਵੇਗੀ ਤੇ ਫਿਰ ਇੱਕ ਹੋਰ ਵਾਰ ਕਰਜ਼ਾ ਮੁਆਫ਼ ਕਰਨਾ ਪਵੇਗਾ। ਇਸੇ ਲਈ ਕਰਜ਼ਾ ਮੁਆਫ਼ੀ ਹੀ ਕਾਫ਼ੀ ਨਹੀਂ ਹੈ। ਅਸਲ ਪ੍ਰਸ਼ਨ ਇਹ ਹੋਣਾ ਚਾਹੀਦਾ ਹੈ: ਕੀ ਕਰਜ਼ੇ ਦਾ ਮੌਜੂਦਾ ਬੋਝ ਹਟਾਏ ਬ਼ਗੈਰ ਕਿਸਾਨਾਂ ਦੀ ਆਮਦਨ ਦਾ ਸੰਕਟ ਹੱਲ ਕੀਤਾ ਜਾ ਸਕਦਾ ਹੈ ? ਜੇ ਖੇਤੀ ਕਰਜ਼ਾ ਮੁਆਫ਼ੀ ਕਾਫ਼ੀ ਨਹੀਂ ਹੈ ਤਾਂ ਕੀ ਇਹ ਜ਼ਰੂਰੀ ਹੈ ?

ਪਹਿਲਾਂ ਨੈਤਿਕ ਕਰਾਰ ਵਾਲੀ ਦਲੀਲ ਉਤੇ ਵਿਚਾਰ ਕਰਦੇ ਹਾਂ: ਜਦੋਂ ਕਰਜ਼ਾ ਇੱਕ ਵਾਰ ਲੈ ਲਿਆ ਤਾਂ ਹਰ ਹਾਲਤ ਵਿੱਚ ਮੋੜਨਾ ਵੀ ਚਾਹੀਦਾ ਹੈ। ਕਰਾਰਾਂ ਤੇ ਸਮਝੌਤਿਆਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਪਰ ਅਜਿਹੇ ਹਾਲਾਤ ਨੂੰ ਛੱਡ ਕੇ, ਜਦੋਂ ਬੇਕਾਬੂ ਹਾਲਾਤ ਕਾਰਨ ਅਜਿਹੇ ਕਿਸੇ ਕਰਾਰ ਦੀ ਪਾਲਣਾ ਕਰਨੀ ਅਸੰਭਵ ਹੋ ਜਾਵੇ। ਜਾਂ ਜਦੋਂ ਕੋਈ ਇਕਾਈ ਇੰਨੀ ਵੱਡੀ ਹੋਵੇ ਕਿ ਉਸ ਦੇ ਨਾਕਾਮ ਹੋਣ ਦੀ ਕੋਈ ਸੰਭਾਵਨਾ ਹੀ ਨਾ ਹੋਵੇ। ਇਨ੍ਹਾਂ ਹੀ ਦਲੀਲਾਂ ਦੇ ਆਧਾਰ ਉਤੇ ਵੱਡੇ ਕਾਰਪੋਰੇਸ਼ਨਾਂ ਨੂੰ ਵਿਸ਼ੇਸ਼ ਸਹਾਇਤਾ ਪੈਕੇਜ ਦਿੱਤੇ ਜਾਂਦੇ ਹਨ ਜਾਂ ਉਨ੍ਹਾਂ ਦੇ ਕਰਜ਼ੇ ਮੁਆਫ਼ ਹੁੰਦੇ ਹਨ। ਜੇ ਇਹ ਇੱਕ ਨਿਆਂਪੂਰਨ ਦਲੀਲ ਹੈ ਤਾਂ ਇਹ ਕਿਸਾਨਾਂ ਦੇ ਮਾਮਲੇ ਵਿੱਚ ਵੀ ਬਹੁਤ ਵੱਡੀ ਇਖ਼ਲਾਕੀ ਤਾਕਤ ਨਾਲ ਲਾਗੂ ਹੁੰਦੀ ਹੈ। ਭਾਰਤ ਦੇ ਬਹੁਗਿਣਤੀ ਕਿਸਾਨ ਆਪਣੇ ਕਰਜ਼ੇ ਮੋੜਨ ਦੀ ਸਥਿਤੀ ਵਿੱਚ ਨਹੀਂ ਹਨ। ਉਨ੍ਹਾਂ ਨੂੰ ਕੁਝ ਆਮਦਨ ਤਾਂ ਜ਼ਰੂਰ ਹੁੰਦੀ ਹੈ, ਪਰ ਇੰਨੀ ਨਹੀਂ ਹੁੰਦੀ ਕਿ ਜਿਸ ਨਾਲ ਉਹ ਆਪਣਾ ਗੁਜ਼ਾਰਾ ਵਧੀਆ ਢੰਗ ਨਾਲ ਕਰ ਸਕਣ। ਅਜਿਹੇ ਹਾਲਾਤ ਇਸ ਕਰਕੇ ਨਹੀਂ ਬਣੇ ਕਿ ਉਹ ਸੁਸਤ ਜਾਂ ਅਯੋਗ ਹਨ ਸਗੋਂ ਉਹ ਤਾਂ ਕਾਰੋਬਾਰ ਦੀਆਂ ਵਿਪਰੀਤ ਮੱਦਾਂ, ਸਰਕਾਰਾਂ ਦੀਆਂ ਉਦਾਸੀਨ ਨੀਤੀਆਂ, ਵਾਤਾਵਰਣਕ ਤਬਦੀਲੀ ਜਿਹੇ ਕੁਝ ਅਨਿਯੰਤਰਿਤ ਕਿਸਮ ਦੇ ਹਾਲਾਤ ਦੇ ਸ਼ਿਕਾਰ ਹਨ। ਨਿਸ਼ਚਿਤ ਤੌਰ 'ਤੇ ਉਨ੍ਹਾਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਹੈ, ਇਸ ਲਈ ਉਨ੍ਹਾਂ ਸਾਰਿਆਂ ਨੂੰ ਡੁੱਬਣ ਵੀ ਨਹੀਂ ਦਿੱਤਾ ਜਾ ਸਕਦਾ। ਅਜਿਹੀ ਸਥਿਤੀ ਵਿੱਚ ਕਿਸੇ ਕਰਜ਼ੇ ਦਾ ਕਰਾਰ ਲਾਗੂ ਕਰਨਾ ਅਣਮਨੁੱਖੀ ਤੇ ਗ਼ੈਰ-ਇਖਲਾਕੀ ਹੈ।

ਸਾਨੂੰ ਇਸ ਦਲੀਲ ਦੇ ਆਧਾਰ 'ਤੇ ਅੱਗੇ ਵਧਣਾ ਚਾਹੀਦਾ ਹੈ। ਦਰਅਸਲ, ਕਿਸਾਨ ਕੇਵਲ ਗ਼ਰੀਬ ਹੀ ਨਹੀਂ ਹੈ ਸਗੋਂ ਬੇਵੱਸੀ ਦਾ ਸ਼ਿਕਾਰ ਹੈ ਅਤੇ ਇਸੇ ਲਈ ਉਸ ਦਾ ਕਰਜ਼ਾ ਮੁਆਫ਼ ਹੋਣਾ ਚਾਹੀਦਾ ਹੈ ਕਿਉਂਕਿ ਉਹ ਅਦਾ ਨਹੀਂ ਕਰ ਸਕਦਾ। ਸਾਨੂੰ ਕਰਜ਼ੇ ਦੀ ਇਸ ਕੁੜਿੱਕੀ ਦੇ ਬੁਨਿਆਦੀ ਕਾਰਨ ਜਾਣਨ ਦੀ ਜ਼ਰੂਰਤ ਹੈ। ਕਿਸਾਨ ਕਰਜ਼ੇ ਵਿੱਚ ਇਸ ਕਰਕੇ ਫਸ ਕੇ ਰਹਿ ਗਿਆ ਹੈ ਕਿਉਂਕਿ ਉਸ ਦੀ ਆਮਦਨ ਉਸ ਰਫ਼ਤਾਰ ਨਾਲ ਨਹੀਂ ਵਧ ਰਹੀ, ਜਿੰਨੀ ਰਫ਼ਤਾਰ ਨਾਲ ਉਸ ਦੀਆਂ ਲਾਗਤਾਂ ਤੇ ਹੋਰ ਖ਼ਰਚੇ ਵਧਦੇ ਜਾ ਰਹੇ ਹਨ। ਅਜਿਹਾ ਮੁੱਖ ਤੌਰ ਉਤੇ ਪਿਛਲੇ ਪੰਜ ਦਹਾਕਿਆਂ ਦੀਆਂ ਸਰਕਾਰੀ ਨੀਤੀਆਂ ਕਰ ਕੇ ਹੈ। ਸਾਲ 1966-67 ਦੀ ਔੜ ਤੋਂ ਸ਼ੁਰੂ ਕਰੀਏ ਤਾਂ ਨੀਤੀਘਾੜਿਆਂ ਦਾ ਮੁੱਖ ਧਿਆਨ ਕੇਵਲ ਅਨਾਜ ਦੀ ਉਚਿਤ ਤੇ ਸਸਤੀ ਸਪਲਾਈ ਨੂੰ ਯਕੀਨੀ ਬਣਾਉਣ ਉਤੇ ਹੀ ਕੇਂਦ੍ਰਿਤ ਰਿਹਾ ਹੈ। ਇਹ ਭਾਵੇਂ ਇੱਕ ਸ਼ਲਾਘਾਯੋਗ ਮੰਤਵ ਹੈ, ਪਰ ਇਸ ਨੈਤਿਕ ਜ਼ਿੰਮੇਵਾਰੀ ਦਾ ਸਾਰਾ ਆਰਥਿਕ ਬੋਝ ਕਿਸਾਨ ਉਤੇ ਪਾ ਦਿੱਤਾ ਗਿਆ। ਸਰਕਾਰੀ ਨੀਤੀਆਂ ਨੂੰ ਇਸ ਤਰੀਕੇ ਤਿਆਰ ਕੀਤਾ ਜਾਂਦਾ ਰਿਹਾ ਕਿ ਫ਼ਸਲਾਂ ਦੀਆਂ ਕੀਮਤਾਂ ਘੱਟ ਹੀ ਰੱਖੀਆਂ ਜਾਣ, ਇਸੇ ਲਈ ਕਿਸਾਨਾਂ ਦੀ ਆਰਥਿਕਤਾ ਪ੍ਰਭਾਵਿਤ ਹੋਈ। ਇਸ ਤਰ੍ਹਾਂ ਪਿਛਲੇ ਪੰਜ ਦਹਾਕਿਆਂ ਦੌਰਾਨ ਕਿਸਾਨ ਹੁਣ ਤਕ ਸੈਂਕੜੇ ਲੱਖਾਂ ਕਰੋੜਾਂ ਰੁਪਏ ਦੀ ਸਬਸਿਡੀ ਭਾਰਤੀ ਅਰਥ ਵਿਵਸਥਾ ਨੂੰ ਦੇ ਚੁੱਕੇ ਹਨ। ਇੰਜ ਦੇਸ਼ ਤਾਂ ਸਗੋਂ ਕਿਸਾਨਾਂ ਦਾ ਕਰਜ਼ਈ ਹੈ।

ਅੰਤ 'ਚ, ਵਿੱਤੀ ਦਲੀਲ ਨੂੰ ਲੈਂਦੇ ਹਾਂ। ਕੀ ਅਸੀਂ ਕਰਜ਼ਾ-ਮੁਆਫ਼ੀ ਨੂੰ ਝੱਲ ਸਕਦੇ ਹਾਂ ? ਬਿਲਕੁਲ, ਇਹ ਇੱਕ ਸਬੰਧਿਤ ਤੇ ਸਿਆਸੀ ਮੁੱਦਾ ਹੈ। ਇਹ ਸਾਡੀਆਂ ਤਰਜੀਹਾਂ ਉੱਤੇ ਨਿਰਭਰ ਕਰਦਾ ਹੈ। ਅਤੇ ਇਹ ਇਸ ਗੱਲ ਉੱਤੇ ਵੀ ਨਿਰਭਰ ਕਰਦਾ ਹੈ ਕਿ ਅਸੀਂ' ਕੌਣ ਹਾਂ ਤੇ ਭਾਰਤ ਕੀ ਹੈ। ਆਮ ਤੌਰ ਉਤੇ ਇਹ ਅਸੀਂ' ਟੀ.ਵੀ. ਵੇਖਣ ਵਾਲਾ ਤੇ ਟਿੱਪਣੀਕਾਰਾਂ ਦਾ ਵਰਗ ਹੈ, ਜਿਸ ਦਾ ਦਿਹਾਤੀ ਭਾਰਤ ਨਾਲ ਕੋਈ ਸਬੰਧ ਨਹੀਂ ਹੈ। ਇਸ ਛੋਟੇ ਪਰ ਸ਼ਕਤੀਸ਼ਾਲੀ ਵਰਗ ਨੂੰ ਇਸ ਤੱਥ ਉੱਤੇ ਜ਼ਰੂਰ ਹੀ ਵਿਚਾਰ ਕਰਨਾ ਚਾਹੀਦਾ ਹੈ ਕਿ ਭਾਰਤ ਦੀ ਸਫ਼ਲਤਾ ਦੀ ਕਹਾਣੀ ਦਿਹਾਤੀ ਖਪਤ ਉੱਤੇ ਨਿਰਭਰ ਕਰਦੀ ਹੈ। ਜੇ ਇਸ ਅਸੀਂ' ਨੂੰ ਬਹੁਗਿਣਤੀ ਕਿਸਾਨਾਂ ਸਮੇਤ ਸਾਰੇ ਭਾਰਤੀਆਂ ਵਿੱਚ ਸ਼ਾਮਲ ਕਰ ਦਿੱਤਾ ਜਾਵੇ ਤਾਂ ਸਮਰੱਥਾ ਦਾ ਮੁੱਦਾ ਇੱਕ ਵੱਖਰੀ ਰੌਸ਼ਨੀ ਵਿੱਚ ਵਿਖਾਈ ਦਿੰਦਾ ਹੈ। ਨਿਸ਼ਚਿਤ ਤੌਰ 'ਤੇ, ਜੇ ਅਸੀਂ ਬੁਲੇਟ ਟਰੇਨਾਂ, ਟੈਕਸ-ਮੁਆਫ਼ੀਆਂ, ਉਦਯੋਗਾਂ ਤੇ ਕਾਰਪੋਰੇਟ ਅਦਾਰਿਆਂ ਦੀ ਸਹਾਇਤਾ ਲਈ ਵਿਸ਼ੇਸ਼ ਸਹਾਇਤਾ ਪੈਕੇਜਾਂ ਤੇ ਕਰਜ਼ਿਆਂ ਦੇ ਪੁਨਰਗਠਨ ਨੂੰ ਝੱਲ ਸਕਦੇ ਹਾਂ ਅਤੇ ਰੱਖਿਆ ਉਪਕਰਣਾਂ ਦੀ ਦਰਾਮਦ ਲਈ ਦੁਨੀਆਂ ਦੇ ਸਭ ਤੋਂ ਵਿਸ਼ਾਲ ਬਜਟਾਂ ਵਿੱਚੋਂ ਇੱਕ ਨੂੰ ਤਿਆਰ ਕਰ ਸਕਦੇ ਹਾਂ ਤਾਂ ਅਸੀਂ ਕਿਸਾਨਾਂ ਲਈ ਵੀ ਇੱਕ ਵਾਰ ਵੱਡੀ ਰਾਹਤ ਨੂੰ ਵੀ ਤਾਂ ਝੱਲ ਹੀ ਸਕਦੇ ਹਾਂ।

ਕਰਜ਼ਾ-ਮੁਆਫ਼ੀਆਂ ਦੇ ਆਲੋਚਕਾਂ ਨੂੰ ਮੇਰੀ ਇਹੋ ਸਲਾਹ ਹੈ ਕਿ ਖੇਤੀ ਕਰਜ਼ਾ-ਮੁਆਫ਼ੀ ਦੇ ਅਧਿਕਾਰਾਂ ਤੇ ਇਸ ਕਦਮ ਦੀਆਂ ਗ਼ਲਤੀਆਂ ਉੱਤੇ ਵਿਚਾਰ-ਚਰਚਾ ਕਰਨ ਦੀ ਥਾਂ ਉਹ ਇਸ ਬਾਰੇ ਵਿਚਾਰ-ਵਟਾਂਦਰਾ ਕਰਨ ਕਿ ਇੱਕ ਵਾਰ ਕਰਜ਼ਾ ਮੁਆਫ਼ ਕੀਤੇ ਜਾਣ ਦੇ ਨਾਲ ਨਾਲ ਕਿਸਾਨਾਂ ਦੀ ਇੱਕ ਪੱਕੀ ਆਮਦਨ ਯਕੀਨੀ ਕਿਵੇਂ ਬਣਾਈ ਜਾਵੇ।

**ਗੁਰਬਾਣੀ**
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

**ਪੰਜਾਬੀ ਗਾਣੇ**
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

# KHALSA INSURANCE AGENCY, INC.

**Khalsa Insurance Agency is among TOP 50 agencies of Blue Cross in USA.**




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

Call Now for the Lowest Health Insurance Premiums available
Some Households qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

**408-272-2500**

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

## ਕੀ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਨੂੰ ਸਿੱਧੀ ਸਿਆਸਤ ਕਰਨੀ ਚਾਹੀਦੀ ਹੈ ?

ਨਾਲ ਵਰਤਿਆ ਅਤੇ ਸਿੱਖਾਂ ਦੇ ਵਿਰੁੱਧ ਹੀ ਵਰਤਿਆ ਅਤੇ ਸਿੱਖਾਂ ਨੂੰ ਬਲੂਸਟਾਰ ਵਰਗਾ ਜ਼ਖ਼ਮ ਦਿੱਤਾ। ਪਰ ਅਜੇ ਵੀ ਸਿੱਖ ਸਿਆਸਤਦਾਨਾਂ ਨੇ ਪੰਜਾਬ ਦੀ ਹਾਲਤ ਸੁਧਾਰਨ ਦੀ ਬਜਾਏ ਵਿਗਾੜਨ ਵੱਲ ਜ਼ਿਆਦਾ ਧਿਆਨ ਦਿੱਤਾ ਹੈ, ਜਿਸ ਕਾਰਨ ਸਿਆਸੀ ਪਲੈਟਫਾਰਮ ’ਤੇ ਜਿੱਥੇ ਕੇਂਦਰ ਵਿਚ ਸਿੱਖ ਲੀਡਰਸ਼ਿਪ ਦਾ ਚੁੱਪ ਰਹਿਣਾ ਜਾਂ ਆਪਣੀ ਚੌਧਰ ਬਣਾਉਣ ਦੇ ਉਦੇਸ਼ ਨਾਲ ਪੰਜਾਬ ਤੇ ਪੰਥ ਦੇ ਹਿੱਤਾਂ ਨੂੰ ਕੁਰਬਾਨ ਕਰਨਾ ਜਾਇਜ਼ ਨਹੀਂ। ਸਿੱਖ ਸਿਆਸਤਦਾਨਾਂ ਨੇ ਪੰਜਾਬ ਅਤੇ ਸਿੱਖਾਂ ਦੀ ਵਿਗੜਦੀ ਹਾਲਤ ਦੇਖ ਕੇ ਇਕੱਠੇ ਹੋਣ ਦਾ ਕੋਈ ਸੰਕੇਤ ਨਹੀਂ ਦਿੱਤਾ। ਇਹ ਗੱਲ ਉਸ ਵਕਤ ਉਘੜ ਕੇ ਸਾਹਮਣੇ ਆਈ ਜਦੋਂ ਦਿੱਲੀ ਸਰਕਾਰ ਨੇ ਸਿੱਖ ਲੀਡਰਸ਼ਿਪ ਨੂੰ ਐਮਰਜੈਂਸੀ ਦੇ ਖ਼ਿਲਾਫ਼ ਐਜੀਟੇਸ਼ਨ ਨਾ ਕਰਨ ਲਈ ਕਿਹਾ ਅਤੇ ਗੱਲਬਾਤ ਦਾ ਸੁਝਾਅ ਰੱਖਿਆ। ਇਸ ’ਤੇ ਅਕਾਲੀਆਂ ਦੀ ਅੰਦਰੂਨੀ ਖਹਿਬਾਜ਼ੀ ਕਾਰਨ ਉਸ ਪ੍ਰਸਤਾਵ ’ਤੇ ਵਿਚਾਰ ਤਕ ਨਹੀਂ ਕੀਤਾ ਗਿਆ। ਇਸ ਦਾ ਸਭ ਤੋਂ ਵੱਡਾ ਸਬੂਤ ਹੈ ਕਿ ਐਮਰਜੈਂਸੀ ਲਾਗੂ ਕਰਨ ਵੇਲੇ ਜੋ ਸਭ ਤੋਂ ਪਹਿਲੀਆਂ ਗ੍ਰਿਫ਼ਤਾਰੀਆਂ ਹੋਈਆਂ, ਉਨ੍ਹਾਂ ਵਿਚ ਕੋਈ ਸਿੱਖ ਲੀਡਰ ਦਾ ਗ੍ਰਿਫ਼ਤਾਰ ਹੋਣਾ ਸ਼ਾਮਲ ਨਹੀਂ ਸੀ।

ਸਾਨੂੰ ਦਿੱਲੀ ਦੇ ਬਦਲੇ ਹੋਏ ਸਿਆਸੀ ਮਾਹੌਲ ਨੂੰ ਠੀਕ ਤਰ੍ਹਾਂ ਸਮਝਣਾ, ਘੋਖਣਾ ਅਤੇ ਵਿਚਾਰਨਾ ਚਾਹੀਦਾ ਹੈ। ਨਵੇਂ ਮਾਹੌਲ ਵਿਚ ਘੱਟ ਗਿਣਤੀਆਂ ਦੇ ਖ਼ਿਲਾਫ਼ ਜੋ ਗਰਮ ਹਵਾ ਚੱਲ ਪਈ ਹੈ, ਉਸ ਤੋਂ ਬਚਾਅ ਕਰਨਾ ਸਾਡੇ ਵਾਸਤੇ ਬਹੁਤ ਜ਼ਰੂਰੀ ਹੋ ਗਿਆ ਹੈ। ਪ੍ਰੰਤੂ ਸਾਡੀ ਸੋਚਣੀ ਵਿਚ ਅਜੇ ਵੀ ਬਹੁਤ ਵੱਡੀ ਘਾਟ ਹੈ। ਸਾਨੂੰ ਆਪਣੀ ਬਹੁਤ ਛੋਟੀ ਗਿਣਤੀ ਜੋ ਕੁੱਲ ਕੌਮੀ ਵਸੋਂ ਵਿਚ ਆਟੇ ਵਿਚ ਲੂਣ ਬਰਾਬਰ ਵੀ ਨਹੀਂ, ਜਿਸ ਦਾ ਅਹਿਸਾਸ ਨਹੀਂ ਹੋਇਆ। ਭਾਵੇਂ ਕਿ ਸਾਨੂੰ ਘੱਟ ਗਿਣਤੀ ਹੋਣ ਦਾ ਖਮਿਆਜ਼ਾ ਵਾਰ-ਵਾਰ ਭੁਗਤਣਾ ਪਿਆ। ਸਾਨੂੰ ਆਪਣੇ ਸਭਿਆਚਾਰ, ਜ਼ੁਬਾਨ, ਤਾਲੀਮ, ਸੰਸਥਾਵਾਂ ਅਤੇ ਪਰੰਪਰਾਵਾਂ ਨੂੰ ਬਚਾਉਣਾ ਪਵੇਗਾ ਅਤੇ ਇਸ ਮਾਹੌਲ ਵਿਚ ਸਾਨੂੰ ਸਿੱਖ ਧਰਮ ਦਾ ਇੱਕ ਅਲੱਗ ਅਤੇ ਆਜ਼ਾਦ ਧਰਮ ਵਾਲਾ ਸਰੂਪ ਕਾਇਮ ਰੱਖਣ ਲਈ ਸੰਘਰਸ਼ ਕਰਨਾ ਪਵੇਗਾ। ਕੋਈ ਵੀ ਅਕਲੀਅਤ, ਜੋ ਖ਼ਾਸ ਕਰਕੇ ਆਪਣੇ ਧਰਮ ’ਤੇ ਆਧਾਰਤ ਹੋਵੇ, ਉਹ ਆਪਣੇ ਖਿੱਤੇ ਵਿਚ ਸਿਆਸਤ ਨਹੀਂ ਕਰ ਸਕਦੀ। ਵੱਖ-ਵੱਖ ਸਿਆਸੀ ਪਾਰਟੀਆਂ ਵਿਚ ਰਹਿੰਦੇ ਹੋਏ ਵੀ ਸਿੱਖਾਂ ਨੂੰ ਸਿੱਖੀ ਦੇ ਆਧਾਰ ’ਤੇ ਜੇਕਰ ਕੋਈ ਜਗ੍ਹਾ ਇਕੱਠੀ ਕਰ ਸਕਦੀ ਹੈ ਤਾਂ ਉਹ ਹਨ ਗੁਰਦੁਆਰੇ। ਇਸ ਲਈ ਇਹ ਬਹੁਤ ਲਾਜ਼ਮੀ ਹੋ ਗਿਆ ਹੈ ਕਿ ਸਾਨੂੰ ਹਰ ਹਾਲਤ ਵਿਚ ਆਪਣੇ ਗੁਰਦੁਆਰਿਆਂ ਨੂੰ ਸਿਆਸਤ ਤੋਂ ਬਚਾਉਣਾ ਪਵੇਗਾ।

Office for Lease in Union City, CA



Nice clean office
1200 to 1500 Sq feet in the business area of Union City.
Best for Trucking company if extra warehouse needed.
Call at:
510-875-3279

For Classified Contact
510.240.5949

## ਸਦਨ ਦੇ ਬਾਹਰ ਬਣਿਆ ਰਿਹਾ ਮੱਛੀ ਬਾਜ਼ਾਰ

ਗਰਮੀ ਤੇ ਹੁੰਮਸ ਹਾਲਾਤ ਹੋਰ ਵਿਗਾੜੇ ਹੋਏ ਸਨ। ਦੋ ਜ਼ਖਮੀ ਵਿਧਾਇਕ ਨੀਮ ਬੇਹੋਸ਼ੀ ਦੀ ਹਾਲਤ ਵਿਚ ਸਨ, ਜਿਨ੍ਹਾਂ ਨੇ ਪਾਣੀ ਪਿਆਏ ਜਾਣ ’ਤੇ ਕੁਝ ਸੁਰਤ ਸੰਭਾਲੀ।

ਸਦਨ ਵਿਚੋਂ ਕੱਢੇ ਜਾਣ ’ਤੇ ’ਆਪ’ ਵਿਧਾਇਕ ਵਿਧਾਨ ਸਭਾ ਅੰਦਰਲੇ ਗੇਟ ਸਾਹਮਣੇ ਲੇਟ ਗਏ ਪਰ ਮਾਰਸ਼ਲ ਉਨ੍ਹਾਂ ਨੂੰ ਕੰਪਲੈਕਸ ਵਿਚੋਂ ਬਾਹਰ ਕੱਢਣ ਲਈ ਖਿੱਚ-ਧੂਹ ਕਰਦੇ ਰਹੇ, ਜਿਸ ਕਾਰਨ ਦੋ-ਤਿੰਨ ਵਿਧਾਇਕਾਂ ਦੀਆਂ ਕਮੀਜ਼ਾਂ ਦੇ ਬਟਣ ਵੀ ਟੁੱਟ ਗਏ। ਮਾਰਸ਼ਲਾਂ ਅਤੇ ’ਆਪ’ ਵਿਧਾਇਕਾਂ ਵਿਚਾਲੇ ਅੱਧੇ ਘੰਟੇ ਤੋਂ ਵੱਧ ਸਮਾਂ ਖਿੱਚ-ਧੂਹ ਹੁੰਦੀ ਰਹੀ। ’ਆਪ’ ਦੇ ਜੈ ਕਿਸ਼ਨ ਸਿੰਘ ਰੋੜੀ ਅਤੇ ਅਕਾਲੀ ਦਲ ਦੇ ਪਵਨ ਟੀਨੂੰ ਨੇ ਸਦਨ ਵਿਚ ਜਾਣ ਲਈ ਕਈ ਵਾਰ ਗੇਟ ਨੂੰ ਧੱਕੇ ਮਾਰ ਕੇ ਖੋਲ੍ਹਣ ਦਾ ਯਤਨ ਕੀਤਾ ਪਰ ਉਹ ਸਫਲ ਨਾ ਹੋਏ। ’ਆਪ’ ਵਿਧਾਇਕਾਂ ਨੇ ਸਪੀਕਰ ਵਿਰੁਧ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਉਨ੍ਹਾਂ ਨੂੰ ’ਜਮਹੂਰੀਅਤ ਦਾ ਕਾਤਲ’ ਦੱਸਿਆ।

ਵਿਰੋਧੀ ਧਿਰ ਦੇ ਨੇਤਾ ’ਆਪ’ ਦੇ ਐਚ.ਐਸ. ਫੂਲਕਾ ਅਤੇ ਕੰਵਰ ਸੰਧੂ ਨੇ ਸੁਮੱਚੀ ਸਥਿਤੀ ਨੂੰ ਜਮਹੂਰੀਅਤ ਦੇ ਇਤਿਹਾਸ ਵਿਚ ’ਕਾਲਾ ਦਿਨ’ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਹਾਲਾਤ ਐਮਰਜੈਂਸੀ ਤੋਂ ਵੀ ਮਾੜੇ ਹੋ ਗਏ ਹਨ। ਸਪੀਕਰ ਨੇ ਵਿਰੋਧੀ ਆਵਾਜ਼ ਹੀ ਬੰਦ ਕਰ ਦਿਤੀ ਹੈ। ’ਆਪ’ ਦੇ ਦੋ ਹੋਰ ਵਿਧਾਇਕਾਂ ਨੇ ਕਿਹਾ, ”ਮਾਰਸ਼ਲਾਂ ਨੇ ਸਾਡੇ ਕੇਸਾਂ ਅਤੇ ਕਰਾਰਾਂ ਦੀ ਬੇਅਬਦੀ ਕੀਤੀ ਹੈ।” ਉਨ੍ਹਾਂ ਕਿਹਾ ਕਿ ਉਹ ਮਾਮਲਾ ਅਕਾਲ ਤਖ਼ਤ ਕੋਲ ਵੀ ਉਠਾਉਣਗੇ। ਉਨ੍ਹਾਂ ਕਿਹਾ, ”ਵਿਧਾਨ ਸਭਾ ਤਾਂ ਪੱਗਾਂ ਅਤੇ ਚੁੰਨੀਆਂ ਦੀ ਰਾਖੀ ਲਈ ਹੈ ਪਰ ਇੱਥੇ ਦੋਵਾਂ ਨੂੰ ਬੇਪੱਤ ਕੀਤਾ ਗਿਆ ਹੈ।”

## ਸਪੀਕਰ ‘ਰਾਣਾ ਗੁੰਡਾ’ ਮੁਆਫ਼ੀ ਮੰਗੇ: ਸੁਖਬੀਰ ਬਾਦਲ

ਦਾ ਮਾਮਲਾ ਘੱਟਗਿਣਤੀ ਕਮਿਸ਼ਨ ਅਤੇ ਐਸ.ਸੀ. ਕੌਮੀ ਕਮਿਸ਼ਨ ਕੋਲ ਉਠਾਇਆ ਜਾਵੇਗਾ।” ਸ੍ਰੀ ਬਾਦਲ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਸਪੀਕਰ ਨੂੰ ਅਹੁਦੇ ਤੋਂ ਲਾਂਭੇ ਕਰ ਦੇਣ। ਇਸ ਦੌਰਾਨ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵੀ ’ਆਪ’ ਵਿਧਾਇਕ ਪਿਰਮਲ ਸਿੰਘ ਖਾਲਸਾ ਦੀ ਕੇਸਰੀ ਪੱਗ ਦੋ ਹੱਥਾਂ ਵਿੱਚ ਚੁੱਕੀਂ ਪ੍ਰੈਸ ਲਾਂਜ ਵਿਚ ਆ ਗਏ। ਉਨ੍ਹਾਂ ਕਿਹਾ ਕਿ ਜਦੋਂ ਮਾਰਸ਼ਲ ਵਿਧਾਇਕ ਨਾਲ ਹੱਥੋਪਾਈ ਹੋ ਰਹੇ ਸਨ ਤਾਂ ਪੱਗ ਲਹਿ ਗਈ ਅਤੇ ਉਨ੍ਹਾਂ ਇਸ ਨੂੰ ਰੁਲਣ ਤੋਂ ਬਚਾਉਣ ਲਈ ਚੁੱਕ ਲਿਆ। ਇਸ ਤੋਂ ਬਾਅਦ ਸ੍ਰੀ ਬਾਦਲ ਤੇ ਸ੍ਰੀ ਮਜੀਠੀਆ ’ਆਪ’ ਵਿਧਾਇਕ ਦੀ ਪੱਗ ਦੇਣ ਹਸਪਤਾਲ ਪਹੁੰਚੇ। ਉਨ੍ਹਾਂ ਨਾਲ ਸ੍ਰੀ ਫੂਲਕਾ ਤੇ ਕੰਵਰ ਸੰਧੂ ਵੀ ਸਨ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਹਸਪਤਾਲ ਪਹੁੰਚ ਕੇ ’ਆਪ’ ਵਿਧਾਇਕਾਂ ਦਾ ਹਾਲ-ਚਾਲ ਪੁੱਛਿਆ ਤੇ ਵਿਧਾਨ ਸਭਾ ਦੇ ਘਟਨਾਕ੍ਰਮ ਦੀ ਨਿਖੇਧੀ ਕੀਤੀ।

## ਸੱਜਰੀ ਸਵੇਰ ਖੁੰਝ ਗਈ ਹੈ ਕੈਪਟਨ ਦੀ ਸਰਕਾਰ

ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੂੰ ਸਥਾਈ ਉਪ ਕੁਲਪਤੀਆਂ ਦੀ ਅਣਹੋਂਦ ਕਾਰਨ ਪਿਛਲੇ 100 ਦਿਨਾਂ ਤੋਂ ਸਰਕਾਰ ਦੇ ਅਫ਼ਸਰ ਹੀ ਚਲਾ ਰਹੇ ਹਨ, ਜਿਨ੍ਹਾਂ ਨੂੰ ਅਕਾਦਮਿਕਤਾ ਦਾ ਕੋਈ ਤਜਰਬਾ ਨਹੀਂ ਹੈ, ਭਾਵੇਂ ਉਹ ਪ੍ਰਸ਼ਾਸਨਿਕ ਤੌਰ ‘ਤੇ ਕਿੰਨੇ ਵੀ ਸਮਰੱਥ ਅਤੇ ਸੂਝਵਾਨ ਕਿਉਂ ਨਾ ਹੋਣ। ਯੂਨੀਵਰਸਿਟੀ ਦੇ ਉਪ ਕੁਲਪਤੀ ਦੀ ਅਸਾਮੀ ਲਈ ਸਦਾ ਹੀ ਪ੍ਰਬੁੱਧ ਅਕਾਦਮਿਕ ਸ਼ਖ਼ਸੀਅਤ ਦੀ ਅਗਵਾਈ ਦੀ ਲੋੜ ਹੁੰਦੀ ਹੈ। ਇਸ ਮਾਮਲੇ ਵਿੱਚ ਵੀ ਸਰਕਾਰ ਦੀ ਬੌਧਿਕ ਸਮਰੱਥਾ ਅਸਪੱਸ਼ਟ ਹੈ। ਯੂਨੀਵਰਸਿਟੀਆਂ ਵਾਸਤੇ ਯੋਗ ਉਪ ਕੁਲਪਤੀਆਂ ਦੀ ਤਲਾਸ਼ ਕਰਨ ਲਈ ਬਣਾਈ ਗਈ ਕਮੇਟੀ ਦੇ ਮੁਖੀ ਇੱਕ ਟੈਕਨੋਕਰੈਟ ਚੰਦਰ ਮੋਹਨ ਨੂੰ ਬਣਾਇਆ ਗਿਆ ਹੈ ਜਿਨ੍ਹਾਂ ਦੀ ਅਕਾਦਮਿਕ ਖੇਤਰ ਵਿੱਚ ਆਪਣੀ ਕੋਈ ਪਛਾਣ ਨਹੀਂ ਹੈ। ਇਹ ਕੈਸੀ ਵਿਡੰਬਨਾ ਹੈ ਕਿ ਖੋਜ ਕਮੇਟੀ ਆਪਣੇ ਤਜਰਬੇ ਰਾਹੀਂ, ਪੂਰੇ ਭਾਰਤ ਦੇ ਅਕਾਦਮਿਕ ਖੇਤਰ ਵਿੱਚੋਂ ਦੋ ਅਜਿਹੇ ‘ਯੋਗ ਵਿਦਵਾਨ’ ਨਹੀਂ ਲੱਭ ਸਕੀ, ਜਿਨ੍ਹਾਂ ਨੂੰ ਇਨ੍ਹਾਂ ਯੂਨੀਵਰਸਿਟੀਆਂ ਦੇ ਉਪ ਕੁਲਪਤੀ ਨਿਯੁਕਤ ਕੀਤਾ ਜਾ ਸਕੇ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ ਹੀ ਪੰਜਾਬੀ ਬੋਲੀ ਦੇ ਵਿਕਾਸ, ਪ੍ਰਚਾਰ ਅਤੇ ਪ੍ਰਸਾਰ ਲਈ ਹੋਈ ਸੀ। ਅੱਜ ਇਹ ਯੂਨੀਵਰਸਿਟੀ ਲਗਪਗ 100 ਕਰੋੜ ਦੇ ਵਿੱਤੀ ਘਾਟੇ ਵਿੱਚ ਚੱਲ ਰਹੀ ਹੈ। ਕੈਪਟਨ ਸਰਕਾਰ ਵੱਲੋਂ ਪੇਸ਼ ਕੀਤੇ ਪਲੇਠੇ ਬਜਟ ਵਿੱਚ, ਪੰਜਾਬੀ ਯੂਨੀਵਰਸਿਟੀ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ। ਅਜਿਹੀ ਵਿੱਤੀ ਮੰਦਹਾਲੀ ਦੇ ਚਲਦਿਆਂ ਪੰਜਾਬੀ ਯੂਨੀਵਰਸਿਟੀ, ਪੰਜਾਬੀ ਭਾਸ਼ਾ ਦੇ ਪ੍ਰਚਾਰ, ਪ੍ਰਸਾਰ ਅਤੇ ਖੋਜ ਪ੍ਰੋਜੈਕਟਾਂ ਲਈ ਮਾਲੀ ਸਾਧਨ ਕਿੱਥੋਂ ਪੈਦਾ ਕਰੇਗੀ ? ਮੁੱਕਦੀ ਗੱਲ ਕਿ ਪਿਛਲੇ 100 ਦਿਨਾਂ ਵਿੱਚ ਪੰਜਾਬ ਸਰਕਾਰ ਆਪਣੇ ਮੁਲਾਜ਼ਮਾਂ ਲਈ ਕੋਈ ਤਬਾਦਲਾ ਨੀਤੀ ਵੀ ਨਹੀਂ ਬਣਾ ਸਕੀ। ਨੌਕਰਸ਼ਾਹਾਂ, ਪ੍ਰਸ਼ਾਸਨਿਕ ਅਧਿਕਾਰੀਆਂ, ਉਪ ਮੰਡਲ ਅਫ਼ਸਰਾਂ, ਪੁਲੀਸ ਅਫ਼ਸਰਾਂ, ਮਾਲ ਅਫ਼ਸਰਾਂ ਤੇ ਤਹਿਸੀਲਦਾਰਾਂ ਦੀਆਂ ਹਰ ਦੂਜੇ ਤੀਜੇ ਦਿਨ ਨਵੀਆਂ ਸੂਚੀਆਂ ਜਾਰੀ ਹੋ ਜਾਂਦੀਆਂ ਹਨ। ਕਿਉਂ ਹੁੰਦੀਆਂ ਹਨ, ਇਸ ਬਾਰੇ ਸਰਕਾਰ ਕੁਝ ਨਹੀਂ ਦੱਸਦੀ। ਇਸੇ ਕਾਰਨ ਇਸ ਚਰਚਾ ਨੂੰ ਹਵਾ ਮਿਲ ਰਹੀ ਹੈ ਕਿ ‘ਕਮਾਊ ਪਦਵੀਆਂ’ ਤੇ ਨਿਯੁਕਤੀਆਂ ਵਾਸਤੇ ਸੱਤ੍ਹਾ ਦੇ ਦਲਾਲਾਂ ਰਾਹੀਂ ਮੋਟੀਆਂ ਰਕਮਾਂ ਦੀ ਵਸੂਲੀ ਕੀਤੀ ਜਾ ਰਹੀ ਹੈ।

ਅਜਿਹੇ ਆਲਮ ਵਿੱਚ 100 ਦਿਨਾਂ ਵਿੱਚ ਬਦਲਿਆ ਕੀ ਹੈ ? ਮਜਬੂਰ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਲਗਾਤਾਰ ਜਾਰੀ ਹਨ; ਸ਼ਾਹਰਾਹਾਂ ‘ਤੇ ਰਾਹਜ਼ਨੀਆਂ ਅਤੇ ਦਿਨ ਦਿਹਾੜੇ ਵੱਜਦੇ ਡਾਕਿਆਂ ਨੂੰ ਕੋਈ ਠੱਲ੍ਹ ਨਹੀਂ ਪਈ। ਰਾਜਨੀਤਕ ਬਦਲਾਖ਼ੋਰੀ ਵਿੱਚ ਕੋਈ ਕਮੀ ਨਹੀਂ ਆਈ। ਲੁਟੇਰਿਆਂ ਦੇ ਮਖੌਟੇ ਬਦਲ ਗਏ ਹਨ, ਲੁੱਟ ਜਾਰੀ ਹੈ। ਬਦਲਿਆ ਤਾਂ ਕੁੱਝ ਵੀ ਨਹੀਂ, ਜੇ ਬਦਲੇ ਹਨ ਤਾਂ ਕੇਵਲ ਚਿਹਰੇ ਤੇ ਤਸਵੀਰਾਂ, ਉਹ ਵੀ ਇਸ਼ਤਿਹਾਰਾਂ ਤੇ ਫਲੈਕਸ ਬੋਰਡਾਂ ਵਿੱਚ।

## ਪੰਜਾਬ ਅਸੈਂਬਲੀ ਵਿਚ ਨਮੋਸ਼ੀ ਭਰਿਆ ਦਿਨ

ਉਨ੍ਹਾਂ ਨੇ ਇਕੱਠੇ ਹੋ ਕੇ ਇੱਕ ਢੁਕਵੀਂ ਜੰਗ ਲੜੀ ਸੀ। ਲੇਖਕਾਂ, ਕਲਾਕਾਰਾਂ, ਗਲਪਕਾਰਾਂ, ਸ਼ਾਇਰਾਂ ਨੇ ਆਪਣਾ ਵਿਰੋਧ ਦਰਜ ਕਰਾਉਣ ਲਈ ਇੱਕ ਸਨਮਾਨਜਨਕ ਰਾਹ ਲੱਭਿਆ ਸੀ। ਉਨ੍ਹਾਂ ਨੇ ਸਰਕਾਰੀ ਸਨਮਾਨ ਵਗਾਹ ਮਾਰੇ ਸਨ। ਇਹ ਇੱਕ ਸ਼ਕਤੀਸ਼ਾਲੀ ਸਰਕਾਰ ਖ਼ਿਲਾਫ਼ ਵਰਤਿਆ ਜਾਣ ਵਾਲਾ ਸਭ ਤੋਂ ਅਸਰਦਾਰ ਹਥਿਆਰ ਤੇ ਵਿਦਰੋਹ ਸੀ।

ਤਿੰਨ ਸਦੀਆਂ ਤੋਂ ਵੱਧ ਸਮੇਂ ਦੀਆਂ ਬਾਗ਼ੀ ਸੁਰਾਂ ਦੇ ਇਸ ਸੰਗ੍ਰਹਿ ਵਿੱਚ ਵਾਜਪਾਈ ਰਚਨਾਤਮਕ ਭਾਈਚਾਰੇ ਦੇ ਵਿਰੋਧ ਦੀ ਜਾਇਜ਼ਤਾ, ਅਮੀਰੀ ਤੇ ਸ਼ਾਨਾਮੱਤੀ ਵਿਰਾਸਤ ‘ਤੇ ਦਾਅਵਾ ਕਰਦਾ ਹੈ। ਰਿਗਵੇਦ ਤੋਂ ਰਵੀਸ਼ ਕੁਮਾਰ (ਐੱਨਡੀਟੀਵੀ ਵਾਲਾ) ਤਕ ਦੇ ਹਵਾਲਿਆਂ ਨਾਲ ਪਾਠਕ ਨੂੰ ਵਿਰੋਧ ਦਾ ਬੇਹੱਦ ਅਮੀਰ ਇਤਿਹਾਸ ਸਮਝਾਇਆ ਜਾਂਦਾ ਹੈ।

ਸ਼ੁਰੂ ਵਿੱਚ ਜੈਨ ਅਤੇ ਬੁੱਧ ਫ਼ਲਸਫੇ ਵਿੱਚ ਵੈਦਿਕ ਰੀਤੀ-ਰਿਵਾਜਾਂ ਦੀ ਕੱਟੜਤਾ ਨੂੰ ਚੁਣੌਤੀ ਦਿੱਤੀ ਗਈ। ਇਸ ਬਾਅਦ ਤੁਲਸੀਦਾਸ, ਕਬੀਰ ਤੇ ਸਿੱਖ ਗੁਰੂਆਂ ਨੇ ਪ੍ਰਚੱਲਿਤ ਰੂੜੀਵਾਦ ਨਾਲ ਅਸਹਿਮਤੀ ਜ਼ਾਹਿਰ ਕਰਦਿਆਂ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਮਗਰੋਂ ਮੀਰਾ ਬਾਈ ਅਤੇ ਅਮੀਰ ਖ਼ੁਸਰੋ, ਦਾਰਾ ਸ਼ਿਕੋਹ ਅਤੇ ਬਾਬਾ ਬੁੱਲ੍ਹੇ ਸ਼ਾਹ ਵਰਗੇ ਸੂਫੀ ਆਏ ਅਤੇ ਇਨ੍ਹਾਂ ਸਾਰਿਆਂ ਨੇ ਮੌਲਿਕ ਮੁਹਾਵਰਿਆਂ ਨਾਲ ਪ੍ਰਚੱਲਿਤ ਰੀਤਾਂ ‘ਤੇ ਸਵਾਲ ਉਠਾਏ ਅਤੇ ਬਹਿਸ ਕੀਤੀ ਅਤੇ ਨਾਬਰ ਹੋ ਗਏ।

ਆਧੁਨਿਕ ਕਾਲ ਵਿੱਚ ਅਜ਼ੀਮ ਸਮਾਜ ਸੁਧਾਰਕ ਰਾਮਮੋਹਨ ਰਾਏ ਅਤੇ ਜਯੋਤੀਰਾਓ ਫੂਲੇ ਨੇ ਘਿਨਾਉਣੀਆਂ ਸਮਾਜਿਕ ਤੇ ਧਾਰਮਿਕ ਰਹੁ ਰੀਤਾਂ ਅਤੇ ਅਜਿਹੀਆਂ ਪਰੰਪਰਾਵਾਂ ਨੂੰ ਜਾਇਜ਼ ਠਹਿਰਾਉਣ ਵਾਲੀ ਵਿਚਾਰਧਾਰਾ ‘ਤੇ ਸਵਾਲ ਉਠਾਏ। ਇਸ ਬਾਅਦ ਸਿਖ਼ਰਲੇ ਵਿਦਰੋਹ ਦਾ ਸ਼ਾਨਾਮੱਤਾ ਦੌਰ ਆਇਆ, ਜਿਸ ਵਿੱਚ ਤਿਲਕ, ਗਾਂਧੀ, ਕਾਜ਼ੀ ਨਜ਼ਰੁਲ ਇਸਲਾਮ, ਪੇਰੀਆਰ ਈ.ਵੀ. ਰਾਮਾਸਵਾਮੀ ਤੋਂ ਇਲਾਵਾ ਭਗਤ ਸਿੰਘ ਤੇ ਸੁਭਾਸ਼ ਚੰਦਰ ਬੋਸ ਵਰਗੇ ਕ੍ਰਾਂਤੀਕਾਰੀ ਹੋਏ। ਇਸੇ ਦੌਰ ਵਿੱਚ ਐੱਮ ਐੱਨ ਰਾਏ ਅਤੇ ਬੀ ਆਰ ਅੰਬੇਦਕਰ ਵਰਗੇ ਸਿਰਕੱਢ ਬੁੱਧੀਜੀਵੀ ਵੀ ਹੋਏ।

ਇਸ ਸੰਗ੍ਰਹਿ ਵਿੱਚ ਅਸ਼ੋਕ ਵਾਜਪਾਈ ਨੇ ਦਿਖਾਇਆ ਹੈ ਕਿ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਦੀ ਲੋੜ ਮਹਿਸੂਸ ਕੀਤੇ ਬਗ਼ੈਰ ਆਜ਼ਾਦ ਭਾਰਤ, ਇੱਕ ਦੇਸ਼ ਵਜੋਂ ਪਛਾਣ ਬਣਾਉਣ ਅਤੇ ਕੌਮੀ ਸਵੈ-ਭਰੋਸਾ ਸਥਾਪਤ ਕਰਨ ਦੇ ਯੋਗ ਹੋਇਆ ਸੀ ਪਰ ਉਸ ਸਮੇਂ ਵੀ ਵਿਰੋਧੀ ਸੁਰਾਂ ਦੀ ਕੋਈ ਘਾਟ ਨਹੀਂ ਸੀ। ਅਰਥਪੂਰਨ ਪਰ ਸੰਜੀਦਾ। ਇਨ੍ਹਾਂ ਵਿੱਚ ਸ਼ਾਇਰ ਵੀ ਸਨ ਅਤੇ ਸਿਆਸਤਦਾਨ ਵੀ ਸਨ ਅਤੇ ਇਨ੍ਹਾਂ ਤੋਂ ਇਲਾਵਾ ਕਾਨੂ ਸਾਨਿਆਲ ਤੇ ਸਾਡੇ ਹੀ ਵਿਹੜੇ ਵਿੱਚ ਉਗਮੇ ਪਾਸ਼ ਵਰਗੇ ਧੱਕੜ ਬਾਗ਼ੀ ਵੀ ਸਨ।

ਵਾਜਪਾਈ ਨੇ ਇੱਕ ਵਿਸ਼ਾਲ ਤੇ ਬੇਹੱਦ ਮੌਲਿਕ ਨੁਕਤਾ ਬਣਾਇਆ ਹੈ ਕਿ ਜੇਐੱਨਯੂ ਵਿੱਚ ਜੋ ਕਨ੍ਹਈਆ ਕੁਮਾਰ ਅਤੇ ਉਮਰ ਖ਼ਾਲਿਦ ਨਾਲ ਹੋਇਆ, ਉਹ ਜਮਹੂਰੀ ਮਰਿਆਦਾ ਦਾ ਹਿੱਸਾ ਰਿਹਾ ਹੈ।

ਇਸ ਸੰਗ੍ਰਹਿ ਅੰਦਰਲੀਆਂ ਬੇਹੱਦ ਸੋਹਣੀਆਂ ਰਚਨਾਵਾਂ ਵਿੱਚੋਂ ਇੱਕ ‘ਟ੍ਰਿਬਿਊਨ’ ਦੇ ਕਾਲਮਨਵੀਸ ਕੇਕੀ ਐੱਨ. ਦਾਰੂਵਾਲਾ ਦੀ ਹੈ ਜਿਸ ਨੇ ਵਿਦਰੋਹੀ ਢੰਗ ਨਾਲ ਪੁੱਛਿਆ, “ਰਚਨਾਤਮਕ ਆਜ਼ਾਦੀ ਨੂੰ ਜਜ਼ਬਾਤੀ ਠੇਸ ਪੁੱਜਣ ਵਾਲੀਆਂ ਅਖੌਤੀ ਭਾਵਨਾਵਾਂ ਹੇਠ ਲਗਾ ਕੇ ਕਿਉਂ ਰੱਖਣਾ ਚਾਹੀਦਾ ਹੈ ?“ ਇਹ ਸਵਾਲ ਜਾਇਜ਼ ਹੈ ਪਰ ਇਹ ਉਹ ਸਲੀਬ ਹੈ ਜਿਸ ਨਾਲ ਬਹੁਤੇ ਸੱਭਿਆ ਸਮਾਜ ਅਕਸਰ ਖ਼ੁਦ ਨੂੰ ਬੱਝਿਆ ਮਹਿਸੂਸ ਕਰਦੇ ਹਨ; ਖਾਸ ਤੌਰ ’ਤੇ ਜਦੋਂ ਕੋਈ ਸ਼ੋਰੀਲਾ ਗੁੱਟ “ਸਮੂਹਿਕ ਭਾਵਨਾਵਾਂ ਦਾ ਪ੍ਰਤੀਕ ਬਣ ਉੱਭਰਦਾ ਹੈ ਅਤੇ ਕੌਮ ਤੇ ਰਾਸ਼ਟਰ ਦੇ ਨਾਂ ਉੱਤੇ ਸਭਨਾਂ ਨੂੰ ਇੱਕ ਲੀਹ ’ਤੇ ਚੱਲਣ ਦਾ ਹੁਕਮ ਦਿੰਦਾ ਹੈ।”

ਇਹ ਉਹ ਸੰਗ੍ਰਹਿ ਹੈ ਜਿਹੜਾ ਹਰ ਸਕੂਲ ਪ੍ਰਿੰਸੀਪਲ ਨੂੰ ਸਕੂਲੀ ਵਿੱਦਿਆ ਪੂਰੀ ਕਰਨ ਵਾਲੇ ਹਰ ਵਿਦਿਆਰਥੀ ਨੂੰ ਯਾਦਗਾਰੀ ਤੋਹਫ਼ੇ ਵਜੋਂ ਦਿੱਤਾ ਜਾਣਾ ਚਾਹੀਦਾ ਹੈ।

ਮੈਨੂੰ ਅਜਿਹੇ ਕਿਸੇ ਵੀ ਪ੍ਰਿੰਸੀਪਲ ਤੇ ਉਸਦੇ ਵਿਦਿਆਰਥੀਆਂ/ਵਿਦਿਆਰਥਣਾਂ ਨੂੰ ਕੌਫ਼ੀ ਦਾ ਕੱਪ ਸਾਂਝਾ ਕਰਨ ਦਾ ਸੱਦਾ ਦੇਣ ਵਿੱਚ ਖ਼ੁਸ਼ੀ ਮਹਿਸੂਸ ਹੋਵੇਗੀ। **ਆਮੀਨ !**

## ‘ਆਪ’ ਨੂੰ ਝਟਕਾ : ਵਿਧਾਇਕਾਂ ਵਿਰੁੱਧ ਸੁਣਵਾਈ ਜਾਰੀ ਰੱਖੇਗਾ ਚੋਣ ਕਮਿਸ਼ਨ

ਚੋਣ ਕਮਿਸ਼ਨ ਅੱਗੇ ਇਸ ਨੂੰ ਚੁਣੌਤੀ ਦੇਣ ਲਈ ਸਾਰੇ ਰਾਹ ਖੁੱਲ੍ਹੇ ਹਨ। ਪਾਰਟੀ ਨੇ ਇਕ ਬਿਆਨ ਵਿਚ ਕਿਹਾ ਕਿ ਕਮਿਸ਼ਨ ਦੇ ਤਾਜ਼ਾ ਹੁਕਮ ਨੂੰ ਗਲਤ ਨਹੀਂ ਸਮਝਣਾ ਚਾਹੀਦਾ। ਹਾਈ ਕੋਰਟ ਨੇ 21 ਸੰਸਦੀ ਸਕੱਤਰਾਂ ਦੀ ਨਿਯੁਕਤੀ ਰੱਦ ਕੀਤੀ ਹੈ। ਇਸ ਲਈ ਅਜਿਹੇ ਅਹੁਦੇ ਬਾਰੇ ਪਟੀਸ਼ਨ ਸੁਣਨ ਦਾ ਕੋਈ ਆਧਾਰ ਨਹੀਂ, ਜਿਸ ਦੀ ਹਾਈ ਕੋਰਟ ਮੁਤਾਬਕ ਕੋਈ ਹੋਂਦ ਨਹੀਂ ਹੈ।

**ਮੱਧ ਪ੍ਰਦੇਸ਼ ਦੇ ਮੰਤਰੀ ਦੀ ਮੈਂਬਰੀ ਰੱਦ :**

ਨਵੀਂ ਦਿੱਲੀ: ਚੋਣ ਕਮਿਸ਼ਨ ਨੇ ਮੱਧ ਪ੍ਰਦੇਸ਼ ਦੇ ਜਲ ਤੇ ਸਿੰਜਾਈ ਮੰਤਰੀ ਨਰੋਤਮ ਮਿਸ਼ਰਾ ਨੂੰ ਇਸ਼ਤਿਹਾਰੀ ਖ਼ਬਰਾਂ’ ਉਤੇ ਹੋਇਆ ਖ਼ਰਚ ਆਪਣੇ ਵਿਧਾਨ ਸਭਾ ਚੋਣ ਖ਼ਰਚ ਵਿਚ ਨਾ ਦਰਸਾਉਣ ਕਾਰਨ ਵਿਧਾਨ ਸਭਾ ਮੈਂਬਰੀ ਤੋਂ ਅਯੋਗ ਠਹਿਰਾ ਦਿੱਤਾ। ਕਮਿਸ਼ਨ ਨੇ ਮਿਸ਼ਰਾ ਨੂੰ ਤਿੰਨ ਸਾਲਾਂ ਤੱਕ ਚੋਣਾਂ ਲੜਨ ਤੋਂ ਵੀ ਰੋਕ ਦਿੱਤਾ। ਕਮਿਸ਼ਨ ਨੇ ਕਿਹਾ ਕਿ ਮਿਸ਼ਰਾ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਉਹ ਖ਼ਰਚੇ ਬਾਰੇ ਗ਼ਲਤ ਜਾਣਕਾਰੀ ਦੇ ਰਿਹਾ ਹੈ ਅਤੇ ਉਸ ਨੇ ਤੈਅ ਹੱਦ ਤੋਂ ਵੱਧ ਖ਼ਰਚਾ ਕੀਤਾ। ਇਸ ਦੌਰਾਨ ਕਾਂਗਰਸ ਦੀ ਮੱਧ ਪ੍ਰਦੇਸ਼ ਇਕਾਈ ਨੇ ਮੰਤਰੀ ਨਰੋਤਮ ਮਿਸ਼ਰਾ ਦੇ ਅਸਤੀਫ਼ੇ ਦੀ ਮੰਗ ਕੀਤੀ।

## ਪਿਸ਼ਾਵਰ ’ਚ ਸਿੱਖ ਵਿਦਿਆਰਥੀਆਂ ਲਈ ਧਾਰਮਿਕ ਸਿਖਿਆ ਦੇ ਪ੍ਰਬੰਧ

ਧਾਰਮਿਕ ਸਿੱਖਿਆ ਲੈਣ ਪਹੁੰਚ ਜਾਂਦੇ ਹਨ, ਜਿਥੇ ਸ਼ਾਮ 5:00 ਵਜੇ ਤਕ ਉਨ੍ਹਾਂ ਨੂੰ ਗੁਰਬਾਣੀ, ਕੀਰਤਨ ਅਤੇ ਸਿੱਖ ਇਤਿਹਾਸ ਦੇ ਨਾਲ-ਨਾਲ ਸੇਵਾ ਦੇ ਕਾਰਜਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਉਪਰੋਕਤ ਵਿਦਿਆਰਥੀਆਂ ਨੂੰ ਸਿੱਖ ਧਾਰਮਿਕ ਇਤਿਹਾਸ ਦਾ ਗਿਆਨ ਅਤੇ ਕੀਰਤਨ ਕਰਨ ’ਚ ਮੁਹਾਰਤ ਹਾਸਲ ਹੈ ਗ਼ ਬਾਬਾ ਹਰਮੀਤ ਸਿੰਘ ਨੇ ਦੱਸਿਆ ਕਿ ਸੂਬਾ ਖ਼ੈਬਰ ਪਖਤੂਨਖਵਾ ਦੇ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਪਿਸ਼ਾਵਰੀ ਸਿੰਘ ਸੇਵਾ ਸੁਸਾਇਟੀ ਵੱਲੋਂ ਪੁਸਤਕਾਂ, ਕਾਪੀਆਂ ਤੇ ਹੋਰ ਸਟੇਸ਼ਨਰੀ ਦਾ ਸਮਾਨ ਮੁਫ਼ਤ ਉਪਲਭਧ ਕਰਾਇਆ ਜਾ ਰਿਹਾ ਹੈ। ਇਸ ਦੇ ਇਲਾਵਾ ਸੰਗਤ ਦੇ ਸਹਿਯੋਗ ਨਾਲ ਗਰੀਬ ਤੇ ਜ਼ਰੂਰਤਮੰਦ ਹਿੰਦੂ-ਸਿੱਖ ਪਰਿਵਾਰਾਂ ਦੇ ਘਰ ਮੁਫਤ ਰਾਸ਼ਨ ਤੇ ਹੋਰ ਜ਼ਰੂਰਤ ਦਾ ਸਾਮਾਨ ਵੀ ਭੇਜਿਆ ਜਾਂਦਾ ਹੈ ਜਿਸਦੀ ਸੇਵਾ ਬਾਬਾ ਸੁਰਜੀਤ ਸਿੰਘ ਤੇ ਸ. ਚੰਦਾ ਸਿੰਘ ਦੀ ਨਿਗਰਾਨੀ ਵਿਚ ਪਿਛਲੇ ਚਾਰ ਸਾਲ ਤੋਂ ਲਗਾਤਾਰ ਜਾਰੀ ਹੈ

# ਜੈਨਕੋ ਦਾ ਸ਼ਾਨਦਾਰ ਸਲਾਨਾ ਸਭਿਆਚਾਰਕ ਤੇ ਡਿਨਰ ਪ੍ਰੋਗਰਾਮ

**ਸੈਨਹੋਜ਼ੇ/ਬਿਊਰੋ ਨਿਊਜ਼:** ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਜਥੇਬੰਦੀ (ਜੈਨਕੋ) ਦਾ ਸਲਾਨਾ ਡਿਨਰ-ਕਲਚਰਲ ਪ੍ਰੋਗਰਾਮ ਲੰਘੇ ਸ਼ੁੱਕਰਵਾਰ ਮਿਯੂਰੀ ਰੈਸਟੋਰੈਂਟ ਵਿਚ ਹੋਇਆ। ਇਸ ਇਕੱਠ ਵਿਚ



ਪਰਿਵਾਰਾਂ ਸਮੇਤ ਸਾਬਕਾ ਵਿਦਿਆਰਥੀ ਅਤੇ ਸਹਿਯੋਗੀ ਪਹੁੰਚੇ ਹੋਏ ਸਨ। ਜਥੇਬੰਦੀ ਦੇ ਆਗੂ ਗੁਰਜੰਟ ਸਿੰਘ ਸੰਘਾ ਨੇ ਸਟੇਜ ਦਾ ਸੰਚਾਲਨ ਕਰਦਿਆਂ ਜਥੇਬੰਦੀ ਦੀ ਸਾਲਾਨਾ ਕਾਰਗੁਜ਼ਾਰੀ ਦੀ ਜਾਣਕਾਰੀ ਦਿੱਤੀ। ਹੁਸਨ ਲੜੋਆ ਬੰਗ ਲਿਖਤੀ ਤੌਰ ਉੱਤੇ ਦੱਤੀ ਜਾਣਕਾਰੀ ਅਨੁਸਾਰ ਜਥੇਬੰਦੀ ਵਲੋਂ ਭਾਰਤ ਤੋਂ ਆਏ ਨਵੇਂ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਨੌਕਰੀ ਲਗਵਾਉਣ ਤੱਕ ਜਾਣਕਾਰੀ ਅਤੇ ਹੋਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀ ਕਮੇਟੀ ਵਿਚ ਭਾਈਵਾਲ ਜਥੇਬੰਦੀ ਵਲੋਂ ਹਰ ਸਾਲ ਸਮਾਜਕ ਅਤੇ ਭਾਈਚਾਰਕ ਸਾਂਝ ਬਰਕਰਾਰ ਰੱਖਣ ਲਈ ਧਾਰਮਿਕ ਅਤੇ ਸਭਿਆਚਾਰਕ ਪ੍ਰੋਗਰਾਮ ਕੀਤੇ ਜਾਂਦੇ ਹਨ। ਇਸ ਡਿਨਰ ਵਿਚ ਮੁੱਖ ਸਪਾਂਸਰ ਅਤੇ ਉਘੇ ਸਮਾਜ ਸੇਵਕ ਇੰਦਰਜੀਤ ਸਿੰਘ ਥਿੰਦ ਤੋਂ ਇਲਾਵਾ ਹਰਪ੍ਰਕਾਸ਼ ਸਿੰਘ ਢਿੱਲੋਂ, ਟੋਨੀ ਗਰੇਵਾਲ, ਰਾਜਿੰਦਰ ਸਿੰਘ ਟਾਂਡਾ, ਡਾ. ਚਰਨਜੀਤ ਸਿੰਘ ਪੰਨੂ, ਰੂਪੀ ਅਟਵਾਲ, ਮੇਹਰ ਮਾਹਲ, ਹਰਜੀਤ ਸਿੰਘ, ਅਸ਼ੀਸ਼ ਮਲਕ ਅਤੇ ਹੋਰ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਮੇਂ ਪ੍ਰਸਿੱਧ ਕਲਾਕਾਰ ਸੁਖਦੇਵ ਸਾਹਿਲ ਅਤੇ ਲਾਲ ਸਿੰਘ ਭੱਟੀ ਨੇ ਗੀਤ ਸੰਗੀਤ ਨਾਲ ਸਰੋਤਿਆਂ ਦਾ ਮਨੋਰੰਜਨ ਕੀਤਾ।

ਯਾਦ ਰਹੇ ਕਿ ਜੈਨਕੋ ਦੇ ਡਿਨਰ ਕਲਚਰਲ, ਸਮਾਜਿਕ, ਧਾਰਮਿਕ ਅਤੇ ਹੋਰ ਸਰਗਰਮੀਆਂ ਨੂੰ ਸ਼ੁਰੂ ਅਤੇ ਚੱਲਦਾ ਰੱਖਣ ਲਈ ਸਿਟੀ ਆਫ ਸੈਨਹੋਜ਼ੇ ਵਿਚ ਚੀਫ਼ ਦੀ ਸੇਵਾ ਨਿਭਾ ਰਹੇ ਗੁਰਜੰਟ ਸਿੰਘ ਦਾ ਵੱਡਾ ਯੋਗਦਾਨ।

# ਅਮਰੀਕਾ ਤੇ ਭਾਰਤ ਦੀ ਪਾਕਿਸਤਾਨ ਨੂੰ ਚਿਤਾਵਨੀ ਅਤਿਵਾਦੀਆਂ ਨੂੰ ਮਦਦ ਤੇ ਪਨਾਹ ਬੰਦ ਕੀਤੀ ਜਾਵੇ

ਦੋਵਾਂ ਆਗੂਆਂ ਨੇ ਪਾਕਿਸਤਾਨ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਪਾਕਿਸਤਾਨ ਵਿਚਲੇ ਅਤਿਵਾਦੀਆਂ ਵੱਲੋਂ ਭਾਰਤ ਵਿੱਚ ਸਰਹੱਦ ਪਾਰੋਂ ਕੀਤੇ ਮੁੰਬਈ, ਪਠਾਨਕੋਟ ਅਤੇ ਹੋਰ ਹਮਲਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ 'ਤੇਜ਼ੀ ਨਾਲ' ਕਾਰਵਾਈ ਕਰੇ। ਦੋਵਾਂ ਆਗੂਆਂ ਨੇ ਦਹਿਸ਼ਤਗਰਦੀ ਦੇ ਟਾਕਰੇ ਅਤੇ ਅਤਿਵਾਦੀਆਂ ਦੇ ਸੁਰੱਖਿਅਤ ਟਿਕਾਣਿਆਂ ਦੇ ਖ਼ਾਤਮੇ ਦਾ ਵੀ ਅਹਿਦ ਲਿਆ।

ਵਾਈਟ ਹਾਊਸ ਦੇ ਰੋਜ਼ ਗਾਰਡਨ ਵਿੱਚ ਸ੍ਰੀ ਟਰੰਪ ਨਾਲ ਜਾਰੀ ਸਾਂਝੇ ਪ੍ਰੈਸ ਬਿਆਨ ਵਿੱਚ ਸ੍ਰੀ ਮੋਦੀ ਨੇ ਕਿਹਾ, "ਦਹਿਸ਼ਤਗਰਦੀ ਦਾ ਖ਼ਾਤਮਾ ਸਾਡੀਆਂ ਸਭ ਤੋਂ ਸਿਖਰਲੀਆਂ ਤਰਜੀਹਾਂ ਵਿੱਚ ਸ਼ਾਮਲ ਹੈ।" ਦੋਹਾਂ ਆਗੂਆਂ ਦੀ ਮੀਟਿੰਗ ਤੋਂ ਬਾਅਦ ਜਾਰੀ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਦੋਵੇਂ ਧਿਰਾਂ ਪਾਕਿਸਤਾਨ ਨੂੰ ਸੱਦਾ ਦਿੰਦੀਆਂ ਹਨ ਕਿ ਉਹ ਇਹ ਯਕੀਨੀ ਬਣਾਵੇ ਕਿ ਉਸ ਦੀ ਸਰਜ਼ਮੀਨ ਦੂਜੇ ਮੁਲਕਾਂ ਉਤੇ ਅਤਿਵਾਦੀ ਹਮਲਿਆਂ ਲਈ ਇਸਤੇਮਾਲ ਨਾ ਕੀਤੀ ਜਾ ਸਕੇ।' ਗ਼ੌਰਤਲਬ ਹੈ ਕਿ ਮੀਟਿੰਗ ਤੋਂ ਐਨ ਪਹਿਲਾਂ ਅਮਰੀਕੀ ਵਿਦੇਸ਼ ਵਿਭਾਗ ਨੇ ਕਸ਼ਮੀਰੀ ਅਤਿਵਾਦੀ ਗਰੁੱਪ ਹਿਜ਼ਬੁਲ-ਮੁਜਾਹਦੀਨ ਦੇ ਆਗੂ ਸਈਦ ਸਲਾਹੂਦੀਨ ਨੂੰ ਆਲਮੀ ਦਹਿਸ਼ਤਗਰਦ' ਗਰਦਾਨ ਕੇ ਮੀਟਿੰਗ ਦੀ ਸੁਰ ਤੈਅ ਕਰ ਦਿੱਤੀ ਸੀ। ਪ੍ਰਤੀਕਾਤਮਕਤਾ ਨਾਲ ਲਬਰੇਜ਼ ਇਸ ਮੀਟਿੰਗ ਦੌਰਾਨ ਐਚ- 1ਬੀ ਵੀਜ਼ਾ ਸੁਧਾਰ ਤੇ ਵਾਤਾਵਰਨ ਤਬਦੀਲੀ ਵਰਗੇ ਵਿਵਾਦਮਈ ਮੁੱਦੇ ਨਹੀਂ ਉਠਾਏ ਗਏ।

ਆਪਣੇ ਪ੍ਰੈਸ ਬਿਆਨ ਦੌਰਾਨ ਸ੍ਰੀ ਟਰੰਪ ਨੇ ਸ੍ਰੀ ਮੋਦੀ ਨੂੰ ਸੰਬੋਧਨ ਕਰਦਿਆਂ ਕਿਹਾ, "ਮੈਂ ਆਖ ਸਕਦਾ ਹਾਂ ਕਿ ਭਾਰਤ ਅਤੇ ਅਮਰੀਕਾ ਦਰਮਿਆਨ ਰਿਸ਼ਤੇ ਪਹਿਲਾਂ ਕਦੇ ਇੰਨੇ ਮਜ਼ਬੂਤ ਤੇ ਵਧੀਆ ਨਹੀਂ ਰਹੇ। ਮੈਂ ਆਪਣੇ ਮੁਲਕਾਂ ਵਿੱਚ ਰੁਜ਼ਗਾਰ ਸਿਰਜਣਾ, ਆਪਣੇ ਅਰਥਚਾਰਿਆਂ ਦੇ ਵਿਕਾਸ ਅਤੇ ਵਪਾਰਕ ਰਿਸ਼ਤੇ ਕਾਇਮ ਕਰਨ ਲਈ ਤੁਹਾਡੇ ਨਾਲ ਮਿਲ ਕੇ ਕੰਮ ਕਰਨ ਦਾ ਚਾਹਵਾਨ ਹਾਂ। ਭਾਰਤ ਅਤੇ ਅਮਰੀਕਾ ਦਰਮਿਆਨ ਸਲਾਮਤੀ ਭਾਈਵਾਲੀ ਬਹੁਤ ਅਹਿਮ ਹੈ। ਸਾਡੇ ਦੋਵੇਂ ਮੁਲਕ ਦਹਿਸ਼ਤਗਰਦੀ ਦੀ ਬੁਰਾਈ ਦਾ ਸ਼ਿਕਾਰ ਹਨ ਅਤੇ ਅਸੀਂ ਇਨ੍ਹਾਂ ਲਈ ਜ਼ਿੰਮੇਵਾਰ ਦਹਿਸ਼ਤੀ ਜਥੇਬੰਦੀਆਂ ਤੇ ਕੱਟੜਪੰਥੀ ਵਿਚਾਰਧਾਰਾ ਦੇ ਖ਼ਾਤਮੇ ਲਈ ਦ੍ਰਿੜ੍ਹ ਸੰਕਲਪ ਹਾਂ।ੜ ਸਾਡੀਆਂ ਫ਼ੌਜਾਂ ਵੀ ਆਪਸ ਵਿੱਚ ਸਹਿਯੋਗ ਵਧਾ ਰਹੀਆਂ ਹਨ। ਅਗਲੇ ਮਹੀਨੇ ਉਹ ਜਪਾਨੀ ਸਮੁੰਦਰੀ ਫ਼ੌਜ ਨਾਲ ਮਿਲ ਕੇ ਹਿੰਦ ਮਹਾਸਾਗਰ ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ ਸਮੁੰਦਰੀ ਜੰਗੀ ਮਸ਼ਕ ਵਿੱਚ ਹਿੱਸਾ ਲੈਣਗੀਆਂ।"

ਮੋਦੀ ਨੇ ਕਿਹਾ, "ਅਸੀਂ ਆਪਣੇ ਸਾਰੇ ਮੋਹਰੀ ਪ੍ਰੋਗਰਾਮਾਂ ਅਤੇ ਸਕੀਮਾਂ ਵਿੱਚ ਭਾਰਤ ਦੇ ਸਮਾਜਿਕ ਤੇ ਆਰਥਿਕ ਵਿਕਾਸ ਲਈ ਅਮਰੀਕਾ ਨੂੰ ਆਪਣਾ ਮੁਢਲਾ ਭਾਈਵਾਲ ਸਮਝਦੇ ਹਾਂ। ਇਕ ਨਵੇਂ ਭਾਰਤ ਦੀ ਮੇਰੀ ਸੋਚ ਅਤੇ ਰਾਸ਼ਟਰਪਤੀ ਟਰੰਪ ਦੀ 'ਅਮਰੀਕਾ ਨੂੰ ਇਕ ਵਾਰੀ ਫਿਰ ਮਹਾਨ' ਬਣਾਉਣ ਦੀ ਸੋਚ ਦਾ ਸੁਮੇਲ ਯਕੀਨਨ ਸਾਡੇ ਤਾਲਮੇਲ ਨੂੰ ਨਵੇਂ ਆਯਾਮ ਦੇਵੇਗਾ।" ਦੋਵਾਂ ਆਗੂਆਂ ਨੇ ਕੌਮਾਂਤਰੀ ਦਹਿਸ਼ਤਗਰਦੀ ਸਬੰਧੀ ਯੂਐਨ (ਸੰਯੁਕਤ ਰਾਸ਼ਟਰ) ਦੀ ਵਿਆਪਕ ਕਨਵੈਨਸ਼ਨ ਦੀ ਵੀ ਹਮਾਇਤ ਕੀਤੀ, ਜਿਸ ਰਾਹੀਂ ਇਸ ਸਬੰਧੀ ਆਲਮੀ ਸਹਿਯੋਗ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਸਕੇਗਾ। ਦੋਵਾਂ ਆਗੂਆਂ ਨੇ ਦਹਿਸ਼ਤਗਰਦੀ ਕਾਰਨ ਅਫ਼ਗਾਨਿਸਤਾਨ ਵਿੱਚ ਜਾਰੀ ਅਸਥਿਰਤਾ ਉਤੇ ਵੀ ਚਿੰਤਾ ਜ਼ਾਹਰ ਕੀਤੀ।

## ਪਲੇਠੀ ਮਿਲਣੀ 'ਚ ਗੰਭੀਰ ਮਸਲਿਆਂ ਬਾਰੇ ਸਹਿਮਤੀ

**ਰਾਜ ਗੋਗਨਾ ਦੀ ਰਿਪੋਰਟ ਅਨੁਸਾਰ::**

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਮਰੀਕਾ ਫੇਰੀ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਗੱਲਬਾਤ ਦੌਰਾਨ ਵੱਖ ਵੱਖ ਮਸਲਿਆਂ ਉੱਤੇ ਗੰਭੀਰ ਵਿਚਾਰਾਂ ਕੀਤੀਆਂ ਅਹਿਮ ਫੈਸਲੇ ਲਏ ਗੇਇ। ਟਰੰਪ-ਮੋਦੀ ਮਿਲਣੀ ਦਾ ਮਕਸਦ ਅਜਿਹੇ ਫੈਸਲਿਆਂ ਰਾਹੀਇਹ ਪ੍ਰਭਾਵ ਦੇਣਾ ਸੀ ਜਿਸ ਨਾਲ ਦੋਵੇਂ ਮੁਲਕ ਭਵਿੱਖ ਵਿੱਚ ਸੁਪਰ ਸ਼ਕਤੀ ਵਜੋਂ ਸੰਸਾਰ ਸਾਹਮਣੇ ਆਪਣੇ ਆਪ ਨੂੰ ਪ੍ਰਗਟਾ ਸਕਣ। ਦੋਵੇਂ ਆਗੂ ਇਸ ਮਿਸ਼ਨ ਵਿੱਚ ਕੁਝ ਹੱਦ ਤੱਕ ਸਫ਼ਲ ਵੀ ਹੋਏ ਸਮਝੇ ਜਾਂਦੇ ਹਨ। ਭਾਵੇਂ ਅਮਰੀਕਾ ਸੰਸਾਰ ਦਾ ਮੋਹਰੀ ਮੁਲਕ ਹੈ ਪਰ ਭਾਰਤ ਡੈਮੋਕਰੇਸੀ ਦਾ ਪਿਤਾਮਾ ਹੋਣ ਦਾ ਦਾਅਵਾ ਕਰਦਾ ਹੈ ਜਿਸਨੇ ਆਪਣੇ ਮੁਲਕ ਨੂੰ ਵੱਖ-ਵੱਖ ਖੇਤਰਾਂ ਵਿੱਚ ਏਨਾ ਕੁ ਉਭਾਰ ਲਿਆ ਹੈ ਕਿ ਹਰੇਕ ਦੀ ਭਾਰਤ ਤੇ ਨਜ਼ਰ ਟਿਕੀ ਹੋਈ ਹੈ। ਖ਼ਾਸ ਕਰਕੇ ਇਸ ਮਿਲਣੀ ਸਮੇਂ ਜਦੋਂ ਦੋਵੇਂ ਨੇਤਾ ਮਿਲ ਬੈਠੇ।

ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵਲੋਂ ਆਪਣੀ ਪਤਨੀ ਮੈਲਾਨੀਆ ਸਮੇਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਿੱਘਾ ਸਵਾਗਤ ਵਾਈਟ ਹਾਊਸ ਕੀਤਾ ਜਿੱਥੇ ਦੋਵਾਂ ਨੇਤਾਵਾਂ ਨੇ ਇਸਲਾਮਿਕ ਉਗਰਵਾਦ ਨੂੰ ਠੱਲ੍ਹ ਪਾਉਣ ਲਈ ਇਕਜੁਟ ਹੋ ਕੇ ਨਿਪਟਣ ਦਾ ਵਾਅਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਜਿੱਥੇ ਅੱਤਵਾਦ ਵਧੇਗਾ ਉੱਥੇ ਉੱਥੇ ਕਾਰਵਾਈ ਵਿਉਂਤਬੰਦੀ ਢੰਗ ਨਾਲ ਕਰਕੇ ਇਸ ਨੂੰ ਨੱਥ ਪਾਈ ਜਾਵੇਗੀ। ਉਨ੍ਹਾਂ ਨੇ ਦੋਵਾਂ ਮੁਲਕਾਂ ਵਲੋਂ ਨੌਕਰੀਆਂ ਦੇ ਨਿਵੇਸ਼ ਅਤੇ ਵਪਾਰ ਨੂੰ ਬੜ੍ਹਾਵਾ ਦੇਣ ਸਬੰਧੀ ਵੱਖ-ਵੱਖ ਖੇਤਰਾਂ ਵਿੱਚ ਨਿਵੇਸ਼ ਕਰਨ ਸਬੰਧੀ ਡਿਫੈਂਸ, ਡਰੋਨ ਅਤੇ ਕਾਮਰਸ ਸਬੰਧੀ ਵਿਸ਼ੇਸ਼ ਵਿਚਾਰਾਂ ਨੂੰ ਨੇਪਰੇ ਚਾੜ੍ਹਨ ਲਈ ਕੁਝ ਕਾਰਵਾਈ ਕੀਤੀ ਗਈ। ਡਿਜ਼ੀਟਲ ਇੰਡੀਆ ਨੂੰ ਹੋਰ ਮਜ਼ਬੂਤ ਕਰਨ ਲਈ ਅਮਰੀਕਾ ਦਾ ਸਹਿਯੋਗ ਲੈਣ ਅਤੇ ਸਾਈਬਰ ਸਕਿਓਰਿਟੀ ਦਾ ਖੇਤਰ ਵਿਕਸਤ ਕਰਨ ਤੇ ਜ਼ੋਰ ਦਿੱਤਾ ਗਿਆ ਜਿਸ ਵਿੱਚ ਅਮਰੀਕਾ ਦੀ ਮਦਦ ਲੈਣ ਸਬੰਧੀ ਮੋਦੀ ਦੀ ਪਹਿਲ ਕਦਮੀ ਨੂੰ ਟਰੰਪ ਨੇ ਪ੍ਰਵਾਨ ਕੀਤਾ ਹੈ। ਮੋਦੀ ਵਲੋਂ ਮੇਕ ਇੰਡੀਆ, ਵਿਕਸਤ ਇੰਡੀਆ ਦੇ ਮਨੋਰਥ ਨੂੰ ਅਮਰੀਕਾ ਪੈਟਰਨ ਤੇ ਜੋੜਨ ਤੇ ਮਜ਼ਬੂਤ ਕਰਨ ਨੂੰ ਅੱਗੇ ਤੋਰਿਆ ਗਿਆ। ਸਮਾਜਿਕ ਰਿਸ਼ਤਿਆਂ ਪ੍ਰਤੀ ਮੋਦੀ ਨੇ ਟਰੰਪ ਨੀਤੀ ਨੂੰ ਭਾਰਤ ਵਾਂਗ ਸੱਚੇ ਸੁੱਚੇ ਨਿਸਚੈ ਨਾਲ ਵਿਚਰਨ ਨੂੰ ਪਹਿਲ ਕਦਮੀ ਕੀਤੀ ਹੈ। ਜਿੱਥੇ ਦੋਹਾਂ ਨੇ ਮਜ਼ਬੂਤ ਅਤੇ ਸੱਚੀ ਦੋਸਤੀ ਦਾ ਪ੍ਰਗਟਾਵਾ ਕੀਤਾ।

ਪ੍ਰਮਾਣੂ ਰਿਐਕਟਰ ਦੇ ਸਮਝੌਤੇ ਦੀ ਕੋਸ਼ਿਸ਼ ਨੂੰ ਜਾਰੀ ਰੱਖਿਆ ਗਿਆ। ਭਾਵੇਂ ਪਲੇਠੀ ਮੀਟਿੰਗ ਵਿੱਚ ਕੋਈ ਸੰਧੀ ਲਿਖਤੀ ਨਹੀਂ ਕੀਤੀ, ਪਰ ਅਹਿਮ ਮੁੱਦਿਆਂ ਨੂੰ ਅੰਤਮ ਰੂਪ ਦੇਣ ਲਈ ਦੋਹਾਂ ਨੇਤਾਵਾਂ ਨੇ ਸਹਿਮਤੀ ਪ੍ਰਗਟਾਈ ਹੈ। ਮੋਦੀ ਵਲੋਂ ਟਰੰਪ ਪਰਿਵਾਰ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ, ਜਿਸ ਲਈ ਟਰੰਪ ਦੀ ਬੇਟੀ ਇਵਾਕਾ ਨੇ ਪਹਿਲਾਂ ਆਉਣ ਦੀ ਸਹਿਮਤੀ ਪ੍ਰਗਟਾਈ ਪਰ ਟਰੰਪ ਤੇ ਮੈਲਾਨੀਆ ਵਲੋਂ ਭਾਰਤ ਵਿੱਚ ਸਾਰਕ ਸੰਮੇਲਨ ਸਮੇਂ ਅਮਰੀਕਾ ਦੇ ਵਫਦ ਦੀ ਅਗਵਾਈ ਕਰਨ ਦਾ ਐਲਾਨ ਕੀਤਾ।

## ਟਰੰਪ-ਮੋਦੀ ਮਿਲਣੀ ਮੌਕੇ ਵਾਈਟ ਹਾਊਸ ਦੇ ਬਾਹਰ ਪੰਥਕ ਜੱਥੇਬੰਦੀਆਂ ਅਤੇ ਕਸ਼ਮੀਰੀਆਂ ਵਲੋਂ ਰੋਸ ਮੁਜ਼ਾਹਰਾ

ਕਮੇਟੀਆਂ ਵੱਲੋਂ ਵਾਈਟ ਹਾਊਸ ਦੇ ਬਾਹਰ "ਮੋਦੀ ਗੋ ਬੈਕ", "ਨਾਜੀ ਮੋਦੀ ਹਿਟਲਰ ਮੋਦੀ", "ਆਰ.ਐਸ. ਐਸ ਮੁਰਦਾਬਾਦ", "ਖਾਲਿਸਤਾਨ ਜਿੰਦਾਬਾਦ" , "ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਜਿੰਦਾਬਾਦ" ਅਤੇ "ਸ.ਸਿਮਰਨਜੀਤ ਸਿੰਘ ਮਾਨ ਜਿੰਦਾਬਾਦ" ਦੀ ਲਗਾਤਾਰ ਜੋਰਦਾਰ ਨਾਅਰੇਬਾਜੀ ਕੀਤੀ ਗਈ ।

ਸਿੱਖ ਸਿਆਸਤ ਬਿਊਰੋ ਦੀ ਰਿਪੋਰਟ ਅਨੁਸਾਰ ਅਮਰੀਕਾ ਵਸਦੇ ਸਿੱਖਾਂ ਅਤੇ ਕਸ਼ਮੀਰੀਆਂ ਨੇ ਸਾਂਝੇ ਤੌਰ 'ਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵ੍ਹਾਈਟ ਹਾਊਸ ਪੁੱਜਣ 'ਤੇ ਭਾਰਤ ਵਿਰੋਧੀ ਨਾਅਰੇ ਅਤੇ ਕਾਲੇ ਝੰਡਿਆਂ ਨਾਲ ਵਿਰੋਧ ਕੀਤਾ। ਵ੍ਹਾਈਟ ਹਾਊਣ 'ਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਨਰਿੰਦਰ ਮੋਦੀ ਦੀ ਮੀਟਿੰਗ ਹੋਣੀ ਸੀ। ਸਿੱਖ ਆਗੂ ਜਤਿੰਦਰ ਸਿੰਘ ਗਰੇਵਾਲ ਨੇ ਇਸ ਮੌਕੇ ਅਮਰੀਕਾ ਦੇ ਸਥਾਨਕ ਮੀਡੀਆ ਨਾਲ ਗੱਲ ਕਰਦੇ ਹੋਏ ਕਿਹਾ, "ਅਸੀਂ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੇ ਘਾਣ ਦੇ ਮਾਮਲੇ 'ਚ ਦੁਨੀਆ ਨੂੰ ਦੱਸਣ ਲਈ ਅੱਜ ਇਥੇ ਆਏ ਹਾਂ।" ਪਿਛਲੇ ਕੁਝ ਸਾਲਾਂ ਦੇ ਮੋਦੀ ਦੇ ਸ਼ਾਸਨ ਦੌਰਾਨ ਸਿੱਖਾਂ, ਇਸਾਈਆਂ ਅਤੇ ਹੋਰ ਘੱਟਗਿਣਤੀਆਂ ਦੇ ਹਾਲਾਤ ਬਹੁਤ ਖਰਾਬ ਹੋ ਗਏ ਹਨ।

ਖ਼ਬਰਾਂ ਦੀ ਇਕ ਪ੍ਰਮੁੱਖ ਵੈਬਸਾਈਟ 'ਤੇ ਇਕ ਰਿਪੋਰਟ ਛਪੀ ਹੈ ਜਿਸ 'ਚ ਦੱਸਿਆ ਗਿਆ ਕਿ, "ਜਦੋਂ ਮੋਦੀ 2014 'ਚ ਸੱਤਾ 'ਚ ਆਇਆ ਤਾਂ ਉਸਨੇ ਵਾਅਦਾ ਕੀਤਾ ਕਿ ਉਹ ਧਰਮ ਦੀ ਆਜ਼ਾਦੀ ਦੇਣਗੇ। ਪਰ ਉਸਨੇ ਝੂਠ ਕਿਹਾ। ਵ੍ਹਾਈਟ ਹਾਊਸ ਦੇ ਬਾਹਰ ਪ੍ਰਦਰਸ਼ਨ ਕਰਨ ਵਾਲਿਆਂ 'ਚ ਸ਼ਾਮਲ ਪਾਦਰੀ ਰੌਬ ਰੋਟੋਲਾ ਨੇ ਕਿਹਾ ਕਿ ਮੋਦੀ ਸਿਰਫ ਉਨ੍ਹਾਂ ਲੋਕਾਂ ਦੀ ਅਗਵਾਈ ਕਰਦੇ ਹਨ ਜਿਹੜੇ ਹਿੰਦੂਤਵ ਦੀ ਅਤੇ ਹਿੰਸਾ ਦੀ ਗੱਲ ਕਰਦੇ ਹਨ। ਮੋਦੀ ਦੇ ਕਾਰਜ ਕਾਲ ਦੌਰਾਨ ਅਜਿਹੇ ਹਿੰਦੂਵਾਦੀ ਲੋਕਾਂ ਦੀ ਵਧਾਵਾ ਦਿੱਤਾ ਗਿਆ ਹੈ ਅਤੇ ਸੂਬਾ ਸਰਕਾਰਾਂ ਅਤੇ ਕੇਂਦਰ ਸਰਕਾਰ ਅਜਿਹਾ ਕਰਨ ਵਾਲਿਆਂ ਦਾ ਸਾਥ ਦੇ ਰਹੀ ਹੈ।"

ਸੀਬੀਐਸ ਨਿਊਜ਼ (323 ©✚↰↔) ਨੇ ਰਿਪੋਰਟ ਕੀਤੀ ਕਿ ਮੋਦੀ ਵਿਰੁਧ ਰੋਸ ਪ੍ਰਗਟਾਇਵੇ ਮੌਕੇ ਭਾਰਤੀ ਉਪਮਹਾਂਦੀਪ ਦੇ ਇਕ ਮਿਸ਼ਨਰੀ ਬਿਸ਼ਪ ਜੌਨ ਲੁਟੇਮਬੀਕ ਨੇ ਕਿਹਾ, "ਮੈਂ ਭਾਰਤੀ ਚਰਚ ਦੀ ਗੱਲ ਕਰਨ ਆਇਆ ਹਾਂ, ਇਸਾਈਆਂ ਨੂੰ ਕਤਲ ਕਰ ਦਿੱਤਾ ਗਿਆ, ਔਰਤਾਂ ਦਾ ਬਲਾਤਕਾਰ ਕੀਤਾ ਗਿਆ, ਹਿੰਦੂਵਾਦੀ ਤੱਤ ਭਾਰਤੀ ਉਪ ਮਹਾਂਦੀਪ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੇ ਹਨ। ਇਨ੍ਹਾਂ ਗੱਲਾਂ ਨੇ ਹੀ ਸਾਨੂੰ ਇਥੇ ਵਿਰੋਧ ਕਰਨ ਲਈ ਮਜਬੂਰ ਕੀਤਾ ਹੈ। ਅਸੀਂ ਇੱਥੇ ਇਸ ਲਈ ਆਏ ਹਾਂ ਕਿ ਦੁਨੀਆ ਨੂੰ ਪਤਾ ਚੱਲ ਸਕੇ ਕਿ ਰਾਸ਼ਟਰਪਤੀ ਟਰੰਪ ਨੂੰ ਮੋਦੀ ਨਾਲ ਗੱਲ ਕਰਨ ਤੋਂ ਪਹਿਲਾਂ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।"

ਵ੍ਹਾਈਟ ਹਾਊਸ ਦੇ ਅੰਦਰਲੇ ਸੂਤਰਾਂ ਮੁਤਾਬਕ ਰਾਸ਼ਟਰਪਤੀ ਟਰੰਪ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਮੁੱਦਿਆਂ ਵਰਗੇ ਨਾਜ਼ੁਕ ਮਸਲਿਆਂ 'ਤੇ ਦੁਨੀਆ ਦੇ ਆਗੂਆਂ ਨਾਲ ਨਿਜੀ ਰੂਪ 'ਚ ਗੱਲ ਕਰਦੇ ਹਨ। ਪਰ ਹਾਲੇ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਮੋਦੀ ਨਾਲ ਮੁਲਾਕਾਤ ਸਮੇਂ ਟਰੰਪ ਨੇ ਇਸ ਵਿਸ਼ੇ 'ਤੇ ਗੱਲ ਕੀਤੀ ਜਾਂ ਨਹੀਂ।

ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵ੍ਹਾਈਟ ਹਾਊਸ ਦੇ ਦੱਖਣੀ ਹਿੱਸੇ 'ਚ ਪਹੁੰਚਿਆ ਸੀ, ਜਦਕਿ ਪ੍ਰਦਰਸ਼ਨਕਾਰੀ ਉੱਤਰ ਵੱਲ ਸਨ, ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਮੋਦੀ ਨੇ ਇਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਦੇਖਿਆ ਕਿ ਨਹੀਂ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਥ ਵਿੰਗ ਅਮਰੀਕਾ ਅਮਰੀਕਾ ਦੇ ਪ੍ਰਧਾਨ ਅਮਨਦੀਪ ਸਿੰਘ ਨੇ ਦਸਿਆ ਕਿ ਇਸਦੇ ਨਾਲ ਹੀ ਅਮਰੀਕਨ ਮੀਡੀਆ ਅਤੇ ਅਮਰੀਕੀ ਨਾਗਰਿਕਾਂ ਅੱਗੇ ਭਾਰਤ ਅਤੇ ਨਰਿੰਦਰ ਮੋਦੀ ਦਾ ਹੈਵਾਨੀਅਤ ਭਰਿਆ ਚੇਹਰਾ ਬੇਨਕਾਬ ਕਰਦਿਆਂ ਦੱਸਿਆ ਗਿਆ ਕਿ ਭਾਰਤ ਜੋ ਲੋਕਤੰਤਰ ਦਾ ਸਭ ਤੋਂ ਵੱਡਾ ਮੁੱਦਈ ਹੋਣ ਦਾ ਦਾਅਵਾ ਕਰਦਾ ਹੈ ਅਸਲ ਵਿੱਚ ਉਸ ਦੇਸ਼ ਵਿੱਚ ਲੋਕਤੰਤਰ ਦਾ ਕੋਈ ਨਾਮ ਨਿਸ਼ਾਨ ਨਹੀਂ ਹੈ ।ਭਾਰਤ ਵਿੱਚ ਇੱਕ ਫਿਰਕਾ ਬ੍ਰਾਹਮਣ ਬਣੀਆਂ ਜੋ ਵਸੋਂ ਅਨੁਸਾਰ 15× ਹੈ ਭਾਰਤ ਵਿੱਚ ਅਤੇ ਮੂਲ ਰੂਪ ਵਿੱਚ ਵਿਦੇਸ਼ੀ ਪਰਸ਼ੀਅਨ ਲੋਕ ਹਨ ਇਨਾਂ ਨੇ ਭਾਰਤ ਦੇ ਮੂਲ ਲੋਕ ਜੋ ਵਸੋਂ ਅਨੁਸਾਰ 85× ਹਨ ਦਲਿਤ, ਮੁਸਲਮਾਨ, ਸਿੱਖ, ਇਸਾਈ, ਬੋਧੀ, ਨਾਗੇ, ਗੋਰਖੇ, ਮਿਜੋਰਮ, ਸਊਥ ਇੰਡੀਅਨ, ਕਸ਼ਮੀਰੀ ਇਨਾਂ ਸਭ ਨੂੰ ਗੁਲਾਮ ਬਣਾ ਕੇ ਰੱਖਿਆ ਹੋਇਆ ਹੈ । ਸੰਸਦ, ਜੁਡੀਅਸ਼ਰੀ, ਪੁਲਿਸ, ਪ੍ਰਸ਼ਾਸ਼ਨ, ਫੌਜ ਸਭ ਉੱਤੇ ਬ੍ਰਾਹਮਣੀ ਲੋਕਾਂ ਦਾ ਕਬਜਾ ਹੈ ਹੁਣ ਇਨਾਂ ਦਾ ਚੇਹਰਾ ਸਾਰੀ ਦੁਨੀਆਂ ਅੱਗੇ ਬੇਨਕਾਬ ਕੀਤਾ ਜਾ ਰਿਹਾ ਹੈ । ਭਾਰਤ ਦੀਆਂ ਪੰਜ ਰਾਸ਼ਟਰੀ ਰਾਜਨੀਤਕ ਪਾਰਟੀਆਂ ਜੋ ਸਰਕਾਰ ਬਣਾਉਂਦੀਆਂ ਹਨ ਉਨਾਂ ਨੂੰ ਬਣਾਉਣ ਵਾਲੇ ਅਤੇ ਚਲਾਉਣ ਵਾਲੇ ਸਭ ਬ੍ਰਾਹਮਣ ਹਨ । ਇਸੇ ਲਈ ਸਰਕਾਰ ਹਮੇਸ਼ਾ ਇਨਾਂ ਦੀ ਬਣਦੀ ਹੈ ਅਤੇ ਇਹ ਲੋਕ ਰੱਜ ਕੇ ਜੁਲਮ ਕਰਦੇ ਅਤੇ ਜਾਲਮਾਂ ਦੀ ਪੁਸ਼ਤਪਨਾਹੀ ਕਰਦੇ ਹਨ । ਹੁਣ ਗੋਆ ਵਿੱਚ 150 ਹਿੰਦੂ ਜੱਥੇਬੰਦੀਆਂ ਨੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਐਲਾਨ ਕਰ ਦਿੱਤਾ ਹੈ ।

ਇਸ ਲਈ ਇਹ ਜਰੂਰੀ ਹੈ ਕਿ ਅਮਰੀਕਾ ਵੱਲੋਂ ਭਾਰਤ ਤੇ ਪਾਬੰਦੀ ਲਾ ਦਿੱਤੀ ਜਾਵੇ । ਸਾਰੇ ਰਾਜਨੀਤਕ,ਸਮਾਜਿਕ, ਆਰਥਿਕ ਅਤੇ ਵਪਾਰਕ ਰਿਸ਼ਤੇ ਭਾਰਤ ਨਾਲੋਂ ਖਤਮ ਕਰ ਦਿੱਤੇ ਜਾਣ । ਇਬਰਾਹਿਮ ਦੇ ਪਵਿੱਤਰ ਮੁਲਕ ਅਮਰੀਕਾ ਨੂੰ ਟਰੰਪ ਜਾਲਮਾਂ ਦੀ ਪੁਸ਼ਤਪਨਾਹੀ ਕਰਕੇ ਗ੍ਰਹਿਣ ਨ ਲਗਾਵੇ। ਬੁਲਾਰਿਆਂ ਨੇ ਸਵਾਲ ਕੀਤਾ ਕਿ ਸਗੋਂ ਅਮਰੀਕਾ ਨੇ ਖੁਦ ਪਹਿਲਾਂ ਜਿਸ ਮੋਦੀ ਦੇ ਅਮਰੀਕਾ ਦਾਖਲੇ ਤੇ ਪਾਬੰਦੀ ਲਾਈ ਸੀ ਹੁਣ ਪ੍ਰਧਾਨ ਮੰਤਰੀ ਬਣਕੇ ਮੋਦੀ ਪਵਿੱਤਰ ਕਿਵੇਂ ਹੋ ਗਿਆ । ਸੰਨ 2002 ਵਿੱਚ ਬੇਦੋਸ਼ੇ ਮੁਸਲਮਾਨਾਂ ਦੇ ਕੀਤੇ ਕਤਲਾਂ ਨੂੰ ਕਿਸਨੇ ਬਰੀ ਕਰ ਦਿੱਤਾ ਹੈ, ਤੇ 60,000 ਸਿੱਖਾਂ ਨੂੰ ਜੋ ਕਿਸਾਨੀ ਕਰਦੇ ਸਨ ਨੂੰ ਜਮੀਨਾਂ ਖੋਹ ਕੇ ਗੁਜਰਾਤ ਤੋਂ ਸਿੱਖਾਂ ਨੂੰ ਉਜਾੜ ਦਿੱਤਾ।। ਮੋਦੀ ਦੀਆਂ ਇਨਾਂ ਸਾਰੀਆਂ ਕਾਰਵਾਈਆਂ ਤੋਂ ਅਮਰੀਕਾ ਵਾਕਫ ਹੈ ਪਰ ਅਮਰੀਕਨ ਰਾਸ਼ਟਰਪਤੀ ਵੱਲੋਂ ਆਪਣੇ ਆਰਥਿਕ ਲਾਭ ਖਾਤਰ ਅਮਰੀਕਾ ਦੇ ਇਤਿਹਾਸ ਨੂੰ ਦਾਗਦਾਰ ਨਹੀ ਕਰਨਾ ਚਾਹੀਦਾ ।

ਇਸ ਸਾਰੇ ਵਿਖਾਵੇ ਨੂੰ ਪ੍ਰਧਾਨ ਸੁਰਜੀਤ ਸਿੰਘ ਖਾਲਸਾ, ਕਨਵੀਨਰ ਅੰਤਰਾਸ਼ਟਰੀ ਕੋਅਰਡੀਨੇਸ਼ਨ ਕਮੇਟੀ ਬੂਟਾ ਸਿੰਘ ਖੜੌਦ, ਸ.ਸਰਬਜੀਤ ਸਿੰਘ ਸਪੋਕਸਮੈਨ ਮੀਡੀਆ ਐਡਵਾਇਜਰ, ਜੋਗਾ ਸਿੰਘ ਪ੍ਰਧਾਨ ਨਿਊਜਰਸੀ, ਪਾਰਟੀ ਦੇ ਟਰਾਈ ਸਟੇਟ ਦੇ ਆਹੁਦੇਦਾਰ ਅਤੇ ਸ. ਅਮਰਜੀਤ ਸਿੰਘ ਜਨਰਲ ਸਕੱਤਰ ਯੂਥ ਵਿੰਗ ਤੇ ਯੂਥ ਵਿੰਗ ਦੇ ਜੋਸ਼ੀਲੇ ਨੌਜਵਾਨਾਂ, ਜਿਨਾਂ ਨੇ ਇਸ ਰੋਸ ਮੁਜਾਹਰੇ ਨੂੰ ਖਾਲਸਿਤਾਨੀ ਜਿੰਦਾਬਾਦ ਦੇ ਜਾਹੋ ਜਲਾਲ ਵਿੱਚ ਬਦਲ ਦਿੱਤਾ ਨੇ ਸ਼ਮੂਲੀਅਤ ਕੀਤੀ । ਸੰਗਤਾਂ ਉਚੇਚੇ ਤੌਰ ਤੇ ਨਿਊਯਾਰਕ, ਨਿਊਜਰਸੀ, ਪੈਨਿਸਲਵੇਨੀਆਂ, ਵਰਜੀਨੀਆ, ਫਿਲਾਡੈਲਫੀਆ, ਮੈਰੀਲੈਂਡ, ਕਨੈਕਟੀਕਟ ਅਤੇ ਟਰਾਈ ਸਟੇਟ ਦੇ ਵੱਖ ਵੱਖ ਹਿੱਸਿਆਂ ਤੋਂ ਪਹੁੰਚੀਆਂ, ਵਿਸ਼ੇਸ਼ ਤੌਰ ਤੇ ਟਰਾਈ ਸਟੇਟ ਦੇ ਗੁਰਦੁਆਰਿਆਂ ਤੋਂ ਫ੍ਰੀ ਬੱਸਾਂ ਦਾ ਇੰਤਜਾਮ ਕੀਤਾ ਗਿਆ । ਇਸ ਰੋਸ ਵਿਖਾਵੇ ਵਿੱਚ ਸ਼ਾਮਿਲ ਸੰਗਤਾਂ ਲਈ ਲੰਗਰ ਦਾ ਪ੍ਰਬੰਧ ਵਰਜੀਨੀਆ ਗੁਰੂਦੁਆਰਾ ਸਾਹਿਬ ਵੱਲੋਂ ਕੀਤਾ ਗਿਆ। ਪਾਰਟੀ ਦੇ ਪ੍ਰਧਾਨ ਰੇਸ਼ਮ ਸਿੰਘ ਵਰਜੀਨੀਆ ਨੇ ਇਸ ਰੋਸ ਮੁਜਾਹਰੇ ਦੀ ਸਫਲਤਾ ਲਈ ਦਿਨ ਰਾਤ ਇੱਕ ਕੀਤਾ ।

## ਵਿਦੇਸ਼ਾਂ ਵਿੱਚ ਖਾਲਿਸਤਾਨ ਦੀ ਆਵਾਜ਼ ਬੁਲੰਦ ਕਰਨ ਵਾਲੇ ਡਾ. ਗੁਰਮੀਤ ਸਿੰਘ ਔਲਖ ਨਹੀਂ ਰਹੇ

ਉੱਚ ਪੜ੍ਹਾਈ ਕੀਤੀ।ਉਹ ਪੰਜਾਬ ਦੇ ਖੇਤੀਬਾੜੀ ਵਿਭਾਗ ਵਿੱਚ ਇੰਸਪੈਕਟਰ ਸਨ ਅਤੇ 1965 ਵਿੱਚ ਇੰਗਲੈਂਡ ਚਲੇ ਗਏ। ਉੱਥੋਂ ਉਹ 1969 ਵਿੱਚ ਅਮਰੀਕਾ ਆਏ ਤੇ ਬੋਸਟਨ ਯੂਨੀਵਰਸਿਟੀ ਤੋਂ ਜੈਨੇਟਿਕਸ ਦੇ ਵਿਸ਼ੇ 'ਚ ਪੀ.ਐੱਚਡੀ. ਕੀਤੀ।

ਨਵੰਬਰ 2000 ਵਿੱਚ ਉਹ ਖਾਲਿਸਤਾਨ ਦੇ ਨੁਮਾਇੰਦੇ ਵਜੋਂ ਸਿਸੱਖ ਮਸਲਿਆਂ ਸਬੰਧੀ ਗੱਲਬਾਤ ਕਰਨ ਲਈ ਪਾਕਿਸਤਾਨ ਦੇ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ਼ ਨੂੰ ਮਿਲਣ ਲਈ ਸਿੱਖਾਂ ਦਾ ਉਚ ਪੱਧਰੀ 12 ਮੈਂਬਰੀ ਵਫ਼ਦ ਲੈ ਕੇ ਇਸਲਾਮਾਬਾਦ ਗਏ। ਸਿੱਖ ਖਾੜਕੂ ਸੰਘਰਸ਼ ਦੀ ਬਹੁ ਚਰਚਿਤ ਪੰਜ ਮੈਂਬਰੀ ਪੰਥਕ ਕਮੇਟੀ ਦੇ ਉਹ ਪਹਿਲੀ ਅਕਤੂਬਰ 1987 ਨੂੰ ਮੈਂਬਰ ਨਾਮਜ਼ਦ ਕੀਤੇ ਗਏ। ਉਹ ਭਾਰਤੀ ਗ੍ਰਹਿ ਮੰਤਰਾਲੇ ਵਲੋਂ ਬਣਾਈ ਸਿੱਖਾਂ ਦੀ ਕਾਲੀ ਸੂਚੀ ਵਾਲੇ ਸਿੱਖ ਆਗੂਆਂ 'ਚੋਂ ਸਨ। ਸੰਨ 1984 ਤੋਂ ਬਾਅਦ ਉਹ ਕਦੇ ਵੀ ਪੰਜਾਬ ਨਹੀਂ ਗਏ। ਪਿਛਲੇ ਸਾਲ ਉਨ੍ਹਾਂ ਦਾ ਨਾਂਅ ਇਸ ਸੂਚੀ ਵਿਚੋਂ ਕੱਟ ਦਿੱਤਾ ਗਿਆ ਸੀ।

## ਟਰੰਪ ਦੀ ਪਹਿਲੀ ਕਾਨੂੰਨੀ ਜਿੱਤ

ਉਤੇ ਲਾਗੂ ਹੋਵੇਗੀ, ਜਿਨ੍ਹਾਂ ਦਾ ਕੋਈ ਰਿਸ਼ਤੇਦਾਰ ਅਮਰੀਕਾ ਦਾ ਪੱਕਾ ਵਸਨੀਕ ਨਹੀਂ ਹੈ। ਇਹ ਹੁਕਮ ਅਕਤੂਬਰ ਵਿੱਚ ਇਸ ਕੇਸ ਦੀ ਸੁਣਵਾਈ ਤੱਕ ਲਾਗੂ ਰਹਿਣਗੇ। ਇਹ ਫੈਸਲਾ ਰਿਪਬਲਿਕਨ ਡੋਨਲਡ ਟਰੰਪ ਲਈ ਜਿੱਤ ਬਰਾਬਰ ਹੈ, ਜਿਹੜੇ ਆਲੋਚਨਾ ਦੇ ਬਾਵਜੂਦ ਇਸ ਪਾਬੰਦੀ ਨੂੰ ਕੌਮੀ ਸੁਰੱਖਿਆ ਲਈ ਲਾਜ਼ਮੀ ਦੱਸ ਰਹੇ ਹਨ। ਫੈਡਰਲ ਅਪੀਲੀ ਅਦਾਲਤਾਂ ਨੇ ਇਸ ਫੈਸਲੇ ਉਤੇ ਰੋਕ ਲਾ ਦਿੱਤੀ ਸੀ। ਇਨ੍ਹਾਂ ਅਦਾਲਤਾਂ ਨੇ ਦਲੀਲ ਦਿੱਤੀ ਸੀ ਕਿ ਰਾਸ਼ਟਰਪਤੀ ਨੇ ਆਪਣੇ ਅਹੁਦੇ ਦੀ ਉਲੰਘਣਾ ਕੀਤੀ ਹੈ ਅਤੇ ਇਹ ਐਗਜ਼ੀਕਿਊਟਿਵ ਆਦੇਸ਼ ਨਾਗਰਿਕਤਾ ਦੇ ਆਧਾਰ ਉਤੇ ਯਾਤਰੀਆਂ ਨਾਲ ਵਿਤਕਰਾ ਕਰਦੇ ਹਨ।

## ਗੀਤਕਾਰ ਜਸਬੀਰ ਗੁਣਾਚੌਰੀਆ ਦਾ ਸੈਕਰਾਮੈਂਟੋ 'ਚ ਸਨਮਾਨ

ਇਸ ਸਾਲ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਅਤੇ ਆਉਣ ਵਾਲੇ ਖੇਡ ਸਮਾਗਮਾਂ ਲਈ ਭਾਈਚਾਰੇ ਦਾ ਸਹਿਯੋਗ ਮੰਗਿਆ। ਇਸ ਸੰਖੇਪ ਅਤੇ ਪ੍ਰਭਾਸ਼ਾਲੀ ਸਮਾਗਮ ਵਿਚ ਗੀਤਕਾਰ ਜਸਬੀਰ ਗੁਣਾਚੌਰੀਆ ਨੂੰ ਗੋਲਡ ਮੈਡਲ ਅਤੇ ਪੰਜ ਹਜ਼ਾਰ ਅਮਰੀਕੀ ਡਾਲਰ ਨਾਲ ਸਨਮਾਨਿਤ ਕੀਤਾ ਗਿਆ। ਜਸਬੀਰ ਗੁਣਾਚੌਰੀਆ ਦੀ ਕਿਤਾਬ "ਹਸਦੇ ਸ਼ਹੀਦੀਆਂ ਪਾ ਗਏ" ਵੀ ਰਲੀਜ਼ ਕੀਤੀ ਗਈ। ਉਨ੍ਹਾਂ ਆਪਣੇ ਲੰਮੇ ਪੈਂਡੇ ਦਾ ਵਿਸਥਾਰ ਨਾਲ ਜ਼ਿਕਰ ਕੀਤਾ। ਸੁਖਵਿੰਦਰ ਸੰਘੇੜਾ ਨੇ ਸਟੇਜ ਦੀ ਜ਼ਿੰਮੇਵਾਰੀ ਨਿਭਾਈ।

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME®
Premium Bifacial Thin Film Solar


THATH
ਵੱਖਰੇ
BIKKAR
BADSHAH
ENTERTAINMENT
BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9X TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com